ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬਤ ਦਾ ਭਲਾ

ਰਜਿਸਟਰਡ ਪੋਸਟਲ ਰਜਿ: ਨੰ.
Pb/PTA(0274)/2024-26,
ਸਾਲ (Year) 58
ਅੰਕ ਨੰਬਰ (Volume No.) 162
ਫ਼ੋਨ: +91- 92168-07500
E-mail: news@charhdikala.com
www.charhdikala.com

ਚੜ੍ਹਦੀਕਲਾ

DAILY CHARHDIKALA, PATIALA

ਬਾਨੀ : (ਸਵ.) ਗਿ. ਹਰਨਾਮ ਸਿੰਘ ਜੀ | ਮੁੱਖ ਸੰਪਾਦਕ : ਡਾ. ਜਗਜੀਤ ਸਿੰਘ ਦਰਦੀ | ਸੰਪਾਦਕ : ਹਰਪ੍ਰੀਤ ਸਿੰਘ ਦਰਦੀ

ਕੁੱਲ ਪੰਨੇ: 12 (Saturday, 13 June, 2026) ਸ਼ਨੀਵਾਰ, 13 ਜੂਨ, 2026, 30 ਜੇਠ, ਨਾਨਕਸ਼ਾਹੀ ਸੰਮਤ 558, ਬਿਕ੍ਰਮੀ 2083/ PRGI (RNI) Regd. No. 22972/1972/ ਮੁੱਲ: 2 ਰੁਪਏ

ਅਮਰੀਕਾ-ਈਰਾਨ ਦੀ ਜੰਗਬੰਦੀ ਦੇ ਐਲਾਨ ਤੋਂ ਬਾਅਦ ਸ਼ੇਅਰ ਬਾਜ਼ਾਰ 'ਚ ਉਛਾਲ

ਮੁੰਬਈ, 12 ਜੂਨ (ਚ.ਨ.ਸ.):ਬੈਂਚਮਾਰਕ ਸੂਚਕ ਸ਼ੁੱਕਰਵਾਰ ਨੂੰ ਭਾਰੀ ਉਛਾਲ ਨਾਲ ਬੰਦ ਹੋਏ, ਜਿਸ ਵਿੱਚ ਸੈਂਸੈਕਸ 1,695.40 ਅੰਕ ਚੜ੍ਹਿਆ ਅਤੇ ਨਿਫਟੀ ਲਗਭਗ 2 ਫੀਸਦੀ ਵਧਿਆ। ਇਹ ਵਾਧਾ ਵਿਸ਼ਵ ਬਾਜ਼ਾਰਾਂ ਵਿੱਚ ਆਈ ਤੇਜ਼ੀ ਅਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਹ ਐਲਾਨ ਕਰਨ ਤੋਂ ਬਾਅਦ ਕਿ ਉਨ੍ਹਾਂ ਦਾ ਦੇਸ਼ ਈਰਾਨ ਨਾਲ ਜੰਗ ਖਤਮ ਕਰ ਚੁੱਕਾ ਹੈ।30-ਸ਼ੇਅਰਾਂ ਵਾਲਾ ਬੀ.ਐੱਸ.ਈ. ਸੈਂਸੈਕਸ 1,695.40 ਅੰਕ ਜਾਂ 2.30 ਫੀਸਦੀ ਦੇ ਉਛਾਲ ਨਾਲ 75,527.95 'ਤੇ ਬੰਦ ਹੋਇਆ। ਦਿਨ ਦੇ ਦੌਰਾਨ, ਇਹ 1,775.47 (ਬਾਕੀ ਸਫਾ 2 'ਤੇ)

ਅਮਰੀਕਾ ਨੇ ਖ਼ੁਦ ਭਾਰਤ ਨੂੰ ਕਿਹਾ ਸੀ ਕਿ ਉਹ ਰੂਸ ਤੋਂ ਤੇਲ ਖ਼ਰੀਦੇ: ਜੈਸ਼ੰਕਰ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 12 ਜੂਨ:ਭਾਰਤ ਦੇ ਵਿਦੇਸ਼ ਮੰਤਰੀ ਐੱਸ.ਜੈਸ਼ੰਕਰ ਨੇ ਇੱਕ ਬੇਹੱਦ ਅਹਿਮ ਖ਼ੁਲਾਸਾ ਕਰਦਿਆਂ ਦੱਸਿਆ ਹੈ ਕਿ ਸਾਲ 2022 ਵਿੱਚ ਖ਼ੁਦ ਅਮਰੀਕਾ (ਯੂਐੱਸ) ਨੇ ਭਾਰਤ ਨੂੰ ਰੂਸੀ ਤੇਲ ਖ਼ਰੀਦਣ ਲਈ ਵਿਸ਼ੇਸ਼ ਤੌਰ 'ਤੇ ਕਿਹਾ ਸੀ, ਤਾਂ ਜੋ ਕੌਮਾਂਤਰੀ ਪੱਧਰ 'ਤੇ ਊਰਜਾ ਬਜ਼ਾਰ (ਤੇਲ ਦੀਆਂ ਕੀਮਤਾਂ) ਨੂੰ ਸਥਿਰ ਰੱਖਿਆ ਜਾ ਸਕੇ। ਉਨ੍ਹਾਂ ਸਾਫ਼ ਕਿਹਾ ਕਿ ਨਵੀਂ ਦਿੱਲੀ (ਭਾਰਤ) ਦੇ ਤੇਲ ਖ਼ਰੀਦਣ ਦੇ ਫ਼ੈਸਲੇ ਕਿਸੇ ਸਿਆਸੀ ਵਿਚਾਰਧਾਰਾ 'ਤੇ ਨਹੀਂ, ਬਲਕਿ ਤੇਲ ਦੀ ਕੀਮਤ ਅਤੇ ਉਸ ਦੀ ਉਪਲੱਬਧਤਾ 'ਤੇ ਆਧਾਰਿਤ ਹੁੰਦੇ ਹਨ।

ਇੱਕ ਅੰਤਰਰਾਸ਼ਟਰੀ ਪੈਨਲ ਚਰਚਾ ('ਕੁਲਤਾਰਾਂਤਾ ਟਾਕਸ') ਦੌਰਾਨ ਫਿਨਲੈਂਡ ਅਤੇ ਯੂ.ਏ.ਈ. ਦੇ ਵਿਦੇਸ਼ ਮੰਤਰੀਆਂ ਦੀ ਮੌਜੂਦਗੀ ਵਿੱਚ ਬੋਲਦਿਆਂ ਜੈਸ਼ੰਕਰ ਨੇ ਦੱਸਿਆ ਕਿ ਯੂਕਰੇਨ ਯੁੱਧ ਸ਼ੁਰੂ ਹੋਣ ਤੋਂ ਪਹਿਲਾਂ ਭਾਰਤ ਰੂਸ ਤੋਂ ਕੋਈ ਬਹੁਤਾ ਕੱਚਾ ਤੇਲ ਨਹੀਂ ਸੀ ਖ਼ਰੀਦਦਾ। ਉਨ੍ਹਾਂ ਪੱਛਮੀ ਦੇਸ਼ਾਂ 'ਤੇ ਤਨਜ਼ ਕੱਸਦਿਆਂ ਕਿਹਾ, 'ਪਿਛਲੇ ਸਾਲ ਰੂਸੀ ਤੇਲ ਖ਼ਰੀਦਣ ਕਰਕੇ ਸਾਡੇ 'ਤੇ ਪਾਬੰਦੀਆਂ (ਟੈਰਿਫ) ਲਗਾਉਣ ਤੋਂ ਬਾਅਦ, ਅਮਰੀਕਾ ਨੇ ਹੁਣ ਫਿਰ ਉਨ੍ਹਾਂ ਪਾਬੰਦੀਆਂ ਨੂੰ ਹਟਾ ਦਿੱਤਾ ਹੈ। ਇਸ ਲਈ ਕੋਈ ਵੀ ਇਹ ਦਿਖਾਵਾ ਨਾ ਕਰੇ ਕਿ ਇੱਥੇ ਕੋਈ ਬਹੁਤ ਵੱਡੇ ਅਸੂਲਾਂ ਦੀ ਗੱਲ ਹੈ। ਅਸੀਂ ਸਾਰੇ ਸਿਆਣੇ ਹਾਂ ਅਤੇ ਜਾਣਦੇ ਹਾਂ ਕਿ ਅਸਲ ਖੇਡ ਕੀ ਹੈ।' ਯੂਰਪੀ ਦੇਸ਼ਾਂ ਦੀ ਵਜ੍ਹਾ ਕਰਕੇ ਭਾਰਤ ਨੂੰ ਰੂਸ ਵੱਲ ਜਾਣਾ ਪਿਆ ਵਿਦੇਸ਼ ਮੰਤਰੀ ਨੇ ਸਪੱਸ਼ਟ ਕੀਤਾ ਕਿ 2022 ਦੇ ਹਾਲਾਤਾਂ ਨੇ ਭਾਰਤ ਨੂੰ ਰੂਸ ਤੋਂ ਤੇਲ ਲੈਣ ਲਈ ਮਜਬੂਰ ਕੀਤਾ ਸੀ। ਉਨ੍ਹਾਂ ਕਿਹਾ, 'ਮੈਂ ਤੇਲ ਦੀ ਖ਼ਰੀਦ ਕੀਮਤ ਅਤੇ ਉਪਲੱਬਧਤਾ ਦੇ ਹਿਸਾਬ ਨਾਲ ਕਰਦਾ ਹਾਂ। ਉਸ ਸਮੇਂ ਬਜ਼ਾਰ ਵਿੱਚ ਜ਼ਿਆਦਾਤਰ ਰੂਸੀ ਤੇਲ ਹੀ ਉਪਲੱਬਧ ਸੀ, ਕਿਉਂਕਿ ਯੂਰਪੀ ਦੇਸ਼ਾਂ ਨੇ ਮਿਡਲ ਈਸਟ (ਖਾੜੀ ਦੇਸ਼ਾਂ) ਦੇ ਉਸ ਤੇਲ ਨੂੰ ਖ਼ੁਦ ਖ਼ਰੀਦਣਾ ਸ਼ੁਰੂ ਕਰ ਦਿੱਤਾ ਸੀ, ਜੋ ਰਵਾਇਤੀ ਤੌਰ 'ਤੇ ਭਾਰਤ ਦੀ ਮੁੱਖ ਸਪਲਾਈ ਸੀ।' ਉਨ੍ਹਾਂ ਰੂਸ ਨੂੰ ਇੱਕ ਭਰੋਸੇਮੰਦ ਸਪਲਾਇਰ ਦੱਸਦਿਆਂ ਕਿਹਾ ਕਿ ਮਾਸਕੋ (ਰੂਸ) ਨੇ ਹਮੇਸ਼ਾ ਤੇਲ ਦੀ ਨਿਰੰਤਰ ਸਪਲਾਈ ਨੂੰ ਯਕੀਨੀ ਬਣਾਇਆ ਹੈ।

ਯੂਰਪੀ ਦੇਸ਼ਾਂ ਦੀ ਆਲੋਚਨਾ ਦਾ ਦਿੱਤਾ ਕਰਾਰਾ ਜਵਾਬ : ਰੂਸ ਨਾਲ ਤੇਲ ਵਪਾਰ ਨੂੰ ਲੈ ਕੇ ਯੂਰਪ ਵੱਲੋਂ ਕੀਤੀ ਜਾਂਦੀ ਆਲੋਚਨਾ ਦਾ ਜਵਾਬ ਦਿੰਦਿਆਂ ਜੈਸ਼ੰਕਰ ਨੇ ਕਿਹਾ ਕਿ ਭਾਰਤ ਨੇ ਕਦੇ ਵੀ ਯੂਰਪ ਦੀ ਸੁਰੱਖਿਆ ਨੂੰ ਖ਼ਤਰੇ ਵਿੱਚ ਨਹੀਂ ਪਾਇਆ, ਜਦੋਂ ਕਿ ਕੁਝ ਯੂਰਪੀ ਦੇਸ਼ਾਂ ਵੱਲੋਂ ਸਪਲਾਈ ਕੀਤੇ ਗਏ ਹਥਿਆਰ (ਬਾਕੀ ਸਫਾ 2 'ਤੇ)

ਅਮਰਨਾਥ ਯਾਤਰੀਆਂ ਦੀ ਸੁਰੱਖਿਆ ਲਈ ਸਰਕਾਰ ਵਚਨਬੱਧ : ਸ਼ਾਹ

ਨਵੀਂ ਦਿੱਲੀ, 12 ਜੂਨ (ਚ.ਨ.ਸ.): ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ੁੱਕਰਵਾਰ ਨੂੰ ਇੱਥੇ ਇਕ ਬੈਠਕ 'ਚ ਪਵਿੱਤਰ ਅਮਰਨਾਥ ਯਾਤਰਾ ਦੀ ਸੁਰੱਖਿਆ ਤਿਆਰੀਆਂ ਦੀ ਸਮੀਖਿਆ ਕੀਤੀ ਅਤੇ ਕਿਹਾ ਕਿ ਸਰਕਾਰ ਸ਼ਰਧਾਲੂਆਂ ਦੀ ਸੁਰੱਖਿਆ ਨੂੰ ਸਰਵਉੱਚ ਪਹਿਲ ਦਿੰਦੇ ਹੋਏ ਇਸ ਨੂੰ ਸੁਚਾਰੂ ਅਤੇ ਸਹੂਲਤਜਨਕ ਬਣਾਉਣ ਲਈ ਵਚਨਬੱਧ ਹੈ। ਸ਼ਾਹ ਦੀ ਪ੍ਰਧਾਨਗੀ 'ਚ ਹੋਈ ਬੈਠਕ 'ਚ ਰਾਸ਼ਟਰੀ ਸੁਰੱਖਿਆ ਸਲਾਹਕਾਰ ਅਜੀਤ ਡੋਭਾਲ, ਜੰਮੂ ਕਸ਼ਮੀਰ ਦੇ ਉੱਪ ਰਾਜਪਾਲ ਮਨੋਜ ਸਿਨਹਾ, ਫ਼ੌਜ ਮੁਖੀ ਜਨਰਲ ਉਪੇਂਦਰ ਦਿਵੇਦੀ, ਕੇਂਦਰੀ ਰਿਜ਼ਰਵ ਪੁਲਿਸ ਫ਼ੋਰਸ ਦੇ ਡਾਇਰੈਕਟਰ ਜਨਰਲ ਗਿਆਨੇਂਦਰ ਪ੍ਰਤਾਪ ਸਿੰਘ ਅਤੇ ਹੋਰ ਸੀਨੀਅਰ ਅਧਿਕਾਰੀਆਂ ਨੇ ਹਿੱਸਾ ਲਿਆ। ਗ੍ਰਹਿ ਮੰਤਰੀ ਨੇ ਕਿਹਾ ਕਿ ਸਰਕਾਰ ਸ਼੍ਰੀ ਅਮਰਨਾਥ ਯਾਤਰਾ ਦੇ ਸ਼ਰਧਾਲੂਆਂ ਦੀ ਸਰਵਉੱਚ ਸੁਰੱਖਿਆ ਅਤੇ ਸੁਚਾਰੂ ਯਾਤਰਾ ਲਈ ਪੂਰੀ ਤਰ੍ਹਾਂ ਵਚਨਬੱਧ ਹੈ। ਇਸ ਦੇ ਅਧੀਨ ਯਾਤਰਾ ਮਾਰਗ 'ਤੇ ਕੇਂਦਰੀ ਪੁਲਿਸ ਫ਼ੋਰਸਾਂ, ਜੰਮੂ-ਕਸ਼ਮੀਰ ਪੁਲਿਸ ਅਤੇ ਸਾਰੀਆਂ ਸੁਰੱਖਿਆ ਏਜੰਸੀਆਂ ਦੀਆਂ ਤਾਲਮੇਲ ਕੋਸ਼ਿਸ਼ਾਂ ਨਾਲ ਕਈ (ਬਾਕੀ ਸਫਾ 2 'ਤੇ)

ਅਮਰਨਾਥ ਯਾਤਰੀਆਂ ਦੀ ਵਿਜੀਲੈਂਸ ਰਿਸ਼ਵਤ ਕਾਂਡ 'ਚ ਤਿੱਕੜੀ ਨੇ ਖੋਲ੍ਹੇ ਅੰਦਰਲੇ ਰਾਜ

ਅਦਾਲਤ ਨੇ ਮੁਲਜ਼ਮਾਂ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜਿਆ

ਵਿਜੀਲੈਂਸ ਬਿਊਰੋ ਦੇ ਕਈ ਉੱਚ ਅਫ਼ਸਰਾਂ ਦੇ ਸਾਹ ਸੂਤੇ

ਚੜ੍ਹਦੀਕਲਾ ਬਿਊਰੋ

ਚੰਡੀਗੜ੍ਹ, 12 ਜੂਨ :ਵਧੀਕ ਸੈਸ਼ਨ ਜੱਜ (ਡਿਊਟੀ) ਚੰਡੀਗੜ੍ਹ ਨੇ ਅੱਜ 13 ਲੱਖ ਰੁਪਏ ਦੇ ਰਿਸ਼ਵਤ ਕਾਂਡ 'ਚ ਪੁਲਿਸ ਰਿਮਾਂਡ 'ਤੇ ਚੱਲ ਰਹੀ ਮੁਲਜ਼ਮਾਂ ਦੀ ਤਿੱਕੜੀ ਨੂੰ 14 ਦਿਨ ਦੀ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਹੈ। ਸੀ.ਬੀ.ਆਈ. ਨੇ ਰਿਸ਼ਵਤ ਕੇਸ 'ਚ ਫੜੇ ਮੁਲਜ਼ਮ ਰਾਘਵ ਗੋਇਲ, ਅੰਕਿਤ ਵਧਵਾ ਅਤੇ ਵਿਜੀਲੈਂਸ ਮੁਖੀ ਦੇ ਗੰਡਰ ਓ.ਪੀ.ਰਾਣਾ ਨੂੰ ਅੱਜ ਪੁਲਿਸ ਰਿਮਾਂਡ ਖ਼ਤਮ ਹੋਣ ਮਗਰੋਂ ਅਦਾਲਤ 'ਚ ਪੇਸ਼ ਕੀਤਾ। ਸੀ.ਬੀ.ਆਈ. ਨੇ ਦੋ ਅਰਜ਼ੀਆਂ ਦਾਇਰ ਕਰਕੇ ਮੁਲਜ਼ਮਾਂ ਨੂੰ 14 ਦਿਨਾਂ ਦੀ ਨਿਆਂਇਕ ਹਿਰਾਸਤ 'ਚ ਭੇਜਣ ਦੀ ਮੰਗ ਕੀਤੀ ਸੀ।

ਅਦਾਲਤ ਨੇ ਇਹ ਮੰਗ ਸਵੀਕਾਰ ਕਰਦਿਆਂ ਅਗਲੀ ਪੇਸ਼ੀ 26 ਜੂਨ ਪਾ ਦਿੱਤੀ ਹੈ ਅਤੇ ਵੀਡੀਓ ਕਾਨਫਰੰਸਿੰਗ ਜ਼ਰੀਏ ਅਦਾਲਤ 'ਚ ਪੇਸ਼ ਕਰਨ ਦੇ ਨਿਰਦੇਸ਼ ਜਾਰੀ ਕੀਤੇ ਹਨ। ਸੀ.ਬੀ.ਆਈ. ਨੇ 8 ਜੂਨ ਨੂੰ ਨਿਆਂਇਕ ਹਿਰਾਸਤ 'ਚੋਂ ਪ੍ਰੋਡਕਸ਼ਨ ਵਾਰੰਟ 'ਤੇ ਰਾਘਵ ਗੋਇਲ ਅਤੇ ਅੰਕਿਤ ਵਧਵਾ ਨੂੰ ਲਿਆਂਦਾ ਸੀ ਤਾਂ ਜੋ ਵਿਜੀਲੈਂਸ ਮੁਖੀ ਦੇ ਗੰਡਰ ਰਾਣਾ ਨਾਲ ਆਹਮੋ ਸਾਹਮਣੇ ਬਿਠਾ ਕੇ ਪੁੱਛਗਿੱਛ ਹੋ ਸਕੇ। ਅਹਿਮ ਸੂਤਰਾਂ ਅਨੁਸਾਰ ਤਿੱਕੜੀ ਤੋਂ ਆਹਮੋ ਸਾਹਮਣੀ ਪੁੱਛ-ਗਿੱਛ 'ਚ ਸੀ.ਬੀ.ਆਈ. ਦੇ ਹੱਥ ਅੰਦਰਲੇ ਭੇਤ ਲੱਗੇ ਹਨ ਜਿਹੜੇ ਵਿਜੀਲੈਂਸ ਵੱਲ ਕਦਮ ਵਧਾਏ ਜਾਣ ਲਈ ਕਾਫ਼ੀ ਦੱਸੇ ਜਾ ਰਹੇ ਹਨ।

ਚੇਤੇ ਰਹੇ ਕਿ ਸੀ.ਬੀ.ਆਈ. ਨੇ ਇਸ ਵੱਡੇ ਰਿਸ਼ਵਤ ਕਾਂਡ ਦਾ ਪਰਦਾਫਾਸ਼ ਕਰਦਿਆਂ 11 ਮਈ ਨੂੰ ਮਲੋਟ ਦੇ ਪਿਉ-ਪੁੱਤ ਵਿਕਾਸ ਗੋਇਲ ਤੇ ਰਾਘਵ ਗੋਇਲ ਦੇ ਡਰਾਈਵਰ ਅੰਕਿਤ ਵਧਵਾ ਨੂੰ ਚੰਡੀਗੜ੍ਹ ਦੇ ਇੱਕ ਨਾਮੀ ਹੋਟਲ ਵਿੱਚੋਂ 13 ਲੱਖ ਰੁਪਏ ਦੀ ਨਗਦੀ ਅਤੇ ਮੋਬਾਈਲ ਫ਼ੋਨਾਂ ਸਮੇਤ ਰੰਗੇ ਹੱਥੀਂ ਦਬੋਚਿਆ ਸੀ। ਇਸ ਟਰੈਪ ਕੇਸ ਦੀ ਕੜੀ ਜੋੜਦਿਆਂ ਵਿਕਾਸ ਗੋਇਲ ਅਤੇ ਰਾਘਵ ਗੋਇਲ ਨੂੰ ਅੰਬਾਲਾ ਦੇ ਨੇੜਿਓਂ ਗ੍ਰਿਫ਼ਤਾਰ ਕੀਤਾ ਗਿਆ ਸੀ।

ਦੂਜੇ ਪਾਸੇ, ਵਿਜੀਲੈਂਸ ਮੁਖੀ ਦੇ ਗੰਡਰ ਓ.ਪੀ.ਰਾਣਾ ਨੇ ਭਗੌੜਾ ਕਰਾਰ ਦਿੱਤੇ ਜਾਣ ਦੇ ਖ਼ੌਫ਼ ਅਤੇ ਕਾਨੂੰਨੀ ਸ਼ਿਕੰਜਾ ਕੱਸਦਾ ਦੇਖ ਕੇ ਬਾਅਦ ਵਿੱਚ ਖੁਦ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ ਵਿੱਚ ਆਤਮ-ਸਮਰਪਣ ਕਰ ਦਿੱਤਾ ਸੀ।ਲੰਘੇ ਪੰਜ ਦਿਨ ਪੁਲਿਸ ਰਿਮਾਂਡ ਦੌਰਾਨ ਇਸ ਤਿੱਕੜੀ ਵੱਲੋਂ ਅਹਿਮ ਭੇਤ ਉਧੇੜੇ ਵੀ ਹਨ ਅਤੇ ਕਬੂਲ ਵੀ ਕੀਤੇ ਹਨ। (ਬਾਕੀ ਸਫਾ 2 'ਤੇ)

ਬਾਰਡਰ ਰੇਂਜ ਦੇ ਡੀ.ਆਈ.ਜੀ. ਵਿਵੇਕ ਸ਼ੀਲ ਸੋਨੀ ਦਾ ਤਬਾਦਲਾ

ਚੰਡੀਗੜ੍ਹ, 12 ਜੂਨ (ਚ.ਨ.ਸ.): ਪੁਲਿਸ ਪ੍ਰਸ਼ਾਸਨ ਦੇ ਇੱਕ ਅਹਿਮ ਤਬਾਦਲੇ ਵਿੱਚ ਪੰਜਾਬ ਸਰਕਾਰ ਨੇ ਬਾਰਡਰ ਰੇਂਜ ਦੇ ਡੀ.ਆਈ.ਜੀ. ਨੂੰ ਉਨ੍ਹਾਂ ਦੀ ਨਿਯੁਕਤੀ ਦੇ ਸਿਰਫ਼ 11 ਦਿਨਾਂ ਦੇ ਅੰਦਰ ਹੀ ਬਦਲ ਦਿੱਤਾ ਹੈ। ਵਿਵੇਕ ਸ਼ੀਲ ਸੋਨੀ, ਜਿਨ੍ਹਾਂ ਨੂੰ ਹਾਲ ਹੀ ਵਿੱਚ ਲਾਰੈਂਸ ਬਿਸ਼ਨੋਈ ਵਿਵਾਦ ਵਿੱਚ ਕਲੀਨ ਚਿੱਟ ਦਿੱਤੀ ਗਈ ਸੀ ਅਤੇ 1 ਜੂਨ ਨੂੰ ਡੀ.ਆਈ.ਜੀ. ਬਾਰਡਰ ਰੇਂਜ ਵਜੋਂ ਤਾਇਨਾਤ ਕੀਤਾ ਗਿਆ ਸੀ, ਨੂੰ ਬਿਨਾਂ ਕੋਈ ਹੋਰ ਤਾਇਨਾਤੀ ਦਿੱਤੇ ਬਦਲ ਦਿੱਤਾ ਗਿਆ ਹੈ।ਹਰਮਨਬੀਰ ਸਿੰਘ ਗਿੱਲ, ਜੋ ਇਸ ਸਮੇਂ ਡੀ.ਆਈ.ਜੀ., ਪੰਜਾਬ ਆਰਮਡ ਪੁਲਿਸ (ਪੀ.ਏ.ਪੀ.), ਜਲੰਧਰ ਵਜੋਂ ਤਾਇਨਾਤ ਹਨ, ਨੂੰ ਨਵਾਂ (ਬਾਕੀ ਸਫਾ 2 'ਤੇ)

'ਕਾਕਰੋਚ ਜਨਤਾ ਪਾਰਟੀ' ਵੱਲੋਂ ਅੰਮ੍ਰਿਤਸਰ ਦੇ ਗੋਲਡਨ ਗੇਟ ਵਿਖੇ ਪ੍ਰਦਰਸ਼ਨ ਅੱਜ

ਨਵੀਂ ਦਿੱਲੀ, 12 ਜੂਨ (ਚ.ਨ.ਸ.): ਦਿੱਲੀ ਦੇ ਜੰਤਰ-ਮੰਤਰ ਅਤੇ ਪੁਣੇ ਸਮੇਤ ਕਈ ਹੋਰ ਸ਼ਹਿਰਾਂ ਵਿੱਚ ਜ਼ੋਰਦਾਰ ਪ੍ਰਦਰਸ਼ਨ ਕਰਨ ਤੋਂ ਬਾਅਦ, ਦੇਸ਼ ਭਰ ਵਿੱਚ ਚਰਚਾ ਦਾ ਵਿਸ਼ਾ ਬਣੀ 'ਕਾਕਰੋਚ ਜਨਤਾ ਪਾਰਟੀ' (ਸੀਜੇਪੀ) ਹੁਣ ਪੰਜਾਬ ਵਿੱਚ ਦਸਤਕ ਦੇਣ ਜਾ ਰਹੀ ਹੈ। ਪਾਰਟੀ ਦੇ ਸੰਸਥਾਪਕ ਅਤੇ ਨੌਜਵਾਨ ਕਾਰਕੁੰਨ ਅਭਿਜੀਤ ਦਿਪਕੇ ਨੇ ਐਲਾਨ ਕੀਤਾ ਹੈ ਕਿ ਉਨ੍ਹਾਂ ਦਾ ਅਗਲਾ ਵੱਡਾ ਵਿਰੋਧ ਪ੍ਰਦਰਸ਼ਨ 13 ਜੂਨ ਨੂੰ ਅੰਮ੍ਰਿਤਸਰ ਵਿਖੇ ਕੀਤਾ ਜਾਵੇਗਾ। ਦੇਸ਼ ਦੇ ਨੌਜਵਾਨਾਂ, ਖ਼ਾਸ ਕਰਕੇ 'ਜਨਰੇਸ਼ਨ ਜ਼ੈੱਡ' ਦੀ ਅਗਵਾਈ ਵਾਲੀ ਇਹ ਮੁਹਿੰਮ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਦੇ ਅਸਤੀਫ਼ੇ ਦੀ ਮੰਗ ਕਰ ਰਹੀ ਹੈ। ਨੌਜਵਾਨਾਂ ਦਾ ਇਹ ਗੁੱਸਾ ਨੀਟ ਪ੍ਰੀਖਿਆ ਦੇ ਪੇਪਰ ਲੀਕ ਹੋਣ ਅਤੇ ਸੀ.ਬੀ.ਐੱਸ.ਈ. ਬੋਰਡ ਪ੍ਰੀਖਿਆਵਾਂ ਦੇ ਨਤੀਜਿਆਂ (ਬਾਕੀ ਸਫਾ 2 'ਤੇ)

ਮਮਤਾ ਬੈਨਰਜੀ ਨੂੰ ਇੱਕ ਹੋਰ ਝਟਕਾ

ਫਿਰਕੂ ਟਿੱਪਣੀ ਨੂੰ ਲੈ ਕੇ ਐਫ.ਆਈ.ਆਰ. ਦਰਜ

ਚੜ੍ਹਦੀਕਲਾ ਬਿਊਰੋ

ਕੋਲਕਾਤਾ , 12 ਜੂਨ: ਤ੍ਰਿਣਮੂਲ ਕਾਂਗਰਸ (ਟੀ.ਐਮ.ਸੀ.) ਦੀ ਸੁਪਰੀਮੋ ਮਮਤਾ ਬਨਰਜੀ ਨੂੰ ਇੱਕ ਹੋਰ ਵੱਡਾ ਝਟਕਾ ਲੱਗਾ ਹੈ। ਮਮਤਾ ਬਨਰਜੀ ਦੇ ਖ਼ਿਲਾਫ਼ ਹੇਅਰ ਸਟ੍ਰੀਟ ਥਾਣੇ ਵਿੱਚ ਐਫ.ਆਈ.ਆਰ.ਦਰਜ ਕੀਤੀ ਗਈ ਹੈ। ਇਹ ਸ਼ਿਕਾਇਤ 2026 ਦੇ ਇੱਕ ਸਿਆਸੀ ਭਾਸ਼ਣ ਦੌਰਾਨ ਫਿਰਕੂ ਟਿੱਪਣੀ ਕਰਨ ਦੇ ਮਾਮਲੇ ਵਿੱਚ ਦਰਜ ਕਰਵਾਈ ਗਈ ਹੈ। ਮਮਤਾ ਬਨਰਜੀ ਦੀਆਂ ਮੁਸ਼ਕਲਾਂ ਘੱਟ ਹੋਣ ਦਾ ਨਾਮ ਨਹੀਂ ਲੈ ਰਹੀਆਂ। ਟੀ.ਐਮ.ਸੀ. ਦੇ ਕਈ ਆਗੂ ਇੱਕ ਤੋਂ ਬਾਅਦ ਇੱਕ ਮਮਤਾ ਬਨਰਜੀ ਦਾ ਸਾਥ ਛੱਡ ਰਹੇ ਹਨ ਅਤੇ ਹੁਣ ਟੀਐਮਸੀ ਸੁਪਰੀਮੋ ਖ਼ਿਲਾਫ਼ ਐਫ.ਆਈ.ਆਰ.ਵੀ ਦਰਜ ਹੋ ਗਈ ਹੈ।

ਪੱਛਮੀ ਬੰਗਾਲ ਦੀ ਸਾਬਕਾ ਮੁੱਖ ਮੰਤਰੀ ਮਮਤਾ ਬੈਨਰਜੀ ਖ਼ਿਲਾਫ਼ 2026 ਦੇ ਇੱਕ ਸਿਆਸੀ ਭਾਸ਼ਣ ਨੂੰ ਲੈ ਕੇ ਮਾਮਲਾ ਦਰਜ ਕੀਤਾ ਗਿਆ ਹੈ। ਮਮਤਾ ਬੈਨਰਜੀ ਦੇ ਭਾਸ਼ਣ ਵਿੱਚ ਫਿਰਕੂ ਟਿੱਪਣੀ ਨੂੰ ਲੈ ਕੇ ਇਹ ਐਫ.ਆਈ.ਆਰ.ਦਰਜ ਕਰਵਾਈ ਗਈ ਹੈ।ਮਮਤਾ ਬੈਨਰਜੀ ਨੂੰ ਇੱਕ ਤੋਂ ਬਾਅਦ ਇੱਕ ਕਈ ਝਟਕੇ ਲੱਗ ਰਹੇ ਹਨ। ਪਿਛਲੇ ਚਾਰ ਦਿਨਾਂ ਵਿੱਚ ਮਮਤਾ ਬੈਨਰਜੀ ਨੂੰ ਚਾਰ ਰਾਜ ਸਭਾ ਮੈਂਬਰਾਂ ਦੇ ਅਸਤੀਫ਼ੇ ਮਿਲ ਚੁੱਕੇ ਹਨ। ਸੁਖੇਂਦੂ ਸ਼ੇਖਰ ਰਾਏ, ਸੁਸ਼ਮਿਤਾ ਦੇਵ, ਪ੍ਰਕਾਸ਼ ਚਿਕ ਬੜਾਈਕ ਅਤੇ ਅਦਾਕਾਰਾ-ਸੰਸਦ ਮੈਂਬਰ ਕੋਇਲ ਮਲਿਕ ਨੇ ਉਪਰਲੇ ਸਦਨ (ਰਾਜ ਸਭਾ) ਦੀ ਮੈਂਬਰਸ਼ਿਪ ਛੱਡ ਦਿੱਤੀ ਹੈ। ਲੋਕ ਸਭਾ ਅਤੇ ਰਾਜ ਸਭਾ ਦੋਵਾਂ ਸਦਨਾਂ ਨੂੰ ਮਿਲਾ ਕੇ ਹੁਣ ਤੱਕ 19 ਸੰਸਦ ਮੈਂਬਰਾਂ ਦੀ ਸੂਚੀ ਸਾਹਮਣੇ ਆ ਚੁੱਕੀ ਹੈ, ਜਿਨ੍ਹਾਂ ਨੇ ਮਮਤਾ ਬੈਨਰਜੀ ਦਾ ਸਾਥ ਛੱਡਣ ਦਾ ਫੈਸਲਾ ਕੀਤਾ ਹੈ।

ਪੰਜਾਬ ਸਮੇਤ 22 ਸੂਬਿਆਂ 'ਚ ਭਾਰੀ ਮੀਂਹ ਦਾ ਅਲਰਟ, ਕਈ ਥਾਈਂ ਆਈ ਤੇਜ਼ ਹਨ੍ਹੇਰੀ

ਚੜ੍ਹਦੀਕਲਾ ਬਿਊਰੋ

ਨਵੀਂ ਦਿੱਲੀ, 12 ਜੂਨ:ਦੇਸ਼ ਭਰ ਵਿਚ ਮੌਨਸੂਨ ਦੇ ਅੱਗੇ ਵਧਣ ਦਾ ਸਿਲਸਿਲਾ ਜਾਰੀ ਹੈ। ਵੀਰਵਾਰ ਨੂੰ, ਮਾਨਸੂਨ ਬੰਗਾਲ ਦੀ ਖਾੜੀ ਵਾਲੀ ਸ਼ਾਖਾ ਬਿਹਾਰ ਪਹੁੰਚ ਗਈ। ਹਾਲਾਂਕਿ, ਮੁੰਬਈ ਵਿੱਚ ਮੌਨਸੂਨ ਥੋੜ੍ਹਾ ਪਛੜ ਰਿਹਾ ਹੈ। ਅਗਲੇ ਤਿੰਨ ਦਿਨਾਂ ਵਿੱਚ ਮਾਨਸੂਨ ਦੇ ਝਾਰਖੰਡ, ਛੱਤੀਸਗੜ੍ਹ, ਓਡੀਸ਼ਾ ਅਤੇ ਉੱਤਰ ਪ੍ਰਦੇਸ਼ ਵਿੱਚ ਦਾਖਲ ਹੋਣ ਦੀ ਸੰਭਾਵਨਾ ਹੈ। 4 ਜੂਨ ਨੂੰ ਕੇਰਲ ਵਿੱਚ ਪਹੁੰਚ

ਬਰਿੰਡਾ ਵਿੱਚ ਰੋਡ ਸ਼ੋਅ ਰਾਹੀਂ 'ਆਪ' ਦਾ ਸ਼ਕਤੀ ਪ੍ਰਦਰਸ਼ਨ

ਧੰਨਵਾਦੀ ਦੌਰੇ ਬਹਾਨੇ ਕੇਜਰੀਵਾਲ ਤੇ ਮਾਨ ਨੇ ਵਿਰੋਧੀਆਂ 'ਤੇ ਸਾਧੇ ਨਿਸ਼ਾਨੇ

ਬਠਿੰਡਾ, 12 ਜੂਨ (ਅੰਮ੍ਰਿਤਪਾਲ ਸਿੰਘ) : ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਵੱਲੋਂ ਅੱਜ ਸ਼ਾਮ ਬਠਿੰਡਾ ਵਿੱਚ ਵਿਸ਼ਾਲ ਰੋਡ ਸ਼ੋਅ ਕੀਤਾ ਗਿਆ। ਭਾਵੇਂ ਪਾਰਟੀ ਵੱਲੋਂ ਇਸ ਨੂੰ ਲਗਾਤਾਰ ਦੂਜੀ ਵਾਰ ਮੇਅਰ ਬਣੇ ਪਦਮਜੀਤ ਮਹਿਤਾ ਦੇ ਹੱਕ ਵਿੱਚ ਧੰਨਵਾਦੀ ਦੌਰਾ ਕਰਾਰ ਦਿੱਤਾ ਗਿਆ, ਪਰ ਸਿਆਸੀ ਹਲਕਿਆਂ ਵਿੱਚ ਇਸ ਨੂੰ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਦੀਆਂ ਤਿਆਰੀਆਂ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ। ਮਾਲਵੇ ਦੀ ਰਾਜਧਾਨੀ ਅਖਵਾਉਂਦੇ ਬਠਿੰਡਾ ਵਿੱਚ ਹੋਏ ਇਸ ਸ਼ਕਤੀ ਪ੍ਰਦਰਸ਼ਨ ਨੇ ਪਾਰਟੀ ਦੀਆਂ ਭਵਿੱਖੀ ਸਰਗਰਮੀਆਂ ਬਾਰੇ ਵੀ ਸੰਕੇਤ ਦਿੱਤੇ ਹਨ।

ਰੋਡ ਸ਼ੋਅ ਦੌਰਾਨ ਲੋਕਾਂ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਵਿਰੋਧੀ ਪਾਰਟੀਆਂ 'ਤੇ ਤਿੱਖੇ ਹਮਲੇ ਕੀਤੇ। ਉਨ੍ਹਾਂ ਕਿਹਾ ਕਿ 'ਚਿੱਟੇ' ਅਤੇ 'ਬੇਅਦਬੀਆਂ' ਵਾਲੀ ਪਾਰਟੀ ਸਮੇਤ 'ਝਗੜਾ ਪਾਰਟੀ' ਅਤੇ 'ਈਡੀ ਪਾਰਟੀ' ਆਮ ਆਦਮੀ ਪਾਰਟੀ ਦੇ ਖ਼ਿਲਾਫ਼ ਇਕੱਠੇ ਹੋ ਕੇ ਕੰਮ ਕਰ ਰਹੀਆਂ ਹਨ। ਉਨ੍ਹਾਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਇਮਾਨਦਾਰ ਆਗੂ ਦੱਸਦਿਆਂ ਕਿਹਾ ਕਿ ਜੇ ਉਨ੍ਹਾਂ ਨੇ ਕੋਈ ਗਲਤ ਕੰਮ ਕੀਤਾ ਹੁੰਦਾ ਤਾਂ ਉਹ ਵੀ ਹੁਣ ਤੱਕ ਈਡੀ ਦੇ ਨਿਸ਼ਾਨੇ 'ਤੇ ਆ ਚੁੱਕੇ ਹੁੰਦੇ।

ਇਸ ਮੌਕੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੇ ਨਾਲ ਗੱਡੀ ਵਿੱਚ ਮੌਜੂਦ ਮੇਅਰ ਪਦਮਜੀਤ ਮਹਿਤਾ ਅਤੇ ਉਨ੍ਹਾਂ ਦੇ ਪਿਤਾ, ਪੰਜਾਬ ਕ੍ਰਿਕਟ ਐਸੋਸੀਏਸ਼ਨ ਦੇ ਪ੍ਰਧਾਨ ਅਮਰਜੀਤ ਮਹਿਤਾ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਨਗਰ ਨਿਗਮ ਬਠਿੰਡਾ ਚੋਣਾਂ ਵਿੱਚ ਪਾਰਟੀ ਉਮੀਦਵਾਰਾਂ ਦੀ ਜਿੱਤ ਲਈ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਵਿਰੋਧੀ ਧਿਰਾਂ ਦੀ ਕਾਰਜਸ਼ੈਲੀ ਦੀ ਆਲੋਚਨਾ ਕਰਦਿਆਂ ਪੰਜਾਬ ਸਰਕਾਰ ਦੀਆਂ ਲੋਕ ਭਲਾਈ ਸਕੀਮਾਂ, ਮੁਫ਼ਤ ਬਿਜਲੀ ਅਤੇ ਮੁੱਖ ਮੰਤਰੀ ਬੀਮਾ ਯੋਜਨਾ ਸਮੇਤ ਹੋਰ ਉਪਰਾਲਿਆਂ ਦਾ ਵੀ ਜ਼ਿਕਰ ਕੀਤਾ। ਰੋਡ ਸ਼ੋਅ ਵਿੱਚ ਪਾਰਟੀ ਦੇ ਪੰਜਾਬ ਮਾਮਲਿਆਂ ਦੇ ਇੰਚਾਰਜ ਮਨੀਸ਼ ਸਿਸੋਦੀਆ, 'ਆਪ' ਪੰਜਾਬ ਦੇ ਪ੍ਰਧਾਨ ਅਮਨ ਅਰੋੜਾ ਅਤੇ ਵੱਡੀ ਗਿਣਤੀ ਵਿੱਚ ਸਥਾਨਕ ਆਗੂ ਤੇ ਵਰਕਰ ਵੀ ਹਾਜ਼ਰ ਸਨ। ਇਸ ਸਮਾਗਮ ਨੇ ਬਠਿੰਡਾ ਦੀ ਸਿਆਸਤ ਵਿੱਚ ਨਵੀਆਂ ਚਰਚਾਵਾਂ ਨੂੰ ਜਨਮ ਦੇ ਦਿੱਤਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਸੂਬੇ ਦੀ ਸਿਆਸੀ ਤਸਵੀਰ 'ਤੇ ਇਸ ਦੇ ਪ੍ਰਭਾਵ ਬਾਰੇ ਕਿਆਸ ਲਗਾਏ ਜਾ ਰਹੇ ਹਨ।

ਬਿਨਾਂ ਕਿਸੇ ਪ੍ਰੀਮੀਅਮ ਭੁਗਤਾਨ ਦੇ ਸਿਹਤ ਸੁਰੱਖਿਆ ਪ੍ਰਦਾਨ ਕਰ ਰਹੀ ਹੈ 'ਮੁੱਖ ਮੰਤਰੀ ਸਿਹਤ ਯੋਜਨਾ' : ਡਾ. ਬਲਬੀਰ ਸਿੰਘ

ਚੰਡੀਗੜ੍ਹ, 12 ਜੂਨ (ਚ.ਨ.ਸ.) : ਅਜਿਹੇ ਸਮੇਂ ਵਿੱਚ ਜਦੋਂ ਸਿਹਤ ਸੇਵਾਵਾਂ ਦੀ ਵੱਧ ਰਹੀ ਲਾਗਤ ਪਰਿਵਾਰਾਂ ਉੱਤੇ ਲਗਾਤਾਰ ਆਰਥਿਕ ਬੋਝ ਵਧਾ ਰਹੀ ਹੈ, ਭਗਵੰਤ ਮਾਨ ਸਰਕਾਰ ਦੀ 'ਮੁੱਖ ਮੰਤਰੀ ਸਿਹਤ ਯੋਜਨਾ' ਇੱਕ ਵਿਆਪਕ ਅਤੇ ਕਿਫਾਇਤੀ ਸਿਹਤ ਸੁਰੱਖਿਆ ਯੋਜਨਾ ਵਜੋਂ ਉੱਭਰ ਰਹੀ ਹੈ, ਜੋ ਰਵਾਇਤੀ ਨਿੱਜੀ ਸਿਹਤ ਬੀਮਾ ਯੋਜਨਾਵਾਂ ਦੇ ਮੁਕਾਬਲੇ ਕਈ ਮਹੱਤਵਪੂਰਨ ਲਾਭ ਪ੍ਰਦਾਨ ਕਰਦੀ ਹੈ।

ਯੋਜਨਾ ਦੇ ਪ੍ਰਭਾਵ ਬਾਰੇ ਜਾਣਕਾਰੀ ਦਿੰਦਿਆਂ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ, "ਮੁੱਖ ਮੰਤਰੀ ਸਿਹਤ ਯੋਜਨਾ ਲਾਗੂ ਹੋਣ ਦੇ ਪੰਜ ਮਹੀਨਿਆਂ ਅੰਦਰ 2,26,822 ਤੋਂ ਵੱਧ ਮਰੀਜ਼ਾਂ ਦਾ 3,65,340 ਇਲਾਜ ਪ੍ਰਕਿਰਿਆਵਾਂ ਰਾਹੀਂ 632.50 ਕਰੋੜ ਰੁਪਏ ਦੀ ਲਾਗਤ ਨਾਲ ਇਲਾਜ ਕੀਤਾ ਗਿਆ ਹੈ। ਨਿੱਜੀ ਸਿਹਤ ਬੀਮਾ ਉਨ੍ਹਾਂ ਲੋਕਾਂ ਲਈ ਇੱਕ ਵਿਕਲਪ ਹੋ ਸਕਦਾ ਹੈ ਜੋ ਆਪਣੀਆਂ ਲੋੜਾਂ ਅਨੁਸਾਰ ਵਿਸ਼ੇਸ਼ ਕਵਰੇਜ ਚਾਹੁੰਦੇ ਹਨ, ਪਰ ਮੁੱਖ ਮੰਤਰੀ ਸਿਹਤ ਯੋਜਨਾ ਇਸ ਉਦੇਸ਼ ਨਾਲ ਤਿਆਰ ਕੀਤੀ ਗਈ ਹੈ ਕਿ ਪੰਜਾਬ ਦਾ ਹਰ ਯੋਗ ਨਿਵਾਸੀ ਬਿਨਾਂ ਆਰਥਿਕ ਮੁਸ਼ਕਲ ਦੇ ਗੁਣਵੱਤਾ ਭਰੀਆਂ ਸਿਹਤ ਸੇਵਾਵਾਂ ਤੱਕ ਪਹੁੰਚ ਹਾਸਲ ਕਰ ਸਕੇ।

ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਸਿਹਤ ਮੰਤਰੀ ਨੇ ਕਿਹਾ, "ਨਿੱਜੀ ਬੀਮੇ ਅਤੇ ਮੁੱਖ ਮੰਤਰੀ ਸਿਹਤ ਯੋਜਨਾ ਵਿਚਕਾਰ ਸਭ ਤੋਂ ਵੱਡਾ ਫ਼ਰਕ ਪ੍ਰੀਮੀਅਮ ਭੁਗਤਾਨ ਦਾ ਨਾ ਹੋਣਾ ਹੈ। ਜਿੱਥੇ ਨਿੱਜੀ ਸਿਹਤ ਬੀਮਾ ਪਾਲਿਸੀਆਂ ਲਈ ਹਰ ਸਾਲ ਹਜ਼ਾਰਾਂ ਰੁਪਏ ਦਾ ਪ੍ਰੀਮੀਅਮ ਦੇਣਾ ਪੈਂਦਾ ਹੈ, ਜੋ ਉਮਰ ਵਧਣ ਨਾਲ ਹੋਰ ਵੱਧ ਜਾਂਦਾ ਹੈ, ਉੱਥੇ ਮੁੱਖ ਮੰਤਰੀ ਸਿਹਤ ਯੋਜਨਾ ਦੇ ਲਾਭਪਾਤਰੀਆਂ ਨੂੰ ਇਹ ਸਿਹਤ ਕਵਰੇਜ ਪੂਰੀ ਤਰ੍ਹਾਂ ਮੁਫ਼ਤ ਮੁਹੱਈਆ ਕਰਵਾਈ ਜਾਂਦੀ ਹੈ।

ਉਨ੍ਹਾਂ ਕਿਹਾ ਕਿ ਇਸ ਯੋਜਨਾ ਤਹਿਤ ਕੈਂਸਰ ਇਲਾਜ, ਦਿਲ ਦੀਆਂ ਬਿਮਾਰੀਆਂ ਦਾ ਇਲਾਜ, ਡਾਇਲਿਸਿਸ, ਇੰਟੈਂਸਿਵ ਕੇਅਰ ਸੇਵਾਵਾਂ ਅਤੇ ਹੋਰ ਵਿਸ਼ੇਸ਼ ਇਲਾਜ ਪ੍ਰਕਿਰਿਆਵਾਂ ਸਮੇਤ 2,300 ਤੋਂ ਵੱਧ ਇਲਾਜ ਪੈਕੇਜ ਉਪਲੱਬਧ ਕਰਵਾਏ ਜਾਂਦੇ ਹਨ। ਨਿੱਜੀ ਬੀਮਾ ਯੋਜਨਾਵਾਂ ਵਿੱਚ ਜਿੱਥੇ ਕਵਰੇਜ ਦਾ ਦਾਇਰਾ ਭੁਗਤਾਨ ਕੀਤੇ ਪ੍ਰੀਮੀਅਮ ਅਤੇ ਚੁਣੀ ਗਈ ਪਾਲਿਸੀ 'ਤੇ ਨਿਰਭਰ ਕਰਦਾ ਹੈ, ਉੱਥੇ ਮੁੱਖ ਮੰਤਰੀ ਸਿਹਤ ਯੋਜਨਾ ਸਾਰੇ ਯੋਗ ਲਾਭਪਾਤਰੀਆਂ ਨੂੰ ਇੱਕੋ ਜਿਹੀਆਂ ਸਹੂਲਤਾਂ ਪ੍ਰਦਾਨ ਕਰਦੀ ਹੈ। ਯੋਜਨਾ ਦਾ ਇੱਕ ਹੋਰ ਵੱਡਾ ਫ਼ਾਇਦਾ ਇਹ ਹੈ ਕਿ ਪ੍ਰੀ-ਐਗਜ਼ਿਸਟਿੰਗ ਬੀਮਾਰੀਆਂ ਲਈ ਤੁਰੰਤ ਕਵਰੇਜ ਉਪਲੱਬਧ ਹੈ। ਨਿੱਜੀ ਬੀਮਾ ਕੰਪਨੀਆਂ ਆਮ ਤੌਰ 'ਤੇ ਡਾਇਬਿਟੀਜ਼, ਹਾਈਪਰਟੈਨਸ਼ਨ ਅਤੇ ਦਿਲ ਦੀਆਂ ਬੀਮਾਰੀਆਂ ਵਰਗੀਆਂ ਸਥਿਤੀਆਂ ਲਈ ਦੋ ਤੋਂ ਚਾਰ ਸਾਲ ਤੱਕ ਦੀ ਉਡੀਕ ਮਿਆਦ ਲਾਗੂ ਕਰਦੀਆਂ ਹਨ, ਜਿਸ ਤੋਂ ਬਾਅਦ ਹੀ ਇਲਾਜ 'ਤੇ ਹੋਏ ਖ਼ਰਚੇ ਦਾ ਦਾਅਵਾ ਕੀਤਾ ਜਾ ਸਕਦਾ ਹੈ।

ਉਨ੍ਹਾਂ ਕਿਹਾ, "ਮੁੱਖ ਮੰਤਰੀ ਸਿਹਤ ਯੋਜਨਾ ਤਹਿਤ ਯੋਗ ਲਾਭਪਾਤਰੀ ਆਪਣੇ ਪੁਰਾਣੇ ਡਾਕਟਰੀ ਇਤਿਹਾਸ ਦੀ ਪਰਵਾਹ ਕੀਤੇ ਬਿਨਾਂ ਪਹਿਲੇ ਹੀ ਦਿਨ ਤੋਂ ਇਲਾਜ ਦਾ ਲਾਭ ਲੈ ਸਕਦੇ ਹਨ।"ਸਿਹਤ ਮੰਤਰੀ ਨੇ ਕਿਹਾ ਕਿ ਇਹ ਯੋਜਨਾ ਖ਼ਾਸ ਤੌਰ 'ਤੇ ਸੀਨੀਅਰ ਨਾਗਰਿਕਾਂ ਲਈ ਬਹੁਤ ਲਾਭਕਾਰੀ ਸਾਬਤ ਹੋਈ ਹੈ, ਜਿਨ੍ਹਾਂ ਨੂੰ ਨਿੱਜੀ ਬੀਮਾ ਯੋਜਨਾਵਾਂ ਵਿੱਚ ਅਕਸਰ ਵੱਧ ਪ੍ਰੀਮੀਅਮ ਅਤੇ ਕਵਰੇਜ ਸਬੰਧੀ ਪਾਬੰਦੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਈਰਾਨ 'ਤੇ ਭੜਕੇ ਟਰੰਪ

'ਲੀਕ ਗੱਲਾਂ ਪੂਰੀ ਤਰ੍ਹਾਂ ਝੂਠੀਆਂ, ਭਾਰਤੀ ਜਹਾਜ਼ਾਂ 'ਤੇ ਹਮਲੇ ਬਰਦਾਸ਼ਤ ਨਹੀਂ'

ਵਾਸ਼ਿੰਗਟਨ, 12 ਜੂਨ (ਚ.ਨ.ਸ.) : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇੱਕ ਵਾਰ ਫਿਰ ਈਰਾਨ 'ਤੇ ਵੱਡਾ ਹਮਲਾ ਕੀਤਾ ਹੈ। ਉਨ੍ਹਾਂ ਨੇ ਈਰਾਨ ਦੇ ਦਾਅਵਿਆਂ ਨੂੰ ਪੂਰੀ ਤਰ੍ਹਾਂ ਰੱਦ ਕਰ ਦਿੱਤਾ। ਟਰੰਪ ਨੇ ਕਿਹਾ ਕਿ ਈਰਾਨ ਵੱਲੋਂ ਮੀਡੀਆ ਨੂੰ ਲੀਕ ਕੀਤੀਆਂ ਗਈਆਂ ਸ਼ਰਤਾਂ ਦਾ ਲਿਖਤੀ ਸਮਝੌਤੇ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਟਰੰਪ ਮੁਤਾਬਕ ਈਰਾਨ ਦਾ ਇਹ ਬਿਆਨ ਸੱਚਾਈ ਤੋਂ ਬਹੁਤ ਦੂਰ ਹੈ। ਉਨ੍ਹਾਂ ਨੇ ਈਰਾਨ ਨੂੰ ਇੱਕ ਬਹੁਤ ਹੀ ਗੈਰ-ਭਰੋਸੇਮੰਦ ਦੇਸ਼ ਦੱਸਿਆ। ਟਰੰਪ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਈਰਾਨ ਨਾਲ ਇਮਾਨਦਾਰ ਗੱਲਬਾਤ ਸੰਭਵ ਨਹੀਂ ਹੈ।

ਡੋਨਾਲਡ ਟਰੰਪ ਨੇ ਈਰਾਨ ਦੇ ਦਾਅਵਿਆਂ 'ਤੇ ਡੂੰਘੀ ਨਾਰਾਜ਼ਗੀ ਜ਼ਾਹਰ ਕੀਤੀ ਹੈ। ਉਨ੍ਹਾਂ ਕਿਹਾ ਕਿ ਮੀਡੀਆ ਵਿੱਚ ਫੈਲਾਈ ਜਾ ਰਹੀ ਜਾਣਕਾਰੀ ਪੂਰੀ ਤਰ੍ਹਾਂ ਝੂਠੀ ਹੈ। ਈਰਾਨ ਦੇ ਬਿਆਨ ਲਿਖਤੀ ਰੂਪ ਵਿੱਚ ਸਹਿਮਤੀ ਦੇ ਬਿਲਕੁਲ ਉਲਟ ਹਨ। ਟਰੰਪ ਨੇ ਸਮਝੌਤੇ ਬਾਰੇ ਈਰਾਨ ਦੇ ਬਿਆਨ ਨੂੰ ਬਹੁਤ ਕਮਜ਼ੋਰ ਅਤੇ ਤਰਸਯੋਗ ਦੱਸਿਆ। ਉਨ੍ਹਾਂ ਕਿਹਾ ਕਿ ਈਰਾਨ ਦੇ ਬਿਆਨਾਂ ਦਾ ਸੱਚਾਈ ਨਾਲ ਕੋਈ ਲੈਣਾ-ਦੇਣਾ ਨਹੀਂ ਹੈ। ਟਰੰਪ ਨੇ ਈਰਾਨ ਨਾਲ ਕਿਸੇ ਵੀ ਸਮਝੌਤੇ ਨੂੰ ਬਹੁਤ ਮੁਸ਼ਕਲ ਕੰਮ ਦੱਸਿਆ ਅਤੇ ਇਸ ਪੂਰੇ ਵਿਕਾਸ ਨੂੰ ਹੈਰਾਨ ਕਰਨ ਵਾਲਾ ਦੱਸਿਆ।ਟਰੰਪ ਨੇ ਈਰਾਨ ਵੱਲੋਂ ਇੱਕ ਹੋਰ ਵੱਡੇ ਕਦਮ ਦਾ ਖੁਲਾਸਾ ਕੀਤਾ ਹੈ। ਬੀਤੀ ਰਾਤ, ਈਰਾਨ ਨੇ ਹੋਰਮੁਜ਼ ਜਲਡਮਰੂ ਤੋਂ ਲੰਘਣ ਵਾਲੇ ਭਾਰਤੀ ਜਹਾਜ਼ਾਂ 'ਤੇ ਡਰੋਨ ਹਮਲਾ ਕੀਤਾ। ਹਾਲਾਂਕਿ, ਇਸ ਡਰੋਨ ਹਮਲੇ ਨੂੰ ਪੂਰੀ ਤਰ੍ਹਾਂ ਅਸਫਲ ਕਰ ਦਿੱਤਾ ਗਿਆ। ਟਰੰਪ ਨੇ ਈਰਾਨ ਦੀ ਫੌਜੀ ਕਾਰਵਾਈ 'ਤੇ ਸਖ਼ਤ ਰੁਖ਼ ਅਪਣਾਇਆ ਹੈ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਭਾਰਤੀ ਜਹਾਜ਼ਾਂ 'ਤੇ ਇਹ ਡਰੋਨ ਹਮਲਾ ਪੂਰੀ ਤਰ੍ਹਾਂ ਅਸਵੀਕਾਰਨਯੋਗ ਹੈ। ਅਮੀਕਾ ਅਜਿਹੀ ਕਿਸੇ ਵੀ ਕਾਰਵਾਈ ਨੂੰ ਬਰਦਾਸ਼ਤ ਨਹੀਂ ਕਰੇਗਾ।

ਇਸ ਤੋਂ ਪਹਿਲਾਂ ਅਮਰੀਕੀ ਰਾਸ਼ਟਰਪਤੀ ਟਰੰਪ ਨੇ ਕਿਹਾ ਸੀ ਕਿ ਅਮਰੀਕਾ ਅਤੇ ਈਰਾਨ ਵਿਚਕਾਰ ਜੰਗ ਖਤਮ ਕਰਨ ਲਈ ਇੱਕ ਮੁੱਢਲਾ ਸਮਝੌਤਾ ਹੋ ਗਿਆ ਹੈ। ਅਮਰੀਕਾ ਨੇ ਈਰਾਨ 'ਤੇ ਹਮਲੇ ਵੀ ਰੋਕ ਦਿੱਤੇ ਹਨ। ਟਰੰਪ ਨੇ ਕਿਹਾ ਕਿ ਈਰਾਨ ਅਤੇ ਅਮਰੀਕਾ ਵਿਚਕਾਰ ਜਲਦੀ ਹੀ ਇੱਕ ਸਮਝੌਤਾ ਹੋ ਸਕਦਾ ਹੈ। ਹਾਲਾਂਕਿ, ਈਰਾਨ ਨੇ ਅਜੇ ਤੱਕ ਅਧਿਕਾਰਤ ਤੌਰ 'ਤੇ ਇਸਦੀ ਪੁਸ਼ਟੀ ਨਹੀਂ ਕੀਤੀ ਹੈ।

ਮੀਡੀਆ ਰਿਪੋਰਟਾਂ ਮੁਤਾਬਕ ਅਮੀਕਾ ਅਤੇ ਈਰਾਨ ਵਿਚਕਾਰ ਇੱਕ ਅੰਤਰਿਮ ਸਮਝੌਤਾ ਇਸ ਹਫ਼ਤੇ ਦੇ ਅੰਤ ਵਿੱਚ ਹੋ ਸਕਦਾ ਹੈ। ਦੋਵੇਂ ਧਿਰਾਂ ਕਥਿਤ ਤੌਰ 'ਤੇ ਇੱਕ ਸਮਝੌਤਾ ਪੱਤਰ 'ਤੇ ਸਹਿਮਤ ਹੋਈਆਂ ਹਨ। ਇਸ ਸਮਝੌਤੇ ਵਿੱਚ ਲੇਬਨਾਨ ਵਿੱਚ ਜੰਗਬੰਦੀ, ਹੋਰਮੁਜ਼ ਜਲਡਮਰੂ ਨੂੰ ਪੂਰੀ ਤਰ੍ਹਾਂ ਖੋਲ੍ਹਣਾ ਅਤੇ ਈਰਾਨ ਵੱਲੋਂ ਪ੍ਰਮਾਣੂ ਬੰਬ ਨਾ ਵਿਕਸਿਤ ਕਰਨ ਦਾ ਵਾਅਦਾ ਸ਼ਾਮਲ ਹੈ।

ਗੈਂਗਸਟਰਾਂ 'ਤੇ ਵਾਰ ਦਾ 143ਵਾਂ ਦਿਨ: ਪੰਜਾਬ ਪੁਲਿਸ ਵੱਲੋਂ 571 ਥਾਈਂ ਛਾਪੇਮਾਰੀ; 358 ਗ੍ਰਿਫ਼ਤਾਰ

ਚੰਡੀਗੜ੍ਹ, , 12 ਜੂਨ (ਚ.ਨ.ਸ.) : ਸੂਬੇ ਵਿੱਚ ਚੱਲ ਰਹੀ ਫੈਸਲਾਕੁੰਨ ਮੁਹਿੰਮ 'ਗੈਂਗਸਟਰਾਂ ਤੇ ਵਾਰ' ਦੇ 143ਵੇਂ ਦਿਨ ਪੰਜਾਬ ਪੁਲਿਸ ਨੇ ਅੱਜ ਸੂਬੇ ਭਰ ਵਿੱਚ ਗੈਂਗਸਟਰਾਂ ਦੇ ਸਾਥੀਆਂ ਦੇ ਪਛਾਣੇ ਗਏ ਅਤੇ ਮੈਪ ਕੀਤੇ 571 ਟਿਕਾਣਿਆਂ 'ਤੇ ਛਾਪੇਮਾਰੀ ਕੀਤੀ।

ਜ਼ਿਕਰਯੋਗ ਹੈ ਕਿ 'ਗੈਂਗਸਟਰਾਂ ਤੇ ਵਾਰ' - ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ ਫੈਸਲਾਕੁੰਨ ਜੰਗ ਹੈ, ਜੋ 20 ਜਨਵਰੀ, 2026 ਨੂੰ ਪੁਲਿਸ ਡਾਇਰੈਕਟਰ ਜਨਰਲ (ਡੀਜੀਪੀ) ਪੰਜਾਬ ਗੌਰਵ ਯਾਦਵ ਵੱਲੋਂ ਸ਼ੁਰੂ ਕੀਤੀ ਗਈ ਸੀ। ਐਂਟੀ-ਗੈਂਗਸਟਰ ਟਾਸਕ ਫੋਰਸ (ਏਜੀਟੀਐਫ) ਪੰਜਾਬ ਦੇ ਤਾਲਮੇਲ ਨਾਲ ਸਾਰੇ ਜ਼ਿਲਿਆਂ ਦੀਆਂ ਪੁਲਿਸ ਟੀਮਾਂ ਸੂਬੇ ਭਰ ਵਿੱਚ ਵਿਸ਼ੇਸ਼ ਕਾਰਵਾਈਆਂ ਕਰ ਰਹੀਆਂ ਹਨ।

143ਵੇਂ ਦਿਨ ਪੁਲਿਸ ਟੀਮਾਂ ਨੇ ਛੇ ਹਥਿਆਰਾਂ ਸਮੇਤ 358 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 36,381 ਹੋ ਗਈਆਂ।ਇਸ ਤੋਂ ਇਲਾਵਾ 119 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 7 ਵਿਅਕਤੀਆਂ ਨੂੰ ਪੁੱਛਗਿੱਛ ਤੋਂ ਬਾਅਦ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 3 ਭਗੌੜੇ ਅਪਰਾਧੀ (ਪੀਓ) ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।

ਅਮਰੀਕਾ-ਈਰਾਨ ਦੀ ਜੰਗਬੰਦੀ ਦੇ ਐਲਾਨ

ਅੰਕ ਜਾਂ 2.40 ਫੀਸਦੀ ਦੇ ਵਾਧੇ ਨਾਲ 75,608.02

ਤੱਕ ਪਹੁੰਚ ਗਿਆ ਸੀ। 50-ਸ਼ੇਅਰਾਂ ਵਾਲਾ ਐੱਨ.ਐੱਸ.ਈ. ਨਿਫਟੀ 461.30 ਅੰਕ ਜਾਂ 1.99 ਫੀਸਦੀ ਦੇ ਭਾਰੀ ਉਛਾਲ ਨਾਲ 23,622.90 'ਤੇ ਬੰਦ ਹੋਇਆ। ਦਿਨ ਦੇ ਕਾਰੋਬਾਰ ਦੌਰਾਨ, ਬੈਂਚਮਾਰਕ ਸੂਚਕਾਂਕ 483.75 ਅੰਕ ਜਾਂ 2 ਫੀਸਦੀ ਦੇ ਵਾਧੇ ਨਾਲ 23,645.35 ਤੱਕ ਪਹੁੰਚ ਗਿਆ ਸੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕਿਹਾ ਕਿ ਈਰਾਨ ਨਾਲ ਜੰਗ ਖਤਮ ਕਰਨ ਲਈ ਇੱਕ ਸਮਝੌਤਾ ਲਗਪਗ ਪੂਰਾ ਹੋ ਚੁੱਕਾ ਹੈ ਅਤੇ ਇਸ 'ਤੇ ਵੀਕੈਂਡ ਦੌਰਾਨ ਯੂਰਪ ਵਿੱਚ ਦਸਤਖਤ ਕੀਤੇ ਜਾਣ ਦੀ ਉਮੀਦ ਹੈ ਕਿਉਂਕਿ ਉਨ੍ਹਾਂ ਨੇ ਇਸਲਾਮਿਕ ਗਣਰਾਜ ਦੇ ਤੇਲ ਉਦਯੋਗ ਨੂੰ ਆਪਣੇ ਕਬਜ਼ੇ ਵਿੱਚ ਲੈਣ ਦੀ ਧਮਕੀ ਦੇਣ ਤੋਂ ਕੁਝ ਘੰਟਿਆਂ ਬਾਅਦ ਹੀ ਫੌਜੀ ਹਮਲਿਆਂ ਨੂੰ ਰੱਦ ਕਰ ਦਿੱਤਾ ਸੀ।

ਟਰੰਪ ਨੇ ਵੀਰਵਾਰ ਦੁਪਹਿਰ ਨੂੰ ਓਵਲ ਆਫਿਸ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਪ ਰਾਸ਼ਟਰਪਤੀ ਜੇ.ਡੀ. ਵੈਂਸ ਦੇ ਦਸਤਖਤ ਸਮਾਰੋਹ ਵਿੱਚ ਸ਼ਾਮਲ ਹੋਣ ਦੀ ਉਮੀਦ ਹੈ, ਜੋ ਇਸ ਵੀਕੈਂਡ ਤੱਕ ਯੂਰਪ ਵਿੱਚ ਹੋ ਸਕਦਾ ਹੈ।

ਪਿਛਲੇ ਸੈਸ਼ਨ ਵਿੱਚ, 30-ਸ਼ੇਅਰਾਂ ਵਾਲਾ ਬੀ.ਐੱਸ.ਈ. ਸੈਂਸੈਕਸ 150.63 ਅੰਕ ਜਾਂ 0.20 ਫੀਸਦੀ ਦੀ ਗਿਰਾਵਟ ਨਾਲ 73,832.55 'ਤੇ ਬੰਦ ਹੋਇਆ ਸੀ। ਨਿਫਟੀ 53.35 ਅੰਕ ਜਾਂ 0.23 ਫੀਸਦੀ ਦੀ ਗਿਰਾਵਟ ਨਾਲ 23,161.60 'ਤੇ ਬੰਦ ਹੋਇਆ ਸੀ।

ਅਦਾਲਤ ਨੇ ਮੁਲਜ਼ਮਾਂ ਨੂੰ 14 ਦਿਨਾਂ

ਰਾਘਵ ਗੋਇਲ ਅਤੇ ਓ.ਪੀ. ਰਾਣਾ ਦਰਮਿਆਨ ਹੋਈ ਚੈਟ ਨੂੰ ਦਿਖਾ ਕੇ ਗੱਲ ਅੱਗੇ ਵਧਾਈ ਗਈ ਹੈ। ਸੀ ਬੀ ਆਈ ਨੇ ਤਫ਼ਤੀਸ਼ ਦੌਰਾਨ ਕਾਫ਼ੀ ਤੱਥ ਇਕੱਤਰ ਕੀਤੇ ਹਨ ਜਿਸ ਕਰਕੇ ਵਿਜੀਲੈਂਸ ਦੇ ਕਈ ਅਫ਼ਸਰਾਂ ਦੇ

CBC 63101/13/0003/2627

ਯੁਵਾ ਸੁਪਨਿਆਂ ਨੂੰ
ਉੱਚੀ ਉਡਾਨ

2.2 ਲੱਖ ਸਟਾਰਟਅੱਪਸ ਨਾਲ ਨੌਜਵਾਨਾਂ ਨੂੰ ਰੋਜ਼ਗਾਰ ਅਤੇ ਨਵੀਨਤਾ ਦੇ ਮੌਕੇ

10,000+ ਅਟਲ ਟਿੰਕਰਿੰਗ ਲੈਬਜ਼ ਨਾਲ 1.1+ ਕਰੋੜ ਵਿਦਿਆਰਥੀ ਵਿਗਿਆਨ ਅਤੇ ਤਕਨੀਕ ਨਾਲ ਜੁੜੇ

12 ਸਾਲ ਵਿਸ਼ਵਾਸ ਦੇ, ਵਿਕਾਸ ਦੇ, ਜਨਕਲਿਆਣ ਦੇ

Government of Bharat



ਪੰਜਾਬ ਨੂੰ ਸਪੈਸ਼ਲ ਕੈਟਾਗਰੀ ਸਟੇਟਸ ਕਿਉਂ ਜ਼ਰੂਰੀ ਹੈ?

ਸਰਹੱਦੀ ਸ਼ੁਬਾ
ਪਾਕਿਸਤਾਨ ਨਾਲ ਲੰਬੀ ਅੰਤਰਰਾਸ਼ਟਰੀ ਸਰਹੱਦ, ਅਤਿਵਾਦ, ਡਰੋਨ, ਹਥਿਆਰ ਅਤੇ ਨਸ਼ਾ ਤਸਕਰੀ ਵਰਗੀਆਂ ਸੁਰੱਖਿਆ ਚੁਣੌਤੀਆਂ

ਕਿਸਾਨਾਂ ਦੀਆਂ ਮੁਸ਼ਕਲਾਂ
ਸਰਹੱਦੀ ਕਿਸਾਨਾਂ ਨੂੰ ਖੇਤੀ, ਪੈਦਾਵਾਰ, ਪਾਬੰਦੀਆਂ, ਅਤੇ ਬਾਜ਼ਾਰ ਨਾਲ ਜੁੜਨ 'ਚ ਵੱਧ ਰੁਕਾਵਟਾਂ

ਆਰਥਿਕ ਦਬਾਅ
ਕਰਜ਼ੇ ਦਾ ਵੱਧ ਬੋਝ, ਸੀਮਤ ਆਮਦਨ ਦੇ ਸਰੋਤ, ਹੋਰ ਰਾਜਾਂ ਦੇ ਮੁਕਾਬਲੇ ਵਿੱਤੀ ਸਮਰਥਾ ਘੱਟ

ਸਰਹੱਦੀ ਖੇਤਰਾਂ ਦਾ ਵਿਕਾਸ
ਬੁਨਿਆਦੀ ਢਾਂਚਾ, ਸਿਹਤ, ਸਿੱਖਿਆ, ਰੁਜ਼ਗਾਰ ਅਤੇ ਨਿਵੇਸ਼ ਲਈ ਵਿਸ਼ੇਸ਼ ਪੈਕੇਜ ਦੀ ਲੋੜ

ਸਿਹਤ ਅਤੇ ਸਿੱਖਿਆ
ਮੁੱਖ ਮੰਤਰੀ ਸਿਹਤ ਯੋਜਨਾ, ਆਮ ਆਦਮੀ ਕਲੀਨਿਕਾਂ, ਸਿੱਖਿਆ 'ਚ ਉਤਕ੍ਰਿਸ਼ਟ ਪ੍ਰਦਰਸ਼ਨ ਨੂੰ ਹੋਰ ਮਜ਼ਬੂਤ ਕਰਨ ਲਈ ਸਰੋਤ

ਫੰਡਿੰਗ ਅਨੁਪਾਤ 90:10
ਕੇਂਦਰੀ ਯੋਜਨਾਵਾਂ ਵਿੱਚ ਕੇਂਦਰ ਤੇ ਸੂਬੇ ਦਾ ਅਨੁਪਾਤ 90:10 ਕਰਨ ਨਾਲ ਵਿਕਾਸ ਨੂੰ ਮਿਲੇਗੀ ਰਫ਼ਤਾਰ

ਪੰਜਾਬ ਦੇ ਹੱਕ, ਸੁਰੱਖਿਆ ਅਤੇ ਵਿਕਾਸ ਲਈ – ਸਪੈਸ਼ਲ ਕੈਟਾਗਰੀ ਸਟੇਟਸ ਸਾਡਾ ਹੱਕ!

"ਵਿਕਸਤ ਭਾਰਤ-2047' ਦੇ ਟੀਚੇ ਲਈ ਪੰਜਾਬ ਕੇਂਦਰ ਸਰਕਾਰ ਨਾਲ ਮਿਲ ਕੇ ਕੰਮ ਕਰੇਗਾ!

ਨਵੀਂ ਦਿੱਲੀ: ਨੀਤੀ ਆਯੋਗ ਦੀ 11ਵੀਂ ਗਵਰਨਿੰਗ ਕੌਂਸਲ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਹੋਈ ਬੈਠਕ ਵਿੱਚ ਪੰਜਾਬ ਲਈ ਸਪੈਸ਼ਲ ਕੈਟਾਗਰੀ ਸਟੇਟਸ ਦੀ ਮੰਗ ਜ਼ੋਰਦਾਰ ਢੰਗ ਨਾਲ ਰੱਖੀ। ਇਹ ਮੰਗ ਸਿਰਫ਼ ਇੱਕ ਸਿਆਸੀ ਬਿਆਨ ਨਹੀਂ ਹੈ ਬਲਕਿ ਇਸ ਦੇ ਪਿੱਛੇ ਪੰਜਾਬ ਦੀਆਂ ਵਿਲੱਖਣ ਭੂਗੋਲਿਕ, ਸੁਰੱਖਿਆ ਅਤੇ ਆਰਥਿਕ ਚੁਣੌਤੀਆਂ ਦੀ ਗੰਭੀਰ ਪਿੱਠਭੂਮੀ ਹੈ। ਇਸ ਰਿਪੋਰਟ ਵਿੱਚ ਅਸੀਂ ਇਸ ਮੰਗ ਦੇ ਤਰਕ, ਸੰਦਰਭ ਅਤੇ ਮਹੱਤਵ ਦਾ ਡੂੰਘਾ ਵਿਸ਼ਲੇਸ਼ਣ ਕਰਾਂਗੇ।

ਸਪੈਸ਼ਲ ਕੈਟਾਗਰੀ ਸਟੇਟਸ ਕੀ ਹੈ ਅਤੇ ਇਹ ਕਿਉਂ ਜ਼ਰੂਰੀ ਹੈ?

ਸਪੈਸ਼ਲ ਕੈਟਾਗਰੀ ਸਟੇਟਸ (SCS) ਭਾਰਤ ਦੇ ਉਨ੍ਹਾਂ ਸੂਬਿਆਂ ਨੂੰ ਦਿੱਤਾ ਜਾਂਦਾ ਹੈ ਜੋ ਭੂਗੋਲਿਕ ਤੌਰ 'ਤੇ ਔਖੇ ਹਾਲਾਤਾਂ ਵਿੱਚ ਹਨ ਜਿਵੇਂ ਪਹਾੜੀ ਖੇਤਰ, ਅੰਤਰਰਾਸ਼ਟਰੀ ਸਰਹੱਦਾਂ, ਘੱਟ ਜਨਸੰਖਿਆ ਘਣਤਾ ਜਾਂ ਆਰਥਿਕ ਪਿਛੜਾਪਣ। ਇਸ ਸਟੇਟਸ ਅਧੀਨ ਕੇਂਦਰੀ ਸਕੀਮਾਂ ਵਿੱਚ ਕੇਂਦਰ ਦਾ ਹਿੱਸਾ 90 ਫ਼ੀਸਦੀ ਤੱਕ ਹੁੰਦਾ ਹੈ ਅਤੇ ਸੂਬੇ ਨੂੰ ਸਿਰਫ਼ 10 ਫ਼ੀਸਦੀ ਦੇਣਾ ਪੈਂਦਾ ਹੈ। ਮੁੱਖ ਮੰਤਰੀ ਮਾਨ ਨੇ ਵੀ ਇਸੇ ਅਨੁਪਾਤ ਦੀ ਮੰਗ ਕੀਤੀ ਹੈ। ਪਹਾੜੀ ਸੂਬਿਆਂ ਜਿਵੇਂ ਹਿਮਾਚਲ ਪ੍ਰਦੇਸ਼ ਅਤੇ ਉੱਤਰਾਖੰਡ ਨੂੰ ਇਹ ਸਹੂਲਤ ਮਿਲਦੀ ਹੈ। ਪੰਜਾਬ ਦੀ ਦਲੀਲ ਹੈ ਕਿ ਸਰਹੱਦੀ ਸੂਬਾ ਹੋਣ ਕਾਰਨ ਉਸ ਦੀਆਂ ਚੁਣੌਤੀਆਂ ਕਿਸੇ ਵੀ ਪਹਾੜੀ ਸੂਬੇ ਤੋਂ ਘੱਟ ਨਹੀਂ ਹਨ।

ਸਰਹੱਦੀ ਸੁਰੱਖਿਆ ਚੁਣੌਤੀਆਂ ਅਤੇ ਆਰਥਿਕ ਨੁਕਸਾਨ

ਪੰਜਾਬ ਦੀ ਪਾਕਿਸਤਾਨ ਨਾਲ ਕਰੀਬ 553 ਕਿਲੋਮੀਟਰ ਲੰਮੀ ਅੰਤਰਰਾਸ਼ਟਰੀ ਸਰਹੱਦ ਹੈ। ਇਸ ਸਰਹੱਦ ਪਾਰੋਂ ਲਗਾਤਾਰ ਅਤਿਵਾਦ ਦੀਆਂ ਕੋਸ਼ਿਸ਼ਾਂ, ਡਰੋਨ ਰਾਹੀਂ ਹੈਰੋਇਨ ਅਤੇ ਹਥਿਆਰਾਂ ਦੀ ਤਸਕਰੀ ਦੀਆਂ ਘਟਨਾਵਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਇਸ ਕਾਰਨ ਸਰਹੱਦੀ ਖੇਤਰ ਵਿੱਚ ਕਿਸਾਨਾਂ ਨੂੰ ਆਪਣੀਆਂ ਜ਼ਮੀਨਾਂ ਵਾਹੁਣ ਵਿੱਚ ਭਾਰੀ ਮੁਸ਼ਕਲਾਂ ਆਉਂਦੀਆਂ ਹਨ, ਕਿਉਂਕਿ ਕਈ ਥਾਵਾਂ 'ਤੇ ਵਾੜਬੰਦੀ ਅਤੇ ਸੁਰੱਖਿਆ ਪਾਬੰਦੀਆਂ ਕਾਰਨ ਖੇਤੀ ਕੰਮ ਪ੍ਰਭਾਵਿਤ ਹੁੰਦਾ ਹੈ।

ਸਰਹੱਦੀ ਪਿੰਡਾਂ ਵਿੱਚ ਨਿਵੇਸ਼ ਵੀ ਸੀਮਤ ਰਹਿੰਦਾ ਹੈ ਕਿਉਂਕਿ ਉਦਯੋਗਪਤੀ ਅਤੇ ਨਿਵੇਸ਼ਕ ਸੁਰੱਖਿਆ ਕਾਰਨਾਂ ਕਰਕੇ ਇਨ੍ਹਾਂ ਖੇਤਰਾਂ ਵਿੱਚ ਕਾਰੋਬਾਰ ਲਗਾਉਣ ਤੋਂ ਝਿਜਕਦੇ ਹਨ। ਨਤੀਜੇ ਵਜੋਂ ਇਹ ਖੇਤਰ ਵਿਕਾਸ ਦੀ ਮੁੱਖ ਧਾਰਾ ਤੋਂ ਪਿੱਛੇ ਰਹਿ ਜਾਂਦੇ ਹਨ। ਇਸ ਲਈ ਮੁੱਖ ਮੰਤਰੀ ਮਾਨ ਨੇ ਸਰਹੱਦੀ ਖੇਤਰਾਂ ਲਈ ਵਿਸ਼ੇਸ਼ ਵਿਕਾਸ ਪੈਕੇਜ ਦੀ ਮੰਗ ਕੀਤੀ ਹੈ ਤਾਂ ਜੋ ਇਨ੍ਹਾਂ ਇਲਾਕਿਆਂ ਦੀਆਂ ਲੋਕਾਂ ਦੀ ਜ਼ਿੰਦਗੀ ਬਿਹਤਰ ਕੀਤੀ ਜਾ ਸਕੇ।

ਨਸ਼ਿਆਂ ਦੀ ਸਮੱਸਿਆ ਅਤੇ ਸੂਬੇ ਦੀ ਕੋਸ਼ਿਸ਼

ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਵੱਡੇ ਪੱਧਰ 'ਤੇ ਮੌਜੂਦ ਰਹੀ ਹੈ ਅਤੇ ਇਸ ਦੀ ਜੜ੍ਹ ਵੱਡੇ ਹਿੱਸੇ ਵਿੱਚ ਸਰਹੱਦ ਪਾਰੋਂ ਹੋਣ ਵਾਲੀ ਤਸਕਰੀ ਨਾਲ ਜੁੜੀ ਹੈ। ਮੌਜੂਦਾ ਸਰਕਾਰ ਨੇ ਇਸ ਨਾਲ ਲੜਨ ਲਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਸ਼ੁਰੂ ਕੀਤੀ ਹੈ। ਇਸ ਅਧੀਨ ਪੰਜਾਬ ਭਰ ਵਿੱਚ 547 ਓਟ (OAT) ਕਲੀਨਿਕ, 183 ਨਸ਼ਾ ਛਡਾਊ ਕੇਂਦਰ ਅਤੇ 90 ਮੁੜ-ਵਸੇਬਾ ਕੇਂਦਰ ਚੱਲ ਰਹੇ ਹਨ। ਇਹ ਅੰਕੜੇ ਦੱਸਦੇ ਹਨ ਕਿ ਸਰਕਾਰ ਨਸ਼ਿਆਂ ਦੇ ਇਲਾਜ ਨੂੰ ਕਿੰਨੀ ਗੰਭੀਰਤਾ ਨਾਲ ਲੈ ਰਹੀ ਹੈ।

ਹਾਲਾਂਕਿ ਇਸ ਮੁਹਿੰਮ ਲਈ ਬਹੁਤ ਵੱਡੇ ਸਾਧਨਾਂ ਦੀ ਲੋੜ ਹੈ ਜੋ ਪੰਜਾਬ ਦੇ ਮੌਜੂਦਾ ਵਿੱਤੀ ਢਾਂਚੇ ਵਿੱਚ ਜੁਟਾਉਣਾ ਔਖਾ ਹੈ। ਕੇਂਦਰ ਤੋਂ ਵਿੱਤੀ ਸਹਾਇਤਾ ਇਸ ਸੰਘਰਸ਼ ਨੂੰ ਹੋਰ ਮਜ਼ਬੂਤ ਕਰ ਸਕਦੀ ਹੈ। ਸਰਹੱਦ ਪਾਰੋਂ ਡਰੋਨਾਂ ਰਾਹੀਂ ਹੋਣ ਵਾਲੀ ਨਸ਼ਿਆਂ ਦੀ ਸਪਲਾਈ ਨੂੰ ਰੋਕਣਾ ਸਿਰਫ਼ ਸੂਬੇ ਦੀ ਜ਼ਿੰਮੇਵਾਰੀ ਨਹੀਂ ਹੈ, ਇਹ ਰਾਸ਼ਟਰੀ ਸੁਰੱਖਿਆ ਦਾ ਵਿਸ਼ਾ ਹੈ।

ਸਿੱਖਿਆ ਅਤੇ ਸਿਹਤ ਖੇਤਰ ਵਿੱਚ ਸੂਬੇ ਦੀਆਂ ਪ੍ਰਾਪਤੀਆਂ

ਮੁੱਖ ਮੰਤਰੀ ਮਾਨ ਨੇ ਮੀਟਿੰਗ ਵਿੱਚ ਦੱਸਿਆ ਕਿ ਨੀਤੀ ਆਯੋਗ ਦੀ ਆਪਣੀ ਸਿੱਖਿਆ ਗੁਣਵੱਤਾ ਰਿਪੋਰਟ 2026 ਮੁਤਾਬਕ ਪੰਜਾਬ ਭਾਰਤ ਵਿੱਚ ਸਭ ਤੋਂ ਵਧੀਆ ਪ੍ਰਦਰਸ਼ਨ ਕਰਨ ਵਾਲੀ ਸਕੂਲੀ ਸਿੱਖਿਆ ਪ੍ਰਣਾਲੀ ਵਜੋਂ ਉੱਭਰਿਆ ਹੈ। ਇਹ ਪ੍ਰਾਪਤੀ ਮਹੱਤਵਪੂਰਨ ਇਸ ਲਈ ਹੈ ਕਿਉਂਕਿ ਸਰਕਾਰ ਨੇ ਸੀਮਤ ਸਾਧਨਾਂ ਨਾਲ ਇਹ ਪ੍ਰਾਪਤੀ ਕੀਤੀ ਹੈ। ਜੇਕਰ ਵਿੱਤੀ ਮਦਦ ਮਿਲੇ ਤਾਂ ਸਿੱਖਿਆ ਖੇਤਰ ਵਿੱਚ ਹੋਰ ਸੁਧਾਰ ਸੰਭਵ ਹੈ।

ਸਿਹਤ ਖੇਤਰ ਵਿੱਚ 'ਮੁੱਖ ਮੰਤਰੀ ਸਿਹਤ ਯੋਜਨਾ' ਅਧੀਨ ਹਰ ਪਰਿਵਾਰ ਨੂੰ ਪ੍ਰਤੀ ਸਾਲ 10 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਦਿੱਤਾ ਜਾ ਰਿਹਾ ਹੈ ਜਿਸ ਵਿੱਚ 2,356 ਮੈਡੀਕਲ ਅਤੇ ਸਰਜੀਕਲ ਪ੍ਰਕਿਰਿਆਵਾਂ ਸ਼ਾਮਲ ਹਨ। ਆਮ ਆਦਮੀ ਕਲੀਨਿਕਾਂ ਰਾਹੀਂ ਵੀ ਪ੍ਰਾਇਮਰੀ ਸਿਹਤ ਸੇਵਾਵਾਂ ਲੋਕਾਂ ਤੱਕ ਪਹੁੰਚਾਈਆਂ ਜਾ ਰਹੀਆਂ ਹਨ। ਇਹ ਕਲਿਆਣਕਾਰੀ ਯੋਜਨਾਵਾਂ ਚਲਾਉਣ ਲਈ ਵੱਡੇ ਫੰਡਾਂ ਦੀ ਲੋੜ ਹੈ ਅਤੇ ਇਸੇ ਲਈ ਕੇਂਦਰ-ਸੂਬਾ ਫੰਡਿੰਗ ਦਾ ਅਨੁਪਾਤ 90:10 ਕਰਨਾ ਜ਼ਰੂਰੀ ਹੈ।

ਹੜ੍ਹ ਪੈਕੇਜ ਅਤੇ ਵਿੱਤੀ ਸ਼ਿਕਾਇਤਾਂ

ਮੁੱਖ ਮੰਤਰੀ ਨੇ ਇੱਕ ਅਹਿਮ ਮੁੱਦਾ ਚੁੱਕਿਆ ਕਿ ਹੜ੍ਹਾਂ ਲਈ ਦਿੱਤੇ ਵਿਸ਼ੇਸ਼ ਪੈਕੇਜ ਨੂੰ ਕੇਂਦਰ ਸਰਕਾਰ ਨੇ ਮੌਜੂਦਾ ਸਕੀਮਾਂ ਦਾ ਹਿੱਸਾ ਬਣਾ ਦਿੱਤਾ ਜੋ ਕਿ ਅਸਲ ਵਿੱਚ ਵੱਖਰੀ ਵਿੱਤੀ ਮਦਦ ਹੋਣੀ ਚਾਹੀਦੀ ਸੀ। ਇਸ ਕਾਰਨ ਪੰਜਾਬ ਨੂੰ ਅਸਲ ਵਿੱਤੀ ਲਾਭ ਨਹੀਂ ਮਿਲਿਆ। ਇਹ ਸ਼ਿਕਾਇਤ ਇਸ ਵਿਆਪਕ ਰੁਝਾਨ ਵੱਲ ਇਸ਼ਾਰਾ ਕਰਦੀ ਹੈ ਕਿ ਕੇਂਦਰ ਅਤੇ ਪੰਜਾਬ ਸਰਕਾਰ ਵਿਚਾਲੇ ਵਿੱਤੀ ਸਬੰਧਾਂ ਵਿੱਚ ਤਣਾਅ ਰਿਹਾ ਹੈ।

ਪੰਜਾਬ ਪਹਿਲਾਂ ਤੋਂ ਹੀ ਭਾਰੀ ਕਰਜ਼ੇ ਦੇ ਬੋਝ ਹੇਠ ਦੱਬਿਆ ਹੋਇਆ ਹੈ। ਅਜਿਹੀ ਹਾਲਤ ਵਿੱਚ ਕੇਂਦਰੀ ਸਕੀਮਾਂ ਵਿੱਚ ਮੈਚਿੰਗ ਗ੍ਰਾਂਟ ਦਾ ਭਾਰ ਸੂਬੇ ਦੀ ਵਿੱਤੀ ਸਿਹਤ ਨੂੰ ਹੋਰ ਕਮਜ਼ੋਰ ਕਰਦਾ ਹੈ। ਸਪੈਸ਼ਲ ਕੈਟਾਗਰੀ ਸਟੇਟਸ ਮਿਲਣ ਨਾਲ ਸੂਬੇ ਦੇ ਖ਼ਜ਼ਾਨੇ 'ਤੇ ਦਬਾਅ ਘੱਟ ਹੋਵੇਗਾ ਅਤੇ ਉਹ ਰਾਸ਼ੀ ਹੋਰ ਵਿਕਾਸ ਕਾਰਜਾਂ 'ਤੇ ਲਗਾਈ ਜਾ ਸਕਦੀ ਹੈ।

6. ਰਾਜਨੀਤਿਕ ਪ੍ਰਸੰਗ ਅਤੇ ਕੇਂਦਰ-ਸੂਬਾ ਸਬੰਧ

ਮੁੱਖ ਮੰਤਰੀ ਮਾਨ ਨੇ ਮੀਟਿੰਗ ਵਿੱਚ ਕਿਹਾ ਕਿ ਪੰਜਾਬ ਨੂੰ ਅਣਗੌਲਾ ਕੀਤਾ ਜਾ ਰਿਹਾ ਹੈ ਅਤੇ ਇਸ ਦੇ ਨਾਲ ਹੀ ਉਨ੍ਹਾਂ ਨੇ ਭਰੋਸਾ ਦਿੱਤਾ ਕਿ 'ਵਿਕਸਤ ਭਾਰਤ-2047' ਲਈ ਪੰਜਾਬ ਕੇਂਦਰ ਸਰਕਾਰ ਨਾਲ ਮਿਲ ਕੇ ਕੰਮ ਕਰੇਗਾ। ਇਹ ਸੰਤੁਲਿਤ ਪਹੁੰਚ ਦਰਸਾਉਂਦੀ ਹੈ ਕਿ ਪੰਜਾਬ ਸਰਕਾਰ ਟਕਰਾਅ ਦੀ ਬਜਾਏ ਸਹਿਯੋਗ ਦੀ ਨੀਤੀ ਚਾਹੁੰਦੀ ਹੈ।

ਇੱਥੇ ਇਹ ਵੀ ਗੌਰਤਲਬ ਹੈ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਹੈ ਜਦਕਿ ਕੇਂਦਰ ਵਿੱਚ ਭਾਜਪਾ। ਵੱਖ-ਵੱਖ ਰਾਜਨੀਤਿਕ ਪਾਰਟੀਆਂ ਦੇ ਸ਼ਾਸਨ ਕਾਰਨ ਅਕਸਰ ਕੇਂਦਰ-ਸੂਬਾ ਸਬੰਧਾਂ ਵਿੱਚ ਤਣਾਅ ਆਉਂਦਾ ਹੈ। ਅਜਿਹੇ ਸੰਦਰਭ ਵਿੱਚ ਨੀਤੀ ਆਯੋਗ ਵਰਗੇ ਮੰਚ 'ਤੇ ਆਪਣੀ ਗੱਲ ਰੱਖਣਾ ਇੱਕ ਜ਼ਰੂਰੀ ਅਤੇ ਸਹੀ ਰਣਨੀਤੀ ਹੈ।

ਵਿਸ਼ਲੇਸ਼ਣ: ਮੰਗ ਕਿੰਨੀ ਜਾਇਜ਼ ਅਤੇ ਵਿਵਹਾਰਕ?

ਅਰਥਸ਼ਾਸਤਰੀਆਂ ਅਤੇ ਨੀਤੀ ਵਿਸ਼ਲੇਸ਼ਕਾਂ ਦੀ ਨਜ਼ਰ ਤੋਂ ਦੇਖਿਆ ਜਾਵੇ ਤਾਂ ਪੰਜਾਬ ਦੀ ਮੰਗ ਵਿੱਚ ਦਮ ਹੈ। ਸਰਹੱਦੀ ਸੂਬਾ ਹੋਣਾ ਸੱਚਮੁੱਚ ਇੱਕ ਖ਼ਾਸ ਕਿਸਮ ਦੀ ਚੁਣੌਤੀ ਹੈ। ਦੇਸ਼ ਦੀ ਸੁਰੱਖਿਆ ਵਿੱਚ ਪੰਜਾਬ ਦਾ ਯੋਗਦਾਨ ਇਤਿਹਾਸਕ ਤੌਰ 'ਤੇ ਬਹੁਤ ਵੱਡਾ ਰਿਹਾ ਹੈ। ਜੇਕਰ ਪਹਾੜੀ ਸੂਬਿਆਂ ਨੂੰ ਭੂਗੋਲਿਕ ਮੁਸ਼ਕਲਾਂ ਦੇ ਆਧਾਰ 'ਤੇ ਵਿਸ਼ੇਸ਼ ਦਰਜਾ ਮਿਲ ਸਕਦਾ ਹੈ ਤਾਂ ਸਰਹੱਦੀ ਸੁਰੱਖਿਆ ਦੀਆਂ ਚੁਣੌਤੀਆਂ ਦੇ ਆਧਾਰ 'ਤੇ ਪੰਜਾਬ ਨੂੰ ਕਿਉਂ ਨਹੀਂ?

ਦੂਜੇ ਪਾਸੇ, ਕੇਂਦਰ ਸਰਕਾਰ ਲਈ ਇਹ ਫ਼ੈਸਲਾ ਇੰਨਾ ਸੌਖਾ ਨਹੀਂ। 14ਵੇਂ ਵਿੱਤ ਕਮਿਸ਼ਨ ਤੋਂ ਬਾਅਦ ਸਪੈਸ਼ਲ ਕੈਟਾਗਰੀ ਸਟੇਟਸ ਦੀ ਰਸਮੀ ਵਿਵਸਥਾ ਕਮਜ਼ੋਰ ਹੋਈ ਹੈ ਅਤੇ ਜੇਕਰ ਪੰਜਾਬ ਨੂੰ ਇਹ ਸਟੇਟਸ ਦਿੱਤਾ ਜਾਂਦਾ ਹੈ ਤਾਂ ਹੋਰ ਸੂਬੇ ਵੀ ਇਸੇ ਤਰ੍ਹਾਂ ਦੀ ਮੰਗ ਕਰ ਸਕਦੇ ਹਨ। ਇਸ ਲਈ ਕੇਂਦਰ ਨੂੰ ਇੱਕ ਸੰਤੁਲਿਤ ਨੀਤੀ ਬਣਾਉਣ ਦੀ ਲੋੜ ਹੈ।

ਪੰਜਾਬ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਨੀਤੀ ਆਯੋਗ ਵਿੱਚ ਰੱਖੀਆਂ ਮੰਗਾਂ ਨਾ ਸਿਰਫ਼ ਸਿਆਸੀ ਸੁਨੇਹਾ ਹਨ ਬਲਕਿ ਪੰਜਾਬ ਦੀਆਂ ਅਸਲ ਜ਼ਰੂਰਤਾਂ ਦੀ ਆਵਾਜ਼ ਹਨ। ਸਰਹੱਦੀ ਸੁਰੱਖਿਆ, ਨਸ਼ਿਆਂ ਦੀ ਸਮੱਸਿਆ, ਹੜ੍ਹ ਪ੍ਰਭਾਵਿਤ ਖੇਤਰ ਅਤੇ ਵਿੱਤੀ ਸੰਕਟ ਇਹ ਸਾਰੇ ਕਾਰਕ ਮਿਲ ਕੇ ਪੰਜਾਬ ਦੀ ਅਜਿਹੀ ਸਥਿਤੀ ਬਣਾਉਂਦੇ ਹਨ ਜੋ ਵਿਸ਼ੇਸ਼ ਧਿਆਨ ਅਤੇ ਸਹਾਇਤਾ ਦੀ ਮੰਗ ਕਰਦੀ ਹੈ। ਹਾਲਾਂਕਿ ਮੰਗ ਪੂਰੀ ਹੋਵੇਗੀ ਜਾਂ ਨਹੀਂ ਇਹ ਕੇਂਦਰ ਦੀ ਸਿਆਸੀ ਇੱਛਾ ਸ਼ਕਤੀ 'ਤੇ ਨਿਰਭਰ ਕਰਦਾ ਹੈ, ਪਰ ਮੁੱਖ ਮੰਤਰੀ ਮਾਨ ਨੇ ਪੰਜਾਬ ਦਾ ਕੇਸ ਮਜ਼ਬੂਤੀ ਨਾਲ ਰੱਖ ਕੇ ਇਹ ਦਿਖਾਇਆ ਹੈ ਕਿ ਸੂਬਾ ਸਰਕਾਰ ਆਪਣੇ ਹੱਕਾਂ ਲਈ ਸੁਚੇਤ ਅਤੇ ਸਰਗਰਮ ਹੈ।

ਲੁਧਿਆਣਾ ਸ਼ਹਿਰ ਨੂੰ 30 ਤੱਕ ਸੜਕਾਂ ਦੇ ਟੋਇਆਂ ਤੇ ਮੈਨਹੋਲ ਮੁਕਤ ਬਣਾਇਆ ਜਾਵੇ : ਬੈਂਸ

ਲੁਧਿਆਣਾ, 12 ਜੂਨ (ਵਿਸ਼ਾਲ ਸ਼ਰਮਾ): ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ਼ਹਿਰ

ਲੁਧਿਆਣਾ ਨੂੰ "ਮੈਨਹੋਲ ਤੇ ਟੋਏ ਮੁਕਤ" ਬਣਾਉਣ ਲਈ 30 ਜੂਨ ਦੀ ਸਮਾਂ ਸੀਮਾ ਨਿਰਧਾਰਤ ਕਰਦਿਆਂ ਸਾਰੇ ਨਗਰ ਨਿਗਮ ਅਧਿਕਾਰੀਆਂ ਨੂੰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੇ ਗਏ "ਮਿਸ਼ਨ ਕਲੀਨ ਪੰਜਾਬ" ਤਹਿਤ ਰੋਜ਼ਾਨਾ ਸਵੇਰੇ 7 ਵਜੇ ਤੋਂ ਸਵੇਰੇ 8 ਵਜੇ ਤੱਕ ਜ਼ਮੀਨੀ ਪੱਧਰ 'ਤੇ ਰਿਪੋਰਟ ਕਰਨ ਦੇ ਨਿਰਦੇਸ਼ ਦਿੱਤੇ ਹਨ। ਲੁਧਿਆਣਾ ਨਗਰ ਨਿਗਮ ਖੇਤਰਾਂ ਦੇ ਸਵੇਰੇ-ਸਵੇਰੇ ਅਚਾਨਕ ਨਿਰੀਖਣ ਦੌਰਾਨ, ਹਰਜੋਤ ਸਿੰਘ ਬੈਂਸ ਨੇ ਸ਼ਹਿਰ ਵਿੱਚੋਂ ਲੰਘਦੀਆਂ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ ਦੀਆਂ ਸੜਕਾਂ 'ਤੇ ਖੜ੍ਹੇ ਮੀਂਹ ਦੇ ਪਾਣੀ ਅਤੇ ਕੂੜੇ ਦਾ ਗੰਭੀਰ ਨੋਟਿਸ ਲਿਆ।

ਸ਼ਹਿਰ ਦਾ ਤਿੰਨ ਘੰਟੇ ਦੌਰਾ ਕਰਨ ਉਪਰੰਤ ਸ੍ਰ ਬੈਂਸ ਨੇ ਕਿਹਾ ਕਿ "ਜੇਕਰ ਨੈਸ਼ਨਲ ਹਾਈਵੇਅ ਅਥਾਰਟੀ ਆਫ਼ ਇੰਡੀਆ ਸੜਕਾਂ ਦੀ ਸਫਾਈ ਨਹੀਂ ਕਰਦਾ ਹੈ, ਤਾਂ ਨਗਰ ਨਿਗਮ ਇਸਦੀ ਸਫਾਈ ਕਰੇਗਾ ਅਤੇ ਉਨ੍ਹਾਂ ਨੂੰ ਬਿੱਲ ਭੇਜੇਗਾ। ਸਫ਼ਾਈ ਅਤੇ ਅਦਾਇਗੀ ਨਾ ਕਰਨ ਦੀ ਸੂਰਤ ਵਿੱਚ, ਜੁਰਮਾਨਾ ਵੀ ਲਗਾਇਆ ਜਾਵੇਗਾ।" ਨਗਰ ਨਿਗਮ ਅਧਿਕਾਰੀਆਂ ਨਾਲ ਮੌਨਸੂਨ ਦੀਆਂ ਤਿਆਰੀਆਂ ਦੀ ਸਮੀਖਿਆ ਕਰਦੇ ਹੋਏ, ਹਰਜੋਤ ਸਿੰਘ ਬੈਂਸ ਨੇ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਇਸ ਮਹੀਨੇ ਦੇ ਅੰਤ ਤੱਕ ਸਾਰੀਆਂ ਸੀਵਰੇਜ ਲਾਈਨਾਂ ਨੂੰ ਸਾਫ਼ ਕਰ ਦਿੱਤਾ ਜਾਵੇ। ਨਗਰ ਨਿਗਮ ਦੇ ਅਧਿਕਾਰੀਆਂ ਨੇ ਸਥਾਨਕ ਸਰਕਾਰਾਂ ਮੰਤਰੀ ਨੂੰ ਜਾਣੂ ਕਰਵਾਇਆ ਕਿ 220 ਕਿਲੋਮੀਟਰ ਸੀਵਰੇਜ ਲਾਈਨਾਂ ਦੀ ਸਫ਼ਾਈ ਕੀਤੀ ਜਾ ਰਹੀ ਹੈ, ਜਿਸ ਵਿੱਚੋਂ 49 ਕਿਲੋਮੀਟਰ ਨੂੰ ਤਰਜੀਹ ਨਾਲ ਸਾਫ਼ ਕੀਤਾ ਜਾ ਰਿਹਾ ਹੈ। ਇਸ ਵਿੱਚੋਂ 47 ਪ੍ਰਤੀਸ਼ਤ ਪਹਿਲਾਂ ਹੀ ਗਾਰ ਕੱਢੀ ਜਾ ਚੁੱਕੀ ਹੈ ਅਤੇ ਬਾਕੀ ਕੰਮ 30 ਜੂਨ ਤੱਕ ਪੂਰਾ ਹੋ ਜਾਵੇਗਾ।

ਲੁਧਿਆ

ਸੰਪਾਦਕੀ

ਕੌਮਾਂਤਰੀ ਕਾਨੂੰਨਾਂ ਦੀ ਅਣਦੇਖੀ

ਪੱਛਮੀ ਏਸ਼ੀਆ ਵਿੱਚ ਈਰਾਨ ਵਿਰੁੱਧ ਅਮਰੀਕਾ-ਇਜ਼ਰਾਈਲ ਜੰਗ ਹੁਣ ਉਨ੍ਹਾਂ ਦੇਸ਼ਾਂ ਅਤੇ ਲੋਕਾਂ ਨੂੰ ਆਪਣੀ ਲਪੇਟ ਵਿੱਚ ਲੈ ਰਹੀ ਹੈ ਜੋ ਪੂਰੀ ਤਰ੍ਹਾਂ ਨਿਰਪੱਖ ਹਨ ਅਤੇ ਸਿਰਫ਼ ਜ਼ਰੂਰੀ ਸਪਲਾਈ ਪ੍ਰਾਪਤ ਕਰਨ ਦੀ ਉਮੀਦ ਵਿੱਚ ਇਸ ਖੇਤਰ ਵਿੱਚ ਮੌਜੂਦ ਹਨ। ਆਦਰਸ਼ਕ ਤੌਰ 'ਤੇ, ਜਨਤਾ ਦੀਆਂ ਜ਼ਰੂਰਤਾਂ ਦੇ ਜਵਾਬ ਵਿੱਚ ਆਪਣੇ ਫਰਜ਼ ਨਿਭਾ ਰਹੇ ਦੂਜੇ ਦੇਸ਼ਾਂ ਦੇ ਨਾਗਰਿਕਾਂ ਨੂੰ ਕਿਸੇ ਵੀ ਪੱਖ ਦੁਆਰਾ ਨਿਸ਼ਾਨਾ ਨਹੀਂ ਬਣਾਇਆ ਜਾਣਾ ਚਾਹੀਦਾ। ਹਾਲਾਂਕਿ, ਇਸ ਮਾਮਲੇ ਵਿੱਚ ਅਮਰੀਕਾ ਦੁਆਰਾ ਹਾਲ ਹੀ ਵਿੱਚ ਦਿਖਾਈ ਗਈ ਲਾਪਰਵਾਹੀ ਅਤੇ ਮਨਮਾਨੀ ਦਾ ਪੱਧਰ ਦਰਸਾਉਂਦਾ ਹੈ ਕਿ ਇਸਨੂੰ ਆਮ ਸਥਿਤੀ ਦੀ ਬਹਾਲੀ ਲਈ ਕੋਈ ਚਿੰਤਾ ਨਹੀਂ ਹੈ। ਨਹੀਂ ਤਾਂ, ਇਸਨੇ ਪਿਛਲੇ ਤਿੰਨ ਜਾਂ ਚਾਰ ਦਿਨਾਂ ਵਿੱਚ ਖੇਤਰ ਵਿੱਚ ਤਿੰਨ ਭਾਰਤੀ ਜਹਾਜ਼ਾਂ ਨੂੰ ਨਿਸ਼ਾਨਾ ਕਿਉਂ ਬਣਾਇਆ? ਇਸਨੇ ਇਹ ਸਮਝਣਾ ਜ਼ਰੂਰੀ ਕਿਉਂ ਨਹੀਂ ਸਮਝਿਆ ਕਿ ਜਿਨ੍ਹਾਂ ਜਹਾਜ਼ਾਂ 'ਤੇ ਇਹ ਹਮਲਾ ਕਰ ਰਿਹਾ ਸੀ ਉਹ ਵਪਾਰਕ ਸਨ ਅਤੇ ਕਿਸੇ ਵੀ ਤਰ੍ਹਾਂ ਇਸ ਯੁੱਧ ਦਾ ਹਿੱਸਾ ਨਹੀਂ ਸਨ? ਇਹ ਧਿਆਨ ਦੇਣ ਯੋਗ ਹੈ ਕਿ ਓਮਾਨ ਦੇ ਤੱਟ 'ਤੇ ਵਪਾਰਕ ਜਹਾਜ਼ ਸੇਟੇਬੇਲੋ 'ਤੇ ਅਮਰੀਕੀ ਹਮਲੇ ਵਿੱਚ ਤਿੰਨ ਭਾਰਤੀ ਮਲਾਹਾਂ ਦੀ ਜਾਨ ਚਲੀ ਗਈ। ਇਸ ਵਿੱਚ ਚੌਵੀ ਲੋਕ ਸਵਾਰ ਸਨ, ਜਿਨ੍ਹਾਂ ਵਿੱਚੋਂ ਇੱਕੀ ਨੂੰ ਕਿਸੇ ਤਰ੍ਹਾਂ ਬਚਾਇਆ ਗਿਆ ਸੀ। ਇਸ ਤੋਂ ਪਹਿਲਾਂ ਸੋਮਵਾਰ ਨੂੰ, ਮੈਰੀਵੈਕਸ ਨਾਮ ਦੇ ਇੱਕ ਤੇਲ ਟੈਂਕਰ 'ਤੇ ਹਮਲਾ ਕੀਤਾ ਗਿਆ ਸੀ, ਜਿਸ ਤੋਂ ਬਾਅਦ ਭਾਰਤੀ ਮਲਾਹਾਂ ਨੇ ਮਦਦ ਲਈ ਐਮਰਜੈਂਸੀ ਸੁਨੇਹਾ ਭੇਜਿਆ ਸੀ। ਵੀਰਵਾਰ ਨੂੰ ਓਮਾਨ ਦੇ ਸ਼ਿਨਾਸ ਬੰਦਰਗਾਹ ਦੇ ਨੇੜੇ ਇੱਕ ਵਪਾਰਕ ਜਹਾਜ਼, ਐਮਟੀ ਜਲਵੀਰ 'ਤੇ ਵੀ ਹਮਲਾ ਕੀਤਾ ਗਿਆ ਸੀ। ਹਾਲਾਂਕਿ, ਦੋਵਾਂ ਘਟਨਾਵਾਂ ਵਿੱਚ ਸਾਰੇ ਮਲਾਹਾਂ ਨੂੰ ਬਚਾਇਆ ਗਿਆ। ਸਵਾਲ ਇਹ ਹੈ ਕਿ ਅਮਰੀਕਾ ਨੂੰ ਇਹ ਸਮਝਣ ਵਿੱਚ ਮੁਸ਼ਕਲ ਕਿਉਂ ਆ ਰਹੀ ਹੈ ਕਿ ਈਰਾਨ ਨਾਲ ਚੱਲ ਰਹੀ ਜੰਗ ਵਿੱਚ ਨਿਰਪੱਖ ਦੇਸ਼ਾਂ ਦੇ ਵਪਾਰਕ ਜਹਾਜ਼ਾਂ ਨੂੰ ਨਿਸ਼ਾਨਾ ਬਣਾਉਣਾ ਦੂਜੇ ਮੋਰਚਿਆਂ ਨੂੰ ਕਿਵੇਂ ਗੁੰਝਲਦਾਰ ਬਣਾ ਸਕਦਾ ਹੈ। ਦੁਨੀਆ ਭਰ ਦੇ ਬਹੁਤ ਸਾਰੇ ਦੇਸ਼ ਪਹਿਲਾਂ ਹੀ ਇੱਕ ਗੰਭੀਰ ਊਰਜਾ ਸੰਕਟ ਦਾ ਸਾਹਮਣਾ ਕਰ ਰਹੇ ਹਨ। ਹਮਲਾ ਕੀਤੇ ਗਏ ਵਪਾਰਕ ਜਹਾਜ਼ ਕਿਸੇ ਵੀ ਤਰ੍ਹਾਂ ਯੁੱਧ ਦਾ ਹਿੱਸਾ ਨਹੀਂ ਸਨ। ਫਿਰ ਵੀ, ਅਮਰੀਕਾ ਨੇ ਬਿਨਾਂ ਕਿਸੇ ਮਜ਼ਬੂਤ ਆਧਾਰ ਜਾਂ ਭੜਕਾਹਟ ਦੇ ਹਮਲਾ ਕੀਤਾ। ਸ਼ਾਇਦ ਹੁਣ ਇਸਨੂੰ ਆਪਣੇ ਰਵੱਈਏ ਅਤੇ ਜ਼ਿੱਦ ਦੇ ਨਤੀਜਿਆਂ 'ਤੇ ਵਿਚਾਰ ਕਰਨ ਦੀ ਜ਼ਰੂਰਤ ਹੈ। ਇਹ ਬਿਨਾਂ ਕਿਸੇ ਕਾਰਨ ਦੇ ਨਹੀਂ ਹੈ ਕਿ ਭਾਰਤ ਨੇ ਅਮਰੀਕੀ ਦੂਤਾਵਾਸ ਦੇ ਚਾਰਜ ਡੀ ਅਫੇਅਰਜ਼ ਨੂੰ ਤਲਬ ਕੀਤਾ ਅਤੇ ਹਮਲੇ ਅਤੇ ਮਲਾਹਾਂ ਦੀ ਹੱਤਿਆ 'ਤੇ ਸਖ਼ਤ ਵਿਰੋਧ ਦਰਜ ਕਰਵਾਇਆ। ਵਿਦੇਸ਼ ਮੰਤਰਾਲੇ ਨੇ ਮੱਧ ਪੂਰਬ ਵਿੱਚ ਸੰਵੇਦਨਸ਼ੀਲ ਸੁਰੱਖਿਆ ਸਥਿਤੀ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਅਤੇ ਸਮੁੰਦਰ ਵਿੱਚ ਵਪਾਰਕ ਜਹਾਜ਼ਾਂ 'ਤੇ ਹਮਲਿਆਂ ਨੂੰ ਭੂ-ਰਾਜਨੀਤਿਕ ਦੁਸ਼ਮਣੀ ਦਾ ਨਤੀਜਾ ਦੱਸਿਆ। ਇੱਕ ਪਾਸੇ, ਈਰਾਨ ਨੇ ਹੋਰਮੁਜ਼ ਜਲਡਮਰੂ ਨੂੰ ਰੋਕ ਦਿੱਤਾ ਹੈ, ਜਦੋਂ ਕਿ ਦੂਜੇ ਪਾਸੇ, ਅਮਰੀਕਾ ਨੇ ਪੂਰੇ ਖੇਤਰ 'ਤੇ ਨਾਕਾਬੰਦੀ ਲਗਾ ਦਿੱਤੀ ਹੈ। ਉਹ ਭਾਰਤ ਜਾਂ ਕਿਸੇ ਹੋਰ ਦੇਸ਼ ਵਿੱਚ ਵਪਾਰਕ ਜਹਾਜ਼ਾਂ ਅਤੇ ਨਾਗਰਿਕ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਉਣ ਤੋਂ ਇੰਨਾ ਝਿਜਕਦਾ ਕਿਉਂ ਹੈ? ਹੋਰਮੁਜ਼ ਜਲਡਮਰੂ ਅਤੇ ਹੋਰ ਸਮੁੰਦਰੀ ਰਸਤਿਆਂ ਤੱਕ ਬਿਨਾਂ ਰੁਕਾਵਟ ਪਹੁੰਚ ਨੂੰ ਬਹਾਲ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਇਨ੍ਹਾਂ ਨੇ ਦੁਨੀਆ ਭਰ ਦੇ ਕਈ ਦੇਸ਼ਾਂ ਨੂੰ ਊਰਜਾ ਅਤੇ ਤੇਲ ਦੀ ਸਪਲਾਈ ਵਿੱਚ ਬੁਰੀ ਤਰ੍ਹਾਂ ਵਿਘਨ ਪਾਇਆ ਹੈ, ਜਿਸ ਨਾਲ ਵਿਆਪਕ ਪੱਧਰ 'ਤੇ ਜੀਵਨ ਪ੍ਰਭਾਵਿਤ ਹੋਇਆ ਹੈ। ਵਿਅੰਗਾਤਮਕ ਤੌਰ 'ਤੇ, ਜਦੋਂ ਕਿ ਯੁੱਧ ਦੇ ਬਾਵਜੂਦ ਵਪਾਰਕ ਜਹਾਜ਼ਾਂ ਲਈ ਸੁਰੱਖਿਅਤ ਰਸਤਾ ਪ੍ਰਦਾਨ ਕੀਤਾ ਜਾਣਾ ਚਾਹੀਦਾ ਸੀ, ਇਨ੍ਹਾਂ ਜਹਾਜ਼ਾਂ 'ਤੇ ਬਿਨਾਂ ਕਿਸੇ ਆਧਾਰ ਦੇ ਹਮਲੇ ਕੀਤੇ ਜਾ ਰਹੇ ਹਨ। ਸਵਾਲ ਇਹ ਹੈ ਕਿ ਕੀ ਸਰਬੋਤਮਤਾ ਦੀ ਇਸ ਲੜਾਈ ਵਿੱਚ ਅਮਰੀਕਾ ਦੀਆਂ ਨਜ਼ਰਾਂ ਵਿੱਚ ਅੰਤਰਰਾਸ਼ਟਰੀ ਕਾਨੂੰਨ ਦੀ ਕੋਈ ਮਹੱਤਤਾ ਹੈ?

-ਜਗਜੀਤ ਸਿੰਘ ਦਰਦੀ

ਅੱਜ ਭਾਜਪਾ ਲਈ ਪੰਜਾਬ ਇੱਕ ਵੱਡੀ ਚੁਣੌਤੀ ਹੈ

ਅੱਜ ਬੀਜੇਪੀ ਲਈ ਕਿਸਾਨ ਮਸਲੇ ਅਤੇ ਪੰਜਾਬ ਵਿਰੋਧੀ ਮਾਨਸਿਕਤਾ ਤੇ ਕਾਂਗਰਸ ਤੋਂ ਆਏ ਆਗੂਆਂ ਦੀ ਪੁੱਛ ਸਭ ਤੋਂ ਵੱਡਾ ਝਟਕਾ

ਪ੍ਰੋ. ਡਾ. ਕ੍ਰਿਸ਼ਨ ਕੁਮਾਰ ਰੱਤੂ
ਮੋ: 9478730156
ਉੱਘੇ ਲੇਖਕ ਤੇ ਮੀਡੀਆ ਵਿਸ਼ਲੇਸ਼ਕ

ਬੀਜੇਪੀ ਲਈ ਪੰਜਾਬ ਚਾਣਕਿਆ ਨੀਤੀ ਦਾ ਚੈਲੇਂਜ ਅਤੇ ਡੇਰਾ ਰਾਜਨੀਤੀ ਅਤੇ ਜਾਤੀ ਵੰਡ ਵੀ ਭਾਜਪਾ ਦੀ ਮੁੱਖ ਰਣਨੀਤੀ

ਕੱਲ੍ਹ ਦਿੱਲੀ ਵਿੱਚ ਦੇਰ ਰਾਤ ਤੱਕ ਹੋਈ ਮੀਟਿੰਗ ਵਿੱਚ ਪੰਜਾਬ ਬਾਰੇ ਜੋ ਕੁੱਝ ਹੋਇਆ, ਉਹ ਹੌਲੀ ਹੌਲੀ ਸਾਹਮਣੇ ਆ ਰਿਹਾ ਹੈ।ਸਭ ਤੋਂ ਵੱਡਾ ਚੈਲੇਂਜ ਪੰਜਾਬ ਵਿੱਚ ਬੀਜੇਪੀ ਆਪਣੇ ਪੈਰ ਕਿਵੇਂ ਲਗਾਏ ਅਤੇ ਇਕ ਮਸਲਾ ਟਕਸਾਲੀ ਬੀਜੇਪੀ ਨੇਤਾਵਾਂ ਅਤੇ ਕਾਂਗਰਸ ਤੋਂ ਆਏ ਹੋਏ ਨੇਤਾਵਾਂ ਦੇ ਵਿੱਚ ਵੇਖਿਆ ਜਾ ਸਕਦਾ ਹੈ ਜੋ ਭਾਜਪਾ ਲਈ ਇਕ ਗਹਿਰੀ ਚਿੰਤਾ ਦਾ ਵਿਸ਼ਾ ਵੀ ਹੈ।

ਅੱਜ ਬੰਗਾਲ ਵਿੱਚ ਭਾਜਪਾ ਦੀ ਇਤਿਹਾਸਿਕ ਜਿੱਤ ਅਤੇ ਰਾਜ ਸਭਾ ਚੋਣਾਂ ਵਿੱਚ ਮਿਲੀਆਂ ਸਫਲਤਾਵਾਂ ਤੋਂ ਬਾਅਦ ਪਾਰਟੀ ਦਾ ਫੋਕਸ ਹੁਣ ਪੰਜਾਬ ਵੱਲ ਘੁੰਮਿਆ ਹੋਇਆ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਭਾਜਪਾ ਲਈ ਇੱਕ ਵੱਡਾ ਟੈਸਟ ਬਣ ਰਹੀਆਂ ਹਨ। ਦਿੱਲੀ ਵਿੱਚ ਬੁਲਾਈ ਗਈ ਪੰਜਾਬੀ ਲੀਡਰਾਂ ਦੀ ਵੱਡੀ ਮੀਟਿੰਗ ਇਸ ਰਣਨੀਤੀ ਦਾ ਹਿੱਸਾ ਹੈ, ਜਿਸ ਵਿੱਚ ਹੋਰ ਉੱਚ ਲੀਡਰਸ਼ਿਪ ਦੀ ਹਾਜ਼ਰੀ ਰਹੀ ਹੈ। ਇਸ ਮੀਟਿੰਗ ਵਿੱਚ ਭਾਜਪਾ ਆਪਣੀ ਅੰਦਰੂਨੀ ਤਾਕਤ, ਜਾਤੀ-ਡੇਰਾ ਰਾਜਨੀਤੀ ਅਤੇ ਨਵੀਆਂ ਭਰਤੀਆਂ ਉੱਤੇ ਚਰਚਾ ਕਰੇਗੀ। ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਭਾਜਪਾ ਪੰਜਾਬ ਵਿੱਚ ਆਪਣੇ ਸਾਰੇ ਘੋੜੇ ਲਗਾ ਕੇ ਅਮਿਤ ਸ਼ਾਹ ਵਾਲੀ ਚਾਣਕਿਆ ਨੀਤੀ ਨਾਲ ਕਿਵੇਂ ਸਫਲਤਾ ਹਾਸਲ ਕਰ ਸਕਦੀ ਹੈ? ਦਿੱਲੀ ਵਿੱਚ ਦੇਰ ਰਾਤ ਤੱਕ ਚੱਲੀ ਭਾਜਪਾ ਦੀ ਪੰਜਾਬੀ ਲੀਡਰਾਂ ਵਾਲੀ ਵੱਡੀ ਮੀਟਿੰਗ ਤੋਂ ਬਾਅਦ ਪਾਰਟੀ ਦੀਆਂ ਰਣਨੀਤੀਆਂ ਹੌਲੀ-ਹੌਲੀ ਸਾਹਮਣੇ ਆ ਰਹੀਆਂ ਹਨ। ਇਸ ਮੀਟਿੰਗ ਵਿੱਚ ਉੱਚ ਲੀਡਰਸ਼ਿਪ ਨੇ ਪੰਜਾਬ ਵਿੱਚ ਆਪਣੇ ਪੈਰ ਪੱਕੇ ਕਰਨ, ਅੰਦਰੂਨੀ ਤਾਕਤ ਵਧਾਉਣ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਰੋਡਮੈਪ ਤਿਆਰ ਕਰਨ ਉੱਤੇ ਵਿਸਥਾਰ ਨਾਲ ਚਰਚਾ ਕੀਤੀ। ਭਾਜਪਾ ਲਈ ਪੰਜਾਬ ਇੱਕ ਵੱਡਾ ਚੈਲੇਂਜ ਬਣਿਆ ਹੋਇਆ ਹੈ। ਇੱਕ ਪਾਸੇ ਕਿਸਾਨ ਮਸਲਿਆਂ ਅਤੇ ਪੰਜਾਬ ਵਿਰੋਧੀ ਮਾਨਸਿਕਤਾ ਦਾ ਬੋਝ, ਦੂਜੇ ਪਾਸੇ ਕਾਂਗਰਸ ਤੋਂ ਆਏ ਨੇਤਾਵਾਂ ਦੀ ਵਫਾਦਾਰੀ ਅਤੇ ਅੰਦਰੂਨੀ ਟਕਰਾਅ ਇੱਕ ਵੱਡਾ ਝਟਕਾ ਬਣ ਸਕਦਾ ਹੈ। ਫਿਰ ਵੀ ਭਾਜਪਾ ਅਮਿਤ ਸ਼ਾਹ ਵਾਲੀ ਚਾਣਕਿਆ ਨੀਤੀ ਨਾਲ ਡੇਰਾ ਰਾਜਨੀਤੀ, ਜਾਤੀ ਵੰਡ ਅਤੇ ਨਵੀਆਂ ਭਰਤੀਆਂ ਰਾਹੀਂ ਇਸ ਚੁਣੌਤੀ ਨੂੰ ਮੌਕੇ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਹੀ ਹੈ।ਬੰਗਾਲ ਵਿੱਚ ਭਾਜਪਾ ਦੀ ਇਤਿਹਾਸਿਕ ਜਿੱਤ ਅਤੇ ਰਾਜ ਸਭਾ ਚੋਣਾਂ ਵਿੱਚ ਹਾਸਲ ਸਫਲਤਾਵਾਂ ਤੋਂ ਬਾਅਦ ਪਾਰਟੀ ਦਾ ਧਿਆਨ ਹੁਣ ਪੰਜਾਬ ਵੱਲ ਘੁੰਮਿਆ ਹੋਇਆ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਭਾਜਪਾ ਲਈ ਇੱਕ ਵੱਡਾ ਟੈਸਟ ਬਣ ਰਹੀਆਂ ਹਨ। ਦਿੱਲੀ ਵਿੱਚ ਬੁਲਾਈ ਗਈ ਪੰਜਾਬੀ ਲੀਡਰਾਂ ਦੀ ਵੱਡੀ ਮੀਟਿੰਗ ਇਸ ਰਣਨੀਤੀ ਦਾ ਹਿੱਸਾ ਹੈ, ਜਿਸ ਵਿੱਚ ਹੋਰ ਉੱਚ ਲੀਡਰਸ਼ਿਪ ਦੀ ਹਾਜ਼ਰੀ ਰਹੀ ਹੈ। ਇਸ ਮੀਟਿੰਗ ਵਿੱਚ ਭਾਜਪਾ ਆਪਣੀ ਅੰਦਰੂਨੀ ਤਾਕਤ, ਜਾਤੀ-ਡੇਰਾ ਰਾਜਨੀਤੀ ਅਤੇ ਨਵੀਆਂ ਭਰਤੀਆਂ ਉੱਤੇ ਚਰਚਾ ਕਰੇਗੀ। ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਭਾਜਪਾ ਪੰਜਾਬ ਵਿੱਚ ਆਪਣੇ ਸਾਰੇ ਘੋੜੇ ਲਗਾ ਕੇ ਅਮਿਤ ਸ਼ਾਹ ਵਾਲੀ ਚਾਣਕਿਆ ਨੀਤੀ ਨਾਲ ਕਿਵੇਂ ਸਫਲਤਾ ਹਾਸਲ ਕਰ ਸਕਦੀ ਹੈ? ਦਿੱਲੀ ਵਿੱਚ ਦੇਰ ਰਾਤ ਤੱਕ ਚੱਲੀ ਭਾਜਪਾ ਦੀ ਪੰਜਾਬੀ ਲੀਡਰਾਂ ਵਾਲੀ ਵੱਡੀ ਮੀਟਿੰਗ ਤੋਂ ਬਾਅਦ ਪਾਰਟੀ ਦੀਆਂ ਰਣਨੀਤੀਆਂ ਹੌਲੀ-ਹੌਲੀ ਸਾਹਮਣੇ ਆ ਰਹੀਆਂ ਹਨ। ਇਸ ਮੀਟਿੰਗ ਵਿੱਚ ਉੱਚ ਲੀਡਰਸ਼ਿਪ ਨੇ ਪੰਜਾਬ ਵਿੱਚ ਆਪਣੇ ਪੈਰ ਪੱਕੇ ਕਰਨ, ਅੰਦਰੂਨੀ ਤਾਕਤ ਵਧਾਉਣ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਰੋਡਮੈਪ ਤਿਆਰ ਕਰਨ ਉੱਤੇ ਵਿਸਥਾਰ ਨਾਲ ਚਰਚਾ ਕੀਤੀ। ਭਾਜਪਾ ਲਈ ਪੰਜਾਬ ਇੱਕ ਵੱਡਾ ਚੈਲੇਂਜ ਬਣਿਆ ਹੋਇਆ ਹੈ। ਇੱਕ ਪਾਸੇ ਕਿਸਾਨ ਮਸਲਿਆਂ ਅਤੇ ਪੰਜਾਬ ਵਿਰੋਧੀ ਮਾਨਸਿਕਤਾ ਦਾ ਬੋਝ, ਦੂਜੇ ਪਾਸੇ ਕਾਂਗਰਸ ਤੋਂ ਆਏ ਨੇਤਾਵਾਂ ਦੀ ਵਫਾਦਾਰੀ ਅਤੇ ਅੰਦਰੂਨੀ ਟਕਰਾਅ ਇੱਕ ਵੱਡਾ ਝਟਕਾ ਬਣ ਸਕਦਾ ਹੈ। ਫਿਰ ਵੀ ਭਾਜਪਾ ਅਮਿਤ ਸ਼ਾਹ ਵਾਲੀ ਚਾਣਕਿਆ ਨੀਤੀ ਨਾਲ ਡੇਰਾ ਰਾਜਨੀਤੀ, ਜਾਤੀ ਵੰਡ ਅਤੇ ਨਵੀਆਂ ਭਰਤੀਆਂ ਰਾਹੀਂ ਇਸ ਚੁਣੌਤੀ ਨੂੰ ਮੌਕੇ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਹੀ ਹੈ।ਬੰਗਾਲ ਵਿੱਚ ਭਾਜਪਾ ਦੀ ਇਤਿਹਾਸਿਕ ਜਿੱਤ ਅਤੇ ਰਾਜ ਸਭਾ ਚੋਣਾਂ ਵਿੱਚ ਮਿਲੀਆਂ ਸਫਲਤਾਵਾਂ ਤੋਂ ਬਾਅਦ ਪਾਰਟੀ ਦਾ ਫੋਕਸ ਹੁਣ ਪੰਜਾਬ ਵੱਲ ਘੁੰਮਿਆ ਹੋਇਆ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਭਾਜਪਾ ਲਈ ਇੱਕ ਵੱਡਾ ਟੈਸਟ ਬਣ ਰਹੀਆਂ ਹਨ। ਦਿੱਲੀ ਵਿੱਚ ਬੁਲਾਈ ਗਈ ਪੰਜਾਬੀ ਲੀਡਰਾਂ ਦੀ ਵੱਡੀ ਮੀਟਿੰਗ ਇਸ ਰਣਨੀਤੀ ਦਾ ਹਿੱਸਾ ਹੈ, ਜਿਸ ਵਿੱਚ ਹੋਰ ਉੱਚ ਲੀਡਰਸ਼ਿਪ ਦੀ ਹਾਜ਼ਰੀ ਰਹੀ ਹੈ। ਇਸ ਮੀਟਿੰਗ ਵਿੱਚ ਭਾਜਪਾ ਆਪਣੀ ਅੰਦਰੂਨੀ ਤਾਕਤ, ਜਾਤੀ-ਡੇਰਾ ਰਾਜਨੀਤੀ ਅਤੇ ਨਵੀਆਂ ਭਰਤੀਆਂ ਉੱਤੇ ਚਰਚਾ ਕਰੇਗੀ। ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਭਾਜਪਾ ਪੰਜਾਬ ਵਿੱਚ ਆਪਣੇ ਸਾਰੇ ਘੋੜੇ ਲਗਾ ਕੇ ਅਮਿਤ ਸ਼ਾਹ ਵਾਲੀ ਚਾਣਕਿਆ ਨੀਤੀ ਨਾਲ ਕਿਵੇਂ ਸਫਲਤਾ ਹਾਸਲ ਕਰ ਸਕਦੀ ਹੈ? ਦਿੱਲੀ ਵਿੱਚ ਦੇਰ ਰਾਤ ਤੱਕ ਚੱਲੀ ਭਾਜਪਾ ਦੀ ਪੰਜਾਬੀ ਲੀਡਰਾਂ ਵਾਲੀ ਵੱਡੀ ਮੀਟਿੰਗ ਤੋਂ ਬਾਅਦ ਪਾਰਟੀ ਦੀਆਂ ਰਣਨੀਤੀਆਂ ਹੌਲੀ-ਹੌਲੀ ਸਾਹਮਣੇ ਆ ਰਹੀਆਂ ਹਨ। ਇਸ ਮੀਟਿੰਗ ਵਿੱਚ ਉੱਚ ਲੀਡਰਸ਼ਿਪ ਨੇ ਪੰਜਾਬ ਵਿੱਚ ਆਪਣੇ ਪੈਰ ਪੱਕੇ ਕਰਨ, ਅੰਦਰੂਨੀ ਤਾਕਤ ਵਧਾਉਣ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਰੋਡਮੈਪ ਤਿਆਰ ਕਰਨ ਉੱਤੇ ਵਿਸਥਾਰ ਨਾਲ ਚਰਚਾ ਕੀਤੀ। ਭਾਜਪਾ ਲਈ ਪੰਜਾਬ ਇੱਕ ਵੱਡਾ ਚੈਲੇਂਜ ਬਣਿਆ ਹੋਇਆ ਹੈ। ਇੱਕ ਪਾਸੇ ਕਿਸਾਨ ਮਸਲਿਆਂ ਅਤੇ ਪੰਜਾਬ ਵਿਰੋਧੀ ਮਾਨਸਿਕਤਾ ਦਾ ਬੋਝ, ਦੂਜੇ ਪਾਸੇ ਕਾਂਗਰਸ ਤੋਂ ਆਏ ਨੇਤਾਵਾਂ ਦੀ ਵਫਾਦਾਰੀ ਅਤੇ ਅੰਦਰੂਨੀ ਟਕਰਾਅ ਇੱਕ ਵੱਡਾ ਝਟਕਾ ਬਣ ਸਕਦਾ ਹੈ। ਫਿਰ ਵੀ ਭਾਜਪਾ ਅਮਿਤ ਸ਼ਾਹ ਵਾਲੀ ਚਾਣਕਿਆ ਨੀਤੀ ਨਾਲ ਡੇਰਾ ਰਾਜਨੀਤੀ, ਜਾਤੀ ਵੰਡ ਅਤੇ ਨਵੀਆਂ ਭਰਤੀਆਂ ਰਾਹੀਂ ਇਸ ਚੁਣੌਤੀ ਨੂੰ ਮੌਕੇ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਹੀ ਹੈ।ਬੰਗਾਲ ਵਿੱਚ ਭਾਜਪਾ ਦੀ ਇਤਿਹਾਸਿਕ ਜਿੱਤ ਅਤੇ ਰਾਜ ਸਭਾ ਚੋਣਾਂ ਵਿੱਚ ਮਿਲੀਆਂ ਸਫਲਤਾਵਾਂ ਤੋਂ ਬਾਅਦ ਪਾਰਟੀ ਦਾ ਫੋਕਸ ਹੁਣ ਪੰਜਾਬ ਵੱਲ ਘੁੰਮਿਆ ਹੋਇਆ ਹੈ। 2027 ਦੀਆਂ ਵਿਧਾਨ ਸਭਾ ਚੋਣਾਂ ਭਾਜਪਾ ਲਈ ਇੱਕ ਵੱਡਾ ਟੈਸਟ ਬਣ ਰਹੀਆਂ ਹਨ। ਦਿੱਲੀ ਵਿੱਚ ਬੁਲਾਈ ਗਈ ਪੰਜਾਬੀ ਲੀਡਰਾਂ ਦੀ ਵੱਡੀ ਮੀਟਿੰਗ ਇਸ ਰਣਨੀਤੀ ਦਾ ਹਿੱਸਾ ਹੈ, ਜਿਸ ਵਿੱਚ ਹੋਰ ਉੱਚ ਲੀਡਰਸ਼ਿਪ ਦੀ ਹਾਜ਼ਰੀ ਰਹੀ ਹੈ। ਇਸ ਮੀਟਿੰਗ ਵਿੱਚ ਭਾਜਪਾ ਆਪਣੀ ਅੰਦਰੂਨੀ ਤਾਕਤ, ਜਾਤੀ-ਡੇਰਾ ਰਾਜਨੀਤੀ ਅਤੇ ਨਵੀਆਂ ਭਰਤੀਆਂ ਉੱਤੇ ਚਰਚਾ ਕਰੇਗੀ। ਪਰ ਸਭ ਤੋਂ ਵੱਡਾ ਸਵਾਲ ਇਹ ਹੈ ਕਿ ਭਾਜਪਾ ਪੰਜਾਬ ਵਿੱਚ ਆਪਣੇ ਸਾਰੇ ਘੋੜੇ ਲਗਾ ਕੇ ਅਮਿਤ ਸ਼ਾਹ ਵਾਲੀ ਚਾਣਕਿਆ ਨੀਤੀ ਨਾਲ ਕਿਵੇਂ ਸਫਲਤਾ ਹਾਸਲ ਕਰ ਸਕਦੀ ਹੈ? ਦਿੱਲੀ ਵਿੱਚ ਦੇਰ ਰਾਤ ਤੱਕ ਚੱਲੀ ਭਾਜਪਾ ਦੀ ਪੰਜਾਬੀ ਲੀਡਰਾਂ ਵਾਲੀ ਵੱਡੀ ਮੀਟਿੰਗ ਤੋਂ ਬਾਅਦ ਪਾਰਟੀ ਦੀਆਂ ਰਣਨੀਤੀਆਂ ਹੌਲੀ-ਹੌਲੀ ਸਾਹਮਣੇ ਆ ਰਹੀਆਂ ਹਨ। ਇਸ ਮੀਟਿੰਗ ਵਿੱਚ ਉੱਚ ਲੀਡਰਸ਼ਿਪ ਨੇ ਪੰਜਾਬ ਵਿੱਚ ਆਪਣੇ ਪੈਰ ਪੱਕੇ ਕਰਨ, ਅੰਦਰੂਨੀ ਤਾਕਤ ਵਧਾਉਣ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਲਈ ਰੋਡਮੈਪ ਤਿਆਰ ਕਰਨ ਉੱਤੇ ਵਿਸਥਾਰ ਨਾਲ ਚਰਚਾ ਕੀਤੀ। ਭਾਜਪਾ ਲਈ ਪੰਜਾਬ ਇੱਕ ਵੱਡਾ ਚੈਲੇਂਜ ਬਣਿਆ ਹੋਇਆ ਹੈ। ਇੱਕ ਪਾਸੇ ਕਿਸਾਨ ਮਸਲਿਆਂ ਅਤੇ ਪੰਜਾਬ ਵਿਰੋਧੀ ਮਾਨਸਿਕਤਾ ਦਾ ਬੋਝ, ਦੂਜੇ ਪਾਸੇ ਕਾਂਗਰਸ ਤੋਂ ਆਏ ਨੇਤਾਵਾਂ ਦੀ ਵਫਾਦਾਰੀ ਅਤੇ ਅੰਦਰੂਨੀ ਟਕਰਾਅ ਇੱਕ ਵੱਡਾ ਝਟਕਾ ਬਣ ਸਕਦਾ ਹੈ। ਫਿਰ ਵੀ ਭਾਜਪਾ ਅਮਿਤ ਸ਼ਾਹ ਵਾਲੀ ਚਾਣਕਿਆ ਨੀਤੀ ਨਾਲ ਡੇਰਾ ਰਾਜਨੀਤੀ, ਜਾਤੀ ਵੰਡ ਅਤੇ ਨਵੀਆਂ ਭਰਤੀਆਂ ਰਾਹੀਂ ਇਸ ਚੁਣੌਤੀ ਨੂੰ ਮੌਕੇ ਵਿੱਚ ਬਦਲਣ ਦੀ ਕੋਸ਼ਿਸ਼ ਕਰ ਰਹ

ਬਿਨ੍ਹ ਮੰਗਿਆਂ ਨਾ ਦਿਓ ਕਿਸੇ ਨੂੰ ਸਲਾਹ...

ਸੰਜੀਵ ਸਿੰਘ ਸੈਣੀ
7888966168

ਅਸੀਂ ਸਾਰੇ ਹੀ ਸਮਾਜ ਵਿੱਚ ਵਿਚਰਦੇ ਹਾਂ, ਤਰ੍ਹਾਂ ਤਰ੍ਹਾਂ ਦੇ ਬੰਦਿਆਂ ਨਾਲ ਸਾਡਾ ਉੱਠਣਾ ਬੈਠਣਾ ਹੁੰਦਾ ਹੈ। ਕੁਝ ਸੱਜਣ ਮਿੱਤਰ ਪ੍ਰੇਮੀ ਸਾਡੇ ਦਿਲੋਂ ਕਰੀਬੀ ਬਣ ਜਾਂਦੇ ਹਨ। ਅਜਿਹੇ ਸੱਜਣਾਂ ਨਾਲ ਪਰਿਵਾਰਿਕ ਸਾਂਝ ਡੂੰਘੀ ਹੋ ਜਾਂਦੀ ਹੈ। ਆਪਣੀ ਪਰਿਵਾਰਕ ਗੱਲਾਂ ਵੀ ਅਸੀਂ ਸਾਂਝੀਆਂ ਕਰ ਲੈਂਦੇ ਹਾਂ। ਜੋ ਅੱਜ ਕੱਲ ਦਾ ਜ਼ਮਾਨਾ ਹੈ ਉਹ ਬਹੁਤ ਬਦਲ ਚੁੱਕਿਆ ਹੈ। ਪਹਿਲੇ ਸਮੇਂ ਤੇ ਅੱਜ ਦੇ ਵੇਲੇ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਪਹਿਲਾਂ ਆਪਸੀ ਪ੍ਰੀਤ, ਪਿਆਰ ਬਹੁਤ ਹੁੰਦਾ ਸੀ। ਇੱਕ ਦੂਜੇ ਦੀ ਕਦਰ ਕੀਤੀ ਜਾਂਦੀ ਸੀ। ਅੱਜ ਦਾ ਅਜਿਹਾ ਸਮਾਂ ਹੈ ਕਿ ਭਰਾ ਭਰਾ ਨੂੰ ਦੇਖ ਕੇ ਰਾਜ਼ੀ ਨਹੀਂ ਹੈ। ਜੇ ਪਰਮਾਤਮਾ ਵਧੀਆ ਰੋਟੀ ਦੇ ਰਿਹਾ ਹੈ ਤਾਂ ਈਰਖਾ ਨਫ਼ਰਤ ਹੈ, ਹਾਏ! ਇਹ ਮੇਰੇ ਨਾਲੋਂ ਕਿਉਂ ਵਧੀਆ ਰੋਟੀ ਖਾ ਰਿਹਾ ਹੈ। ਜਾਂ ਇਸ ਕੋਲ ਕਰੋੜਾਂ ਦੀ ਪ੍ਰੋਪਰਟੀ ਜਾਂ ਇਸ ਕੋਲ ਮਹਿੰਗੀਆਂ ਗੱਡੀਆਂ ਹਨ । ਕਹਿਣ ਦਾ ਮਤਲਬ ਹੈ ਕਿ ਪਿਆਰ ਉਪਰੋਂ ਉਪਰੋਂ ਰਹਿ ਗਿਆ ਹੈ । ਦਿਖਾਵੇ ਵਾਲਾ ਪਿਆਰ ਹੈ। ਅੰਦਰੂਨੀ ਕਿਸੇ ਦੀ ਮਦਦ ਕਰਨੀ ਪਿਆਰ, ਵਧੀਆ ਸਲਾਹ ਦੇਣੀ ਇਹ ਸਭ ਖ਼ਤਮ ਹੋ ਚੁੱਕਿਆ ਹੈ। ਮਨ ਵਿੱਚ ਈਰਖਾ, ਵੈਰ ਨਫ਼ਰਤ ਭਰ ਚੁੱਕੀ ਹੈ। ਕੋਈ ਵੀ ਇਨਸਾਨ ਕਿਸੇ ਦੀ ਤਰੱਕੀ ਦੇਖ ਕੇ ਖੁਸ਼ ਨਹੀਂ ਹੁੰਦਾ। ਕਿਸੇ ਦੇ ਘਰ ਵਾਰ ਵਾਰ ਨਹੀਂ ਜਾਣਾ ਚਾਹੀਦਾ । ਇੱਜ਼ਤ ਤੁਹਾਡੀ ਆਪਣੇ ਹੱਥ ਹੁੰਦੀ ਹੈ। ਅਗਲਾ ਚਾਹੇ ਤੁਹਾਨੂੰ ਨਾ ਕਹੇ ਪਰ ਉਸ ਦੇ ਚਿਹਰੇ ਦੇ ਹਾਵ ਭਾਵ ਤੋਂ ਪਤਾ ਲੱਗ ਜਾਂਦਾ ਹੈ ਕਿ ਉਹ ਤੁਹਾਡੇ ਨਾਲ ਨਫ਼ਰਤ ਕਰਦਾ ਹੈ। ਅਜਿਹਾ ਇਨਸਾਨ ਮਜਬੂਰ ਹੋ ਜਾਂਦਾ ਹੈ ਕਿ ਤੁਹਾਨੂੰ ਕਹਿਣ ਨਾਲੋਂ ਕਿ ਮੇਰੇ ਘਰ ਨਹੀਂ ਆਉਣਾ ਹੈ, ਪਰ ਤੁਸੀਂ ਸਮਝੋ ! ਇਸ ਗੱਲ ਨੂੰ ਕਿ ਬਾਰ ਬਾਰ ਕਿਸੇ ਦੇ ਘਰ ਆਉਣ ਜਾਣ ਨਾਲ ਇੱਜ਼ਤ ਘੱਟਦੀ ਹੈ। ਠੀਕ ਹੈ ਜੇ ਕੋਈ ਦੁੱਖ, ਤਕਲੀਫ ਹੈ ਤਾਂ ਜ਼ਰੂਰ ਜਾਓ । ਮਦਦ ਲਈ ਗੁਹਾਰ ਲਾਓ। ਪਰ 24 ਘੰਟੇ ਕਿਸੇ ਦੇ ਘਰ ਛਾਉਣੀ ਨਾ ਪਾਓ। ਅਗਲੇ ਦੇ ਚਿਹਰੇ 'ਤੇ ਤੁਹਾਡੇ ਆਉਣ ਦੀ ਖੁਸ਼ੀ ਨਹੀਂ ਹੈ, ਚਾਹੇ ਉਹ ਉੱਪਰੋਂ ਦਿਲ ਤੋਂ ਤੁਹਾਡੀ ਇੱਜ਼ਤ ਕਰ ਰਿਹਾ ਹੈ । ਇਹ ਗੱਲ ਸਮਝਣ ਦੀ ਬਹੁਤ ਲੋੜ ਹੁੰਦੀ ਹੈ ਕਿ ਮੇਰੀ ਇੱਜ਼ਤ ਕੌਣ ਕਰ ਰਿਹਾ ਹੈ, ਕਿੱਥੇ ਮੇਰੀ ਇੱਜ਼ਤ ਹੋ ਰਹੀ ਹੈ। ਜਦੋਂ ਤੱਕ ਤੁਹਾਨੂੰ ਨਿਉਂਦਾ ਸੱਦਾ ਨਹੀਂ ਦਿੱਤਾ ਜਾਂਦਾ, ਚਾਹੇ ਕੋਈ ਵੀ ਖੁਸ਼ੀ ਦਾ ਮਾਹੌਲ ਹੋਵੇ ਨਹੀਂ ਜਾਣਾ ਚਾਹੀਦਾ। ਹਾਂ ਇੱਕ ਗੱਲ ਜ਼ਰੂਰ ਹੈ ਦੁੱਖ ਵਿੱਚ ਜ਼ਰੂਰ ਜਾਓ। ਜਦੋਂ ਖੁਸ਼ੀ ਵੇਲੇ ਤੁਹਾਨੂੰ ਸੱਦਾ ਨਹੀਂ ਦਿੱਤਾ ਜਾਂਦਾ ਤਾਂ ਆਪਣੇ ਆਪ ਜਾ ਕੇ ਉੱਥੇ ਆਪਣੀ ਇੱਜ਼ਤ ਨਾ ਗਵਾਓ। ਸਮਾਜ ਵਿੱਚ ਵਿਚਰਦੇ ਹੋਏ ਸਾਨੂੰ ਕਿਸ ਤਰ੍ਹਾਂ ਕਿਸੇ ਇਨਸਾਨ ਨਾਲ ਕੀ ਗੱਲ ਕਰਨੀ ਹੈ , ਇਹ ਲਿਆਕਤ ਹੋਣੀ ਚਾਹੀਦੀ ਹੈ। ਬਿਨਾਂ ਮੰਗਿਆਂ ਕਿਸੇ ਨੂੰ ਵੀ ਕੋਈ ਵੀ ਸਲਾਹ ਨਹੀਂ ਦੇਣੀ ਚਾਹੀਦੀ । ਜਦੋਂ ਤੁਹਾਨੂੰ ਕਿਸੇ ਗੱਲ ਦਾ ਪਤਾ ਹੀ ਨਹੀਂ ਹੈ ਤਾਂ ਉਸ ਗੱਲ 'ਤੇ ਕੋਈ ਵੀ ਟਿੱਪਣੀ ਨਾ ਕਰੋ। ਜਦੋਂ ਤੁਹਾਨੂੰ ਪੁੱਛਿਆ ਜਾਏ ਤਾਂ ਤੁਸੀਂ ਉਸ ਗੱਲ ਬਾਰੇ ਜ਼ਿਕਰ ਕਰੋ, ਨਹੀਂ ਤਾਂ ਚੁੱਪ ਰਹੋ। ਸਮੇਂ ਦੀ ਨਜ਼ਾਕਤ ਨੂੰ ਦੇਖਦਿਆਂ ਹੋਇਆਂ ਚੁੱਪ ਰਹਿਣਾ ਹੀ ਭਲਾ ਹੈ। ਅਕਸਰ ਕਈ ਵਾਰ ਇਨਸਾਨ ਇੰਨਾ ਗ਼ਲਤ ਬੋਲ ਦਿੰਦੇ ਹਨ ਕਿ ਉਸਦੇ ਕਹੇ ਹੋਏ ਸ਼ਬਦ ਦਿਲ 'ਤੇ ਲੱਗ ਜਾਂਦੇ ਹਨ। ਕਈ ਵਾਰ ਤਾਂ ਗੱਲ ਮਾਰ ਕੁਟਾਈ ਤੱਕ ਵੀ ਪੁੱਜ ਜਾਂਦੀ ਹੈ । ਅਕਸਰ ਅਸੀਂ ਅਜਿਹੀਆਂ ਗੱਲਾਂ ਸਮਾਜ ਵਿੱਚ ਰਹਿੰਦੇ ਹੋਏ ਆਮ ਸੁਣਦੇ ਹਾਂ । ਬਾਅਦ ਵਿੱਚ ਚਾਹੇ ਉਹ ਇਨਸਾਨ ਕਿੰਨਾ ਵੀ ਚੰਗਾ ਕਿਉਂ ਨਾ ਬਣ ਜਾਏ ਉਸਦੀ ਕਹੀ ਹੋਈ ਗੱਲ ਹਮੇਸ਼ਾ ਯਾਦ ਰਹਿੰਦੀ ਹੈ। ਅਕਸਰ ਸਿਆਣੇ ਵੀ ਕਹਿੰਦੇ ਹਨ ਕਿ ਕਮਾਨ ਵਿੱਚੋਂ ਨਿਕਲਿਆ ਹੋਇਆ ਤੀਰ ਤੇ ਮੂੰਹੋਂ ਨਿਕਲੀ ਹੋਈ ਗੱਲ ਕਦੇ ਵੀ ਵਾਪਸ ਨਹੀਂ ਆਉਂਦੀ। ਸਿਆਣੇ ਪਹਿਲਾਂ ਅਕਸਰ ਕਿਹਾ ਕਰਦੇ ਸਨ ਕਿ ਜੋ ਵੀ ਗੱਲ ਕਰਨੀ ਹੈ ਉਸ ਉੱਤੇ ਵਿਚਾਰ ਜ਼ਰੂਰ ਕਰ ਲੈਣਾ ਚਾਹੀਦਾ ਹੈ।ਪਹਿਲਾਂ ਤੋਲੋ,ਫਿਰ ਬੋਲੋ। ਜਦੋਂ ਸਾਨੂੰ ਕਿਸੇ ਗੱਲ ਬਾਰੇ ਪਤਾ ਹੀ ਨਹੀਂ ਹੁੰਦਾ ਤਾਂ ਸਾਹਮਣੇ ਵਾਲੇ ਨੂੰ ਕਹਿ ਦਿਓ ਕਿ ਮੈਨੂੰ ਤਾਂ ਪਤਾ ਹੀ ਨਹੀਂ ਹੈ। ਜਦੋਂ ਤੱਕ ਭਰਪੂਰ ਜਾਣਕਾਰੀ ਨਹੀਂ ਹੁੰਦੀ ਤਾਂ ਆਪਣਾ ਮੂੰਹ ਬੰਦ ਰੱਖਣਾ ਹੀ ਜ਼ਰੂਰੀ ਸਮਝੋ। ਅੱਜ ਲੋਕਾਂ ਵਿੱਚ ਸਹਿਣਸ਼ੀਲਤਾ ਖ਼ਤਮ ਹੋ ਚੁੱਕੀ ਹੈ । ਛੋਟੀ ਜਿਹੀ ਗੱਲ 'ਤੇ ਹੀ ਮਾਰ ਕੁਟਾਈ ਕਰਨੀ ਸ਼ੁਰੂ ਕਰ ਦਿੰਦੇ ਹਨ। ਕਹਿਣ ਦਾ ਵੀ ਕਿਸੇ ਨੂੰ ਕੋਈ ਸਮਾਂ ਹੀ ਨਹੀਂ ਰਿਹਾ। ਜਦ ਵੀ ਤੁਸੀਂ ਕਿਸੇ ਦੇ ਘਰ ਜਾਂਦੇ ਹੋ ਜਾਂ ਦੋਸਤਾਂ ਮਿੱਤਰਾਂ ਵਿੱਚ ਵਿਚਰ ਰਹੇ ਹੋ ਤਾਂ ਚੁੱਪ ਰਹੋ। ਸਾਰਿਆਂ ਦੀ ਗੱਲ ਨੂੰ ਧਿਆਨ ਨਾਲ ਸੁਣੋ। ਦੇਖਦੇ ਹਾਂ ਕਿ ਜੇ ਕਿਸੇ ਵੀ ਸਿਆਸੀ ਪਾਰਟੀ ਦੀ ਕੋਈ ਵੀ ਗੱਲ ਹੋ ਜਾਵੇ ਤਾਂ ਉਸ ਸਬੰਧੀ ਲੀਡਰ ਨੂੰ ਪੁੱਛਿਆ ਜਾਂਦਾ ਹੈ ਕਿ ਤੁਹਾਡੀ ਇਸ ਘਟਨਾ ਬਾਰੇ ਕੀ ਰਾਏ ਹੈ ? ਅਗਲਾ ਸਾਫ਼ ਸਾਫ਼ ਮਨਾ ਕਰ ਦਿੰਦਾ ਹੈ ਕਿ ਮੈਨੂੰ ਤਾਂ ਇਸ ਗੱਲ ਬਾਰੇ ਬਿਲਕੁਲ ਵੀ ਪਤਾ ਨਹੀਂ ਹੈ । ਹਾਲਾਂਕਿ ਚਾਹੇ ਉਹ ਉਸ ਪਾਰਟੀ ਦਾ ਨੁਮਾਇੰਦਾ ਹੀ ਕਿਉਂ ਨਾ ਹੋਵੇ। ਜਿੱਥੇ ਤੁਹਾਨੂੰ ਲੱਗਦਾ ਹੈ ਕਿ ਤੁਹਾਡੇ ਬੋਲਣ ਨਾਲ ਕੋਈ ਤਕਰਾਰ ਹੋ ਜਾਂਦਾ ਹੈ ਤਾਂ ਉਸ ਥਾਂ 'ਤੇ ਵੈਸੇ ਤਾਂ ਜਾਣਾ ਹੀ ਨਹੀਂ ਚਾਹੀਦਾ। ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਡਾ ਜਾਣਾ ਉੱਥੇ ਜ਼ਰੂਰੀ ਹੈ ਤਾਂ ਚੁੱਪ ਰਹੋ। ਜਦੋਂ ਤੱਕ ਤੁਹਾਨੂੰ ਕਿਹਾ ਨਾ ਜਾਏ ਜਾਂ ਤੁਹਾਡੇ ਤੋਂ ਕਿਸੇ ਵੀ ਵਿਸ਼ੇ 'ਤੇ ਸਲਾਹ ਮਸ਼ਵਰਾ ਨਹੀਂ ਲਿਆ ਜਾਂਦਾ ਉਦੋਂ ਤੱਕ ਬਿਲਕੁਲ ਚੁੱਪ ਰਹਿਣਾ ਚਾਹੀਦਾ ਹੈ । ਦੇਖੋ! ਸਾਰਿਆਂ ਦੀ ਗੱਲਾਂ ਨੂੰ ਨੋਟ ਕਰੋ। ਧਿਆਨ ਨਾਲ ਸੁਣੋ। ਹਾਂ ਜਿੱਥੇ ਕੁਝ ਗਲਤ ਹੋ ਰਿਹਾ ਹੈ, ਉੱਥੇ ਆਪਣੀ ਜ਼ਰੂਰ ਰਾਏ ਦੇਵੋ। ਹਰ ਇਨਸਾਨ ਹਰ ਇੱਕ ਲਈ ਕਦੇ ਵੀ ਚੰਗਾ ਨਹੀਂ ਹੋ ਸਕਦਾ। ਜਦੋਂ ਤੁਹਾਡਾ ਕਿਸੇ ਮਿੱਤਰ ਨਾਲ ਪਿਆਰ ਹੁੰਦਾ ਹੈ, ਤਾਂ ਉਸ ਮਿੱਤਰ ਦੇ ਵੀ ਅੱਗੇ ਦੋਸਤ ਹੁੰਦੇ ਹਨ। ਉਹ ਜ਼ਰੂਰ ਤੁਹਾਨੂੰ ਦੱਸਣਗੇ ਕਿ ਇਹ ਬੰਦਾ ਸਹੀ ਨਹੀਂ ਹੈ । ਚਾਹੇ ਤੁਹਾਡਾ ਉਸ ਇਨਸਾਨ ਨਾਲ ਸਲੂਕ ਬਹੁਤ ਚੰਗਾ ਕਿਉਂ ਨਾ ਹੋਵੇ। ਸੋ ਸਮਾਜ ਵਿੱਚ ਵਿਚਰਦੇ ਹੋਏ ਬਹੁਤ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ, ਕਿ ਕਿੱਥੇ ਤੁਹਾਡੀ ਕਦਰ ਹੋ ਰਹੀ ਹੈ ? ਕਿ ਕੌਣ ਤੁਹਾਨੂੰ ਭੰਡ ਰਿਹਾ ਹੈ ? ਇਹ ਤੁਹਾਡੇ ਆਪਣੇ ਹੱਥ ਹੁੰਦੀ ਹੈ ਕਿ ਤੁਸੀਂ ਆਪਣੀ ਇੱਜ਼ਤ ਕਿੱਥੇ ਕਰਵਾਉਣੀ ਹੈ।

ਪੰਜਾਬ ਐਂਡ ਸਿੰਧ ਬੈਂਕ (ਭਾਰਤ ਸਰਕਾਰ ਦਾ ਅਦਾਰਾ) — **ਖੇਤਰੀ ਦਫਤਰ : ਮੋਗਾ**

ਮੰਗ ਸੂਚਨਾ

ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ ਕਾਨੂੰਨ, 2002 ਦੀ ਧਾਰਾ 13 (2) ਅਧੀਨ ਸੂਚਨਾ

ਇਸ ਦੁਆਰਾ ਇੱਕ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠ ਲਿਖੇ ਕਰਜ਼ਦਾਰ ਨੇ ਬੈਂਕ ਤੋਂ ਪ੍ਰਾਪਤ ਕੀਤੀਆਂ ਕ੍ਰੈਡਿਟ ਸਹੂਲਤਾਂ ਦੀ ਅਦਾਇਗੀ ਵਿੱਚ ਡਿਫਾਲਟ ਕੀਤਾ ਹੈ ਅਤੇ ਉਕਤ ਸਹੂਲਤਾਂ NPA ਹੋ ਗਈਆਂ ਹਨ। ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਸੁਰੱਖਿਆ ਵਿਆਜ ਨੂੰ ਲਾਗੂ ਕਰਨ ਐਕਟ, 2002 ਦੀ ਧਾਰਾ 13(2) ਦੇ ਤਹਿਤ ਨੋਟਿਸ **ਕਰਜ਼ਦਾਰ/ਜ਼ਾਮਨਾਂ** ਨੂੰ ਉਨ੍ਹਾਂ ਦੇ ਆਖਰੀ ਜਾਣੇ ਪਤੇ 'ਤੇ ਰਜਿਸਟਰਡ ਡਾਕ ਰਾਹੀਂ ਜਾਰੀ ਕੀਤਾ ਗਿਆ ਸੀ। ਹਾਲਾਂਕਿ, ਨੋਟਿਸ ਬਿਨਾਂ ਸੇਵਾ ਕੀਤੇ ਵਾਪਸ ਕਰ ਦਿੱਤੇ ਗਏ ਹਨ ਅਤੇ ਅਧਿਕਾਰਤ ਅਧਿਕਾਰੀ ਕੋਲ ਇਹ ਵਿਸ਼ਵਾਸ ਕਰਨ ਦੇ ਕਾਰਨ ਹਨ ਕਿ **ਕਰਜ਼ਦਾਰ/ਜ਼ਾਮਨਾਂ** ਨੋਟਿਸ ਦੀ ਸੇਵਾ ਤੋਂ ਬਚ ਰਹੇ ਹਨ ਕਿਉਂਕਿ ਉਹਨਾਂ ਨੂੰ ਇਸ ਬਾਰੇ ਜਨਤਕ ਨੋਟਿਸ ਰਾਹੀਂ ਸੂਚਿਤ ਕੀਤਾ ਜਾਂਦਾ ਹੈ।

ਕਰਜ਼ਦਾਰ (†)/ ਜ਼ਾਮਨ(†) ਦਾ ਨਾਮ	ਅਚੱਲ ਸੰਪੱਤੀਆਂ ਦੇ ਵੇਰਵੇ	ਐਨਪੀਏ ਦੀ ਮਿਤੀ	ਮੰਗ ਸੂਚਨਾ ਦੀ ਮਿਤੀ	ਬਕਾਇਆ ਰਕਮ
ਬੀਓ ਲੰਡੇਕੇ ਮੋਗਾ	25*50 = 1250 ਵਰਗ ਫੁੱਟ ਦੀ ਅਚੱਲ ਜਾਇਦਾਦ ਭਾਵ 4 1/2 ਮਰਲੇ ਦਾ ਵੇਰਵਾ ਇਸ ਪ੍ਰਕਾਰ ਹੈ: (ੳ) 0.30 ਮਰਲੇ 3 ਕਨਾਲ 7 ਮਰਲੇ ਕੁੱਲ ਖੇਤਰ ਦਾ 9/1994 ਹਿੱਸਾ ਜੋ	29.01.2026	04.06.2026	Rs. 25,87,267.70/- (ਰੁ. ਪੱਚੀ ਲੱਖ ਸਤਾਸੀ ਹਜ਼ਾਰ ਦੋ ਸੌ ਸਤਾਹਠ ਅਤੇ ਸੱਤਰ ਪੈਸੇ) 31.05.2026 ਅਨੁਸਾਰ
1.ਸ੍ਰੀ ਜੈ ਸਿੰਘ ਪੁੱਤਰ ਦਿਆ ਰਾਮ (ਕਰਜ਼ਦਾਰ) ਗਲੀ ਨੰ. 12-22 ਨਈ ਅਬਾਦੀ ਛੋਟੀ ਪੌਰੀ ਅਬੋਹਰ ਫਾਜ਼ਿਲਕਾ ਪੰਜਾਬ 152116, 2. ਸ੍ਰੀ ਦਿਆ ਰਾਮ ਸਿੰਘ ਪੁੱਤਰ ਧੀਰਜ ਸਿੰਘ (ਜ਼ਾਮਨ) ਗਲੀ ਨੰ. 12-22 ਨਈ ਅਬਾਦੀ ਛੋਟੀ ਪੌਰੀ ਅਬੋਹਰ ਫਾਜ਼ਿਲਕਾ ਪੰਜਾਬ 152116	ਕਿ ਖਸਰਾ ਨੰਬਰ 42 ਕਿੱਲ੍ਹਾ 7 (3-7) ਖੇਵਟ ਨੰਬਰ 391 ਖਤੌਨੀ ਨੰਬਰ 421 ਵਿੱਚ ਸ਼ਾਮਲ ਹੈ।(ਅ) 0.05 ਮਰਲੇ ਕੁੱਲ ਖੇਤਰ 12 ਕਨਾਲ 1 ਮਰਲੇ ਦਾ 9/1994 ਹਿੱਸਾ ਜੋ ਕਿ ਖਸਰਾ ਨੰਬਰ 42 ਕਿੱਲ੍ਹਾ 8/1 (0-12) ਖੇਵਟ ਨੰਬਰ 391 ਖਤੌਨੀ ਨੰਬਰ 422 ਵਿੱਚ ਸ਼ਾਮਲ ਹੈ।(ੲ) 0.30 ਮਰਲੇ ਕੁੱਲ ਖੇਤਰ 3 ਕਨਾਲ 7 ਮਰਲੇ ਦਾ 9/1994 ਹਿੱਸਾ ਜੋ ਕਿ ਖਸਰਾ ਨੰਬਰ 42 ਕਿੱਲ੍ਹਾ ਨੰ. 6 (3-7) ਖੇਵਟ ਨੰ: 391 ਖਤੌਨੀ ਨੰ: 422/1 ਵਿੱਚ ਸ਼ਾਮਲ ਹੈ। (ਸ) 0.25 ਮਰਲੇ ਜੋ ਕਿ ਕੁੱਲ ਖੇਤਰ ਮਾਪ 2 ਕਨਾਲ 16 ਮਰਲੇ ਦਾ 9/1994 ਹਿੱਸਾ ਹੈ ਜੋ ਕਿ ਖਸਰਾ ਨੰਬਰ 42 ਕਿੱਲ੍ਹਾ ਨੰਬਰ 13/2 (2-16) ਖੇਵਟ ਨੰਬਰ 730 ਖਤੌਨੀ ਨੰਬਰ 824 ਵਿੱਚ ਸ਼ਾਮਲ ਹੈ।(ਹ) 0.72 ਮਰਲੇ ਜੋ ਕਿ ਕੁੱਲ ਖੇਤਰ ਮਾਪ 8 ਕਨਾਲ ਦਾ 9/1994 ਹਿੱਸਾ ਜੋ ਕਿ ਖਸਰਾ ਨੰਬਰ 42 ਕਿੱਲ੍ਹਾ ਨੰਬਰ 14 (8-0) ਖੇਵਟ ਨੰਬਰ 731 ਖਤੌਨੀ ਨੰਬਰ 825 ਵਿੱਚ ਸ਼ਾਮਲ ਹੈ।(ਕ) 0.28 ਮਰਲੇ ਜੋ ਕਿ ਕੁੱਲ ਖੇਤਰ ਮਾਪ 3 ਕਨਾਲ 4 ਮਰਲੇ ਦਾ 9/1994 ਹਿੱਸਾ ਹੈ ਜੋ ਖਸਰਾ ਨੰਬਰ 43 ਕਿੱਲ੍ਹਾ ਨੰਬਰ 1 (3-4) ਖੇਵਟ ਨੰ: 732 ਖਤੌਨੀ ਨੰ: 826 ਵਿੱਚ ਸ਼ਾਮਲ ਹੈ।(ਖ) 0.25 ਮਰਲੇ ਕੁੱਲ ਰਕਬੇ 2 ਕਨਾਲ 16 ਮਰਲੇ ਦਾ ਹਿੱਸਾ 9/1994 ਖਸਰਾ ਨੰ: 43 ਕਿੱਲ੍ਹਾ ਨੰ. 3/1 (2-1), ਕਿਲਾ ਨੰ.8/1/3 (0-15) ਖੇਵਟ ਨੰ: 733 ਖਤੌਨੀ ਨੰ: 827 ਵਿੱਚ ਸ਼ਾਮਲ ਹੈ।(ਗ) 0.20 ਮਰਲੇ ਜੋ ਕਿ ਕੁੱਲ ਖੇਤਰ ਮਾਪ 2 ਕਨਾਲ 5 ਮਰਲੇ ਦਾ 9/1994 ਹਿੱਸਾ ਹੈ ਜੋ ਕਿ ਖਸਰਾ ਨੰਬਰ 43 ਕਿੱਲ੍ਹਾ ਨੰਬਰ 9/1 (2-5) ਖੇਵਟ ਨੰਬਰ 734 ਖਤੌਨੀ ਨੰਬਰ 828 ਵਿੱਚ ਸ਼ਾਮਲ ਹੈ।(ਘ) 0.34 ਮਰਲੇ ਜੋ ਕਿ ਕੁੱਲ ਖੇਤਰ ਮਾਪ 3 ਕਨਾਲ 16 ਮਰਲੇ ਦਾ 9/1994 ਹਿੱਸਾ ਹੈ ਜੋ ਕਿ ਖਸਰਾ ਨੰਬਰ 43 ਕਿੱਲ੍ਹਾ ਨੰਬਰ 11/1 (3-16) ਖੇਵਟ ਨੰਬਰ 735 ਖਤੌਨੀ ਨੰਬਰ 829 ਵਿੱਚ ਸ਼ਾਮਲ ਹੈ।(ਙ) 0.48 ਮਰਲੇ ਜੋ ਕਿ ਕੁੱਲ ਖੇਤਰ ਮਾਪ 5 ਕਨਾਲ 7 ਮਰਲੇ ਦਾ 9/1994 ਹਿੱਸਾ ਹੈ ਜੋ ਕਿ ਖਸਰਾ ਨੰਬਰ 43 ਕਿੱਲ੍ਹਾ ਨੰਬਰ 2 (5-7) ਖੇਵਟ ਨੰ: 736 ਖਤੌਨੀ ਨੰ. 830 ਵਿੱਚ ਸ਼ਾਮਲ ਹੈ (ਚ) 0.60 ਮਰਲੇ ਕੁੱਲ ਖੇਤਰ 6 ਕਨਾਲ 15 ਮਰਲੇ ਦਾ ਹਿੱਸਾ 9/1994 ਜੋ ਕਿ ਖਸਰਾ ਨੰ: 42 ਕਿਲਾ ਨੰ. 15/1 (6-15) ਖੇਵਟ ਨੰ: 737 ਖਤੌਨੀ ਨੰ: 831 ਵਿੱਚ ਸ਼ਾਮਲ ਹੈ।(ਛ) 0.12 ਮਰਲੇ ਜੋ ਕਿ ਕੁੱਲ ਖੇਤਰ ਮਾਪ 1 ਕਨਾਲ 7 ਮਰਲੇ ਦਾ 9/1994 ਹਿੱਸਾ ਹੈ ਜੋ ਕਿ ਖਸਰਾ ਨੰਬਰ 42 ਕਿਲਾ ਨੰਬਰ 8/2 (1-7) ਖੇਵਟ ਨੰਬਰ 738 ਖਤੌਨੀ ਨੰਬਰ 832 ਵਿੱਚ ਸ਼ਾਮਲ ਹੈ।(ਜ) 0.56 ਮਰਲੇ ਜੋ ਕਿ ਕੁੱਲ ਖੇਤਰ ਮਾਪ 6 ਕਨਾਲ 5 ਮਰਲੇ ਦਾ 9/1994 ਹਿੱਸਾ ਹੈ ਜੋ ਕਿ ਖਸਰਾ ਨੰਬਰ 43 ਕਿਲਾ ਨੰਬਰ 10 (6-5) ਖੇਵਟ ਨੰਬਰ 739 ਖਤੌਨੀ ਨੰਬਰ 833 ਵਿੱਚ ਸ਼ਾਮਲ ਹੈ ਜੋ ਕਿ ਸਾਲ 2014-15 ਦੀ ਜਮਾਂਬੰਦੀ ਅਨੁਸਾਰ ਆਲਮਗੜ੍ਹ ਤਹਿਸੀਲ ਅਬੋਹਰ ਦੀ ਮਾਲੀਆ ਜਾਇਦਾਦ ਦੇ ਅੰਦਰ ਮੌਜੂਦ ਕਲੋਨੀ ਅਬੋਹਰ ਵਿਖੇ ਸਥਿਤ ਹੈ ਜੋ ਕਿ ਜੈ ਸਿੰਘ ਪੁੱਤਰ ਦਯਾ ਰਾਮ ਦੀ ਹੈ, ਮਾਲਕੀ ਡੀਡ(†) ਦੇ ਵੇਰਵੇ: ਵਸੀਕਾ ਨੰਬਰ 2018-19/54/1562 ਮਿਤੀ 23-07-2018 ਦੁਆਰਾ ਰਜਿਸਟਰਡ ਵਿਕਰੀ ਡੀਡ, ਸੇਰਸਾਈ ਸੁਰੱਖਿਆ ਆਈਡੀ: 400024640069, ਜਾਇਦਾਦ ਇਸ ਤਰ੍ਹਾਂ ਸੀਮਤ ਹੈ: ਉੱਤਰ: ਜੈਦੇਵ ਚੌਧਰੀ, ਪੱਛਮ: ਹਰੀਸ਼ ਤਾਰੀਖਾ, ਪੂਰਬ: ਗਲੀ, ਦੱਖਣ: ਸੁਮਾ ਦੇਵੀ			

ਉਪਰੋਕਤ ਕਰਜ਼ਦਾਰ/ਜ਼ਾਮਨ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਇਸ ਨੋਟਿਸ ਦੇ ਪ੍ਰਕਾਸ਼ਨ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਨੋਟਿਸ ਵਿੱਚ ਦੱਸੀ ਗਈ ਰਕਮ ਦਾ ਭੁਗਤਾਨ ਕਰਨ, ਨਹੀਂ ਤਾਂ ਇਸ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੀ ਮਿਆਦ ਪੁੱਗਣ ਤੋਂ ਬਾਅਦ ਵਿੱਤੀ ਸੰਪਤੀਆਂ ਦੀ ਸੁਰੱਖਿਆ ਅਤੇ ਪੁਨਰ ਨਿਰਮਾਣ ਅਤੇ ਸੁਰੱਖਿਆ ਵਿਆਜ ਨੂੰ ਲਾਗੂ ਕਰਨ (ਸਰਫਾਈਸੀ) ਐਕਟ, 2002 ਦੇ ਉਪਬੰਧ ਅਨੁਸਾਰ ਅਗਲੇ ਕਦਮ ਚੁੱਕੇ ਜਾਣਗੇ।ਇਸ ਤੋਂ ਇਲਾਵਾ, ਕਰਜ਼ਦਾਰ/ਜ਼ਾਮਨਾਂ ਨੂੰ ਉਪਰੋਕਤ ਸੁਰੱਖਿਅਤ ਸੰਪਤੀਆਂ ਵਿੱਚੋਂ ਕਿਸੇ ਵੀ ਤਰੀਕੇ ਨਾਲ, ਬਿਨਾਂ ਕਿਸੇ ਪੂਰਵ ਸਹਿਮਤੀ ਦੇ, ਨਜਿੱਠਣ 'ਤੇ ਪਾਬੰਦੀ ਹੈ। ਇਹ ਨੋਟਿਸ ਬੈਂਕ ਦੇ ਕਾਨੂੰਨ ਦੇ ਕਿਸੇ ਵੀ ਹੋਰ ਲਾਗੂ ਉਪਬੰਧਾਂ ਦੇ ਤਹਿਤ ਜ਼ਰੂਰੀ ਸਮਝੇ ਜਾਣ ਵਾਲੇ ਅਜਿਹੇ ਹੋਰ ਕਾਰਜਾਂ ਜਾਂ ਕਾਨੂੰਨੀ ਕਾਰਵਾਈਆਂ ਸ਼ੁਰੂ ਕਰਨ ਦੇ ਅਧਿਕਾਰ ਦੇ ਪੱਖਪਾਤ ਤੋਂ ਬਿਨਾਂ ਹੈ।

ਮਿਤੀ: 12.06.2026 ਸ

ਸੜਕ ਨਿਰਮਾਣ ਦੌਰਾਨ ਪਾਣੀ ਦੀ ਨਿਕਾਸੀ ਨਾ ਹੋਣ ਕਾਰਨ ਲੋਕ ਪ੍ਰੇਸ਼ਾਨ, ਵਿਧਾਇਕ ਜੰਗੀ ਲਾਲ ਮਹਾਜਨ ਵੱਲੋਂ ਮੌਕੇ ਦਾ ਦੌਰਾ

ਤਲਵਾੜਾ, 12 ਜੂਨ (ਜਗਮੋਹਨ ਸ਼ਰਮਾ): ਹਾਜੀਪੁਰ ਤੋਂ ਹਿਮਾਚਲ ਪ੍ਰਦੇਸ਼ ਦੀ ਸਰਹੱਦ ਨਾਲ ਲੱਗਦੇ ਪਿੰਡ ਝੰਗ ਤੱਕ ਬਣ ਰਹੀ ਸੜਕ ਦਾ ਕੰਮ ਕਈ ਸਾਲਾਂ ਦੀ ਉਡੀਕ ਤੋਂ ਬਾਅਦ ਸ਼ੁਰੂ ਹੋਇਆ ਹੈ। ਇਹ ਸੜਕ ਵਾਰਾਸਤਾ ਮਰੂਲਾ, ਸੈਦੋਂ ਨੌਸ਼ਹਿਰਾ, ਸਿੰਬਲੀ ਤੇ ਸਰਿਆਣਾ ਸਮੇਤ ਕਈ ਪਿੰਡਾਂ ਨੂੰ ਜੋੜਦੀ ਹੈ। ਸੜਕ ਦੇ ਨਿਰਮਾਣ ਕਾਰਜ ਸ਼ੁਰੂ ਹੋਣ ਨਾਲ ਲੋਕਾਂ ਵਿੱਚ ਖੁਸ਼ੀ ਤਾਂ ਹੈ, ਪਰ ਪਾਣੀ ਦੀ ਨਿਕਾਸੀ ਦਾ ਢੁੱਕਵਾਂ ਪ੍ਰਬੰਧ ਨਾ ਹੋਣ ਕਾਰਨ ਸਥਾਨਕ ਲੋਕਾਂ ਨੂੰ ਭਾਰੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੜਕ ਦੇ ਵਿੱਚਕਾਰ ਪਾਣੀ ਖੜ੍ਹਾ ਰਹਿਣ ਕਾਰਨ ਰਾਹਗੀਰਾਂ, ਸਕੂਲੀ ਬੱਚਿਆਂ ਤੇ ਦੋਪਹੀਆ ਵਾਹਨ ਚਾਲਕਾਂ ਨੂੰ ਰੋਜ਼ਾਨਾ ਦਿੱਕਤਾਂ ਝੱਲਣੀਆਂ ਪੈਂਦੀਆਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਹਾਲੇ ਮਾਨਸੂਨ ਦੀ ਬਰਸਾਤ ਵੀ ਸ਼ੁਰੂ ਨਹੀਂ ਹੋਈ, ਫਿਰ ਵੀ ਸੜਕ ਉਤੇ ਪਾਣੀ ਖੜ੍ਹਾ ਹੈ, ਜਿਸ ਨਾਲ ਭਵਿੱਖ ਵਿੱਚ ਹੋਰ ਗੰਭੀਰ ਸਮੱਸਿਆਵਾਂ ਪੈਦਾ ਹੋਣ ਦਾ ਖ਼ਦਸ਼ਾ ਬਣ ਗਿਆ ਹੈ। ਇਲਾਕੇ ਦੇ ਲੋਕਾਂ ਵੱਲੋਂ ਉਠਾਈ ਗਈ ਇਸ ਸਮੱਸਿਆ ਦਾ ਨੋਟਿਸ ਲੈਂਦਿਆਂ ਹਲਕਾ ਵਿਧਾਇਕ ਜੰਗੀ ਲਾਲ ਮਹਾਜਨ ਮੌਕੇ 'ਤੇ ਪਹੁੰਚੇ ਤੇ ਸੜਕ ਦੀ ਸਥਿਤੀ ਦਾ ਜਾਇਜ਼ਾ ਲਿਆ। ਉਨ੍ਹਾਂ ਨੇ ਦੇਖਿਆ ਕਿ ਸੜਕ ਦੇ ਕਈ ਹਿੱਸਿਆਂ ਵਿੱਚ ਪਾਣੀ ਖੜ੍ਹਾ ਹੈ, ਜਿਸ ਕਾਰਨ ਲੋਕਾਂ ਨੂੰ ਆਵਾਜਾਈ ਵਿੱਚ ਮੁਸ਼ਕਿਲਾਂ ਆ ਰਹੀਆਂ ਹਨ। ਇਸ ਮੌਕੇ ਭਾਜਪਾ ਮੰਡਲ ਹਾਜੀਪੁਰ ਦੇ ਪ੍ਰਧਾਨ ਸ਼ੰਮੀ ਵਸ਼ਿਸ਼ਠ ਨੇ ਕਿਹਾ ਕਿ ਸੜਕ ਉਤੇ ਪਾਣੀ ਖੜ੍ਹਾ ਰਹਿਣ ਨਾਲ ਬੱਚਿਆਂ, ਬਜ਼ੁਰਗਾਂ ਤੇ ਆਮ ਲੋਕਾਂ ਨੂੰ ਕਾਫ਼ੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਪਰ ਸਬੰਧਤ ਵਿਭਾਗ ਵੱਲੋਂ ਇਸ ਸਮੱਸਿਆ ਦੇ ਹੱਲ ਲਈ ਕੋਈ ਢੁੱਕਵਾਂ ਕਦਮ ਨਹੀਂ ਚੁੱਕਿਆ ਗਿਆ। ਵਿਧਾਇਕ ਜੰਗੀ ਲਾਲ ਮਹਾਜਨ ਨੇ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਨਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ। ਉਨ੍ਹਾਂ ਨੇ ਮੌਕੇ 'ਤੇ ਹੀ ਵਿਭਾਗੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਕਿ ਸੜਕ ਦਾ ਲੈਵਲ ਤੁਰੰਤ ਠੀਕ ਕੀਤਾ ਜਾਵੇ ਤੇ ਜਿੱਥੇ ਲੋੜ ਹੋਵੇ ਉਥੇ ਪਾਈਪਾਂ ਪਾ ਕੇ ਪਾਣੀ ਦੀ ਨਿਕਾਸੀ ਦਾ ਪੱਕਾ ਪ੍ਰਬੰਧ ਕੀਤਾ ਜਾਵੇ।

ਈਰਾਨ-ਅਮਰੀਕਾ ਟਕਰਾਅ ਚਰਮ 'ਤੇ

ਈਰਾਨ ਵੱਲੋਂ ਸਟ੍ਰੇਟ ਆਫ ਹੋਰਮੁਜ਼ ਪੂਰੀ ਤਰ੍ਹਾਂ ਬੰਦ ਕਰਨ ਦਾ ਐਲਾਨ

ਤਹਿਰਾਨ/ਵਾਸ਼ਿੰਗਟਨ, 12 ਜੂਨ (ਚ.ਨ.ਸ): ਮੱਧ ਪੂਰਬ (ਮਿਡਲ ਈਸਟ) ਵਿੱਚ ਅਮਰੀਕਾ ਤੇ ਈਰਾਨ ਵਿਚਾਲੇ ਚੱਲ ਰਹੀ ਜੰਗ ਤੇ ਤਣਾਅ ਬੇਹੱਦ ਖ਼ਤਰਨਾਕ ਮੋੜ 'ਤੇ ਪਹੁੰਚ ਗਿਆ ਹੈ। ਈਰਾਨ ਦੀ ਇੱਕ ਨਵੀਂ ਉਚ-ਪੱਧਰੀ ਸੰਸਥਾ ਨੇ ਵਿਸ਼ਵ ਦੇ ਸਭ ਤੋਂ ਮਹੱਤਵਪੂਰਨ ਸਮੁੰਦਰੀ ਵਪਾਰਕ ਮਾਰਗ 'ਸਟ੍ਰੇਟ ਆਫ ਹੋਰਮੁਜ਼' ਨੂੰ ਅਗਲੇ ਹੁਕਮਾਂ ਤੱਕ ਪੂਰੀ ਤਰ੍ਹਾਂ ਬੰਦ ਕਰਨ ਦਾ ਰਸਮੀ ਐਲਾਨ ਕਰ ਦਿੱਤਾ ਹੈ। ਈਰਾਨ ਦੇ ਇਸ ਫੈਸਲੇ ਤੋਂ ਤੁਰੰਤ ਬਾਅਦ ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਵਿੱਚ ਭਾਰੀ ਉਛਾਲ ਦੇਖਿਆ ਜਾ ਰਿਹਾ ਹੈ ਤੇ ਦੁਨੀਆਂ ਭਰ ਵਿੱਚ ਤੇਲ ਦੀ ਸਪਲਾਈ ਠੱਪ ਹੋਣ ਦਾ ਖ਼ਦਸ਼ਾ ਪੈਦਾ ਹੋ ਗਿਆ ਹੈ। ਈਰਾਨ ਦੇ ਸਰਕਾਰੀ ਮੀਡੀਆ ਮੁਤਾਬਿਕ ਈਰਾਨ ਦੇ 'ਪਰਸ਼ੀਅਨ ਗਲਫ ਸਟ੍ਰੇਟ ਅਥਾਰਟੀ' ਨੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' (ਟਵਿੱਟਰ) 'ਤੇ ਇੱਕ ਅਧਿਕਾਰਤ ਪੋਸਟ ਸਾਂਝੀ ਕਰਦਿਆਂ ਲਿਖਿਆ ਹੈ ਕਿ ਖੇਤਰ ਵਿੱਚ ਅਮਰੀਕੀ ਫੌਜਾਂ ਵੱਲੋਂ ਕੀਤੀ ਗਈ ਤਾਜ਼ਾ ਹਵਾਈ ਬੰਬਾਰੀ ਤੇ ਹਮਲਾਵਰ ਰੁਖ਼ ਦੇ ਮੱਦੇਨਜ਼ਰ ਇਹ ਸਖ਼ਤ ਕਦਮ ਚੁੱਕਿਆ ਗਿਆ ਹੈ। ਅਥਾਰਟੀ ਨੇ ਸਪੱਸ਼ਟ ਕੀਤਾ ਹੈ ਕਿ ਜਿਹੜੇ ਵਪਾਰਕ ਜਹਾਜ਼ਾਂ ਜਾਂ ਕੰਪਨੀਆਂ ਨੂੰ ਪਹਿਲਾਂ ਹੀ ਲੰਘਣ ਦੀ ਇਜਾਜ਼ਤ (ਟਰਾਂਜਿਟ ਪਰਮਿਟ) ਮਿਲ ਚੁੱਕੀ ਸੀ, ਉਹ ਵੀ ਹਾਲ ਦੀ ਘੜੀ ਸਬਰ ਰੱਖਣ ਤੇ ਅਗਲੇ ਹੁਕਮਾਂ ਦੀ ਉਡੀਕ ਕਰਨ, ਕਿਉਂਕਿ ਫਿਲਹਾਲ ਕਿਸੇ ਵੀ ਜਹਾਜ਼ ਨੂੰ ਲੰਘਣ ਨਹੀਂ ਦਿੱਤਾ ਜਾਵੇਗਾ। ਇਹ ਫੈਸਲਾ ਈਰਾਨ ਦੇ ਸ਼ਕਤੀਸ਼ਾਲੀ ਸੁਰੱਖਿਆ ਬਲ 'ਇਸਲਾਮਿਕ ਰੈਵੋਲਿਊਸ਼ਨਰੀ ਗਾਰਡਜ਼ ਕਾਰਪਸ' ਵੱਲੋਂ ਬੀਤੀ ਰਾਤ ਲਏ ਗਏ ਫੈਸਲੇ ਤੋਂ ਬਾਅਦ ਲਾਗੂ ਕੀਤਾ ਗਿਆ ਹੈ। ਦੂਜੇ ਪਾਸੇ, ਅਮਰੀਕੀ ਫੌਜ ਦੀ ਕੇਂਦਰੀ ਕਮਾਂਡ (ਸੈਂਟਕਾਮ) ਨੇ ਈਰਾਨ ਦੇ ਇਸ ਦਾਅਵੇ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਅਮਰੀਕੀ ਫੌਜ ਦਾ ਕਹਿਣਾ ਹੈ ਕਿ ਸਟ੍ਰੇਟ ਆਫ ਹੋਰਮੁਜ਼ ਵਿੱਚ ਵਪਾਰਕ ਤੇ ਮਾਲਵਾਹਕ ਜਹਾਜ਼ਾਂ ਦੀ ਆਵਾਜਾਈ ਆਮ ਵਾਂਗ ਜਾਰੀ ਹੈ ਤੇ ਜਹਾਜ਼ ਬਿਨਾਂ ਕਿਸੇ ਰੁਕਾਵਟ ਦੇ ਖਾੜੀ ਖੇਤਰ ਦੇ ਅੰਦਰ ਤੇ ਬਾਹਰ ਆ-ਜਾ ਰਹੇ ਹਨ।

ਮਹਿਲਾ ਸਰਪੰਚ ਵੱਲੋਂ ਪੰਚਾਇਤੀ ਕੰਮਾਂ 'ਚ ਵਿਘਨ ਨੂੰ ਲੈ ਕੇ ਮਹਿਲਾ ਕਮਿਸ਼ਨ ਤੋਂ ਇਨਸਾਫ਼ ਦੀ ਮੰਗ

ਧਾਰੀਵਾਲ, 12 ਜੂਨ (ਅਸ਼ੋਕ ਕੁਮਾਰ): ਪਿੰਡ ਬੱਬਰੀ-ਨੰਗਲ (ਜ਼ਿਲ੍ਹਾ ਗੁਰਦਾਸਪੁਰ) ਦੀ ਸਰਪੰਚ ਸੁਖਦੇਵ ਕੌਰ ਨੇ ਪੰਜਾਬ ਰਾਜ ਮਹਿਲਾ ਕਮਿਸ਼ਨ ਨੂੰ ਸ਼ਿਕਾਇਤ ਭੇਜ ਕੇ ਆਪਣੇ ਨਾਲ ਹੋ ਰਹੀ ਮਾਨਸਿਕ ਤੰਗ-ਪ੍ਰੇਸ਼ਾਨੀ, ਧੱਕੇਸ਼ਾਹੀ ਤੇ ਰਾਜਨੀਤਿਕ ਦਬਾਅ ਸਬੰਧੀ ਇਨਸਾਫ਼ ਦੀ ਮੰਗ ਕੀਤੀ ਹੈ। ਸ਼ਿਕਾਇਤ ਵਿੱਚ ਉਨ੍ਹਾਂ ਦੋਸ਼ ਲਗਾਇਆ ਕਿ ਕੁਝ ਵਿਅਕਤੀ ਲਗਾਤਾਰ ਉਨ੍ਹਾਂ ਦੇ ਅਧਿਕਾਰਤ ਕੰਮਾਂ ਵਿੱਚ ਰੁਕਾਵਟ ਪਾ ਰਹੇ ਹਨ ਤੇ ਪੰਚਾਇਤ ਦੇ ਵਿਕਾਸ ਕਾਰਜਾਂ ਨੂੰ ਪ੍ਰਭਾਵਿਤ ਕਰ ਰਹੇ ਹਨ। ਸੁਖਦੇਵ ਕੌਰ ਨੇ ਕਿਹਾ ਕਿ ਸਾਬਕਾ ਸਰਪੰਚ ਦੇ ਪਰਿਵਾਰ ਨਾਲ ਜੁੜੇ ਕੁਝ ਲੋਕ ਆਪਣੇ ਸਾਥੀਆਂ ਸਮੇਤ ਗਾਲੀ-ਗਲੋਚ, ਅਪਮਾਨਜਨਕ ਟਿੱਪਣੀਆਂ ਤੇ ਦਬਾਅ ਵਾਲਾ ਮਾਹੌਲ ਬਣਾ ਕੇ ਉਨ੍ਹਾਂ ਨੂੰ ਕੰਮ ਕਰਨ ਤੋਂ ਰੋਕਣ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਦਾ ਦਾਅਵਾ ਹੈ ਕਿ ਇਹ ਸਭ ਪਿਛਲੀਆਂ ਪੰਚਾਇਤੀ ਚੋਣਾਂ ਦੀ ਰਾਜਨੀਤਿਕ ਰੰਜਿਸ਼ ਦਾ ਨਤੀਜਾ ਹੈ। ਸਰਪੰਚ ਨੇ ਦੱਸਿਆ ਕਿ ਉਹ ਕਈ ਵਾਰ ਸਬੰਧਤ ਅਧਿਕਾਰੀਆਂ ਨੂੰ ਸ਼ਿਕਾਇਤਾਂ ਦੇ ਚੁੱਕੀ ਹੈ, ਪਰ ਅਜੇ ਤੱਕ ਕੋਈ ਢੁੱਕਵੀਂ ਕਾਰਵਾਈ ਨਹੀਂ ਹੋਈ। ਉਨ੍ਹਾਂ ਮਹਿਲਾ ਕਮਿਸ਼ਨ ਤੋਂ ਮਾਮਲੇ ਦੀ ਨਿਰਪੱਖ ਜਾਂਚ, ਦੋਸ਼ੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਤੇ ਆਪਣੇ ਪਰਿਵਾਰ ਦੀ ਸੁਰੱਖਿਆ ਯਕੀਨੀ ਬਣਾਉਣ ਦੀ ਮੰਗ ਕੀਤੀ ਹੈ।

ਜਰਨੈਲ ਸਿੰਘ ਪ੍ਰਧਾਨ ਨਿਯੁਕਤ

ਸ੍ਰੀ ਹਰਿਗੋਬਿੰਦਪੁਰ ਸਾਹਿਬ/ਘੁਮਾਣ, 12 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਪਾਰਟੀ ਦੇ ਯੂਥ ਵਿੰਗ ਦੇ ਪ੍ਰਧਾਨ ਸਰਬਜੀਤ ਸਿੰਘ ਝਿੰਜਰ ਵੱਲੋਂ ਯੂਥ ਅਕਾਲੀ ਦਲ ਦੇ ਹਰਿਆਵਲ ਦਸਤੇ ਨੂੰ ਮਜ਼ਬੂਤ ਕਰਨ ਲਈ ਹਲਕਾ ਇੰਚਾਰਜਾਂ ਦੀ ਸਿਫਾਰਸ਼ ਬਲਾਕ ਪ੍ਰਧਾਨਾਂ ਦੀਆਂ ਨਿਯੁਕਤੀਆਂ ਕੀਤੀਆਂ ਗਈਆਂ। ਇਸ ਤਹਿਤ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਦੇ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਦੀ ਸਿਫਾਰਸ਼ 'ਤੇ ਸੀਨੀਅਰ ਯੂਥ ਆਗੂ ਜਰਨੈਲ ਸਿੰਘ ਹਰਪੁਰਾ ਨੂੰ ਬਲਾਕ ਸ੍ਰੀ ਹਰਿਗੋਬਿੰਦਪੁਰ ਸਾਹਿਬ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਯੂਥ ਵਿੰਗ ਦੇ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਤੋਂ ਨਵ-ਨਿਯੁਕਤ ਪ੍ਰਧਾਨ ਜਰਨੈਲ ਸਿੰਘ ਹਰਪੁਰਾ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ, ਮਾਝੇ ਦੇ ਨਿਧੜਕ ਜਰਨੈਲ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ, ਯੂਥ ਵਿੰਗ ਦੇ ਸੂਬਾ ਪ੍ਰਧਾਨ ਸਰਬਜੀਤ ਸਿੰਘ ਝਿੰਜਰ, ਹਲਕਾ ਇੰਚਾਰਜ ਸ੍ਰੀ ਹਰਿਗੋਬਿੰਦਪੁਰ ਸਾਹਿਬ ਰਾਜਨਬੀਰ ਸਿੰਘ ਘੁਮਾਣ ਤੇ ਸਮੁੱਚੀ ਹਾਈਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਜੋ ਜ਼ਿੰਮੇਵਾਰੀ ਮੈਨੂੰ ਹਲਕਾ ਪ੍ਰਧਾਨ ਨਿਯੁਕਤ ਕਰਕੇ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਦਾ ਹਮੇਸ਼ਾ ਰਿਣੀ ਰਹਾਂਗਾ। ਹਰਪੁਰਾ ਨੇ ਆਖਿਆ ਕਿ ਉਹ ਯੂਥ ਵਿੰਗ ਵੱਧ ਤੋਂ ਨੌਜਵਾਨਾਂ ਨੂੰ ਜੋੜ ਕੇ ਯੂਥ ਵਿੰਗ ਦੇ ਹਰਿਆਵਲ ਦਸਤੇ ਨੂੰ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰੇਗਾ।

ਨਗਰ ਕੌਂਸਲ ਚੋਣਾਂ ਗੁਰਦਾਸਪੁਰ, ਦੀਨਾਨਗਰ ਤੇ ਕਾਦੀਆਂ ਦੀਆਂ ਵੋਟਾਂ ਦੀਆਂ ਤਿਆਰੀਆਂ ਮੁਕੰਮਲ

ਗੁਰਦਾਸਪੁਰ, 12 ਜੂਨ (ਜਗੀਰ ਸਿੰਘ ਮੰਡ/ਨਾਹਰ): ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਗੁਰਦਾਸਪੁਰ ਆਦਿਤਿਆ ਉੱਪਲ ਦੀ ਅਗਵਾਈ ਹੇਠ ਅੱਜ 13 ਨੂੰ ਨਗਰ ਕੌਂਸਲ ਗੁਰਦਾਸਪੁਰ, ਦੀਨਾਨਗਰ ਤੇ ਕਾਦੀਆਂ ਵਿਖੇ ਪੈ ਰਹੀਆਂ ਵੋਟਾਂ ਦੀ ਤਿਆਰੀ ਮੁਕੰਮਲ ਕਰ ਲਈ ਗਈ ਹੈ। ਇਸ ਮੌਕੇ ਗੱਲ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣਕਾਰ ਅਫਸਰ ਗੁਰਪ੍ਰੀਤ ਸਿੰਘ ਗਿੱਲ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਗੁਰਦਾਸਪੁਰ ਆਦਿਤਿਆ ਉੱਪਲ ਦੀ ਅਗਵਾਈ ਹੇਠ ਨਗਰ ਕੌਂਸਲਾਂ ਦੀਆਂ ਚੋਣਾਂ ਨਿਰਪੱਖ ਤੇ ਸ਼ਾਂਤੀਪੂਰਵਕ ਢੰਗ ਨਾਲ ਮੁਕੰਮਲ ਕੀਤੀਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਵੋਟਾਂ ਸਬੰਧੀ ਵੱਖ-ਵੱਖ ਪੋਲਿੰਗ ਬੂਥਾਂ ਲਈ ਪੋਲਿੰਗ ਪਾਰਟੀਆਂ ਰਵਾਨਾ ਹੋ ਗਈਆਂ ਹਨ। ਉਨ੍ਹਾਂ ਨੇ ਅੱਗੇ ਦੱਸਿਆ ਕਿ ਮਾਣਯੋਗ ਚੋਣ ਕਮਿਸ਼ਨ ਦੀਆਂ ਹਦਾਇਤਾਂ ਤਹਿਤ ਚੋਣਾਂ ਪੂਰੀ ਤਰ੍ਹਾਂ ਨਿਰਪੱਖ ਤੇ ਆਜ਼ਾਦ ਮਾਹੌਲ ਵਿੱਚ ਕਰਵਾਈਆਂ ਜਾਣਗੀਆਂ। ਸਾਰੇ ਪੋਲਿੰਗ ਬੂਥਾਂ ਉੱਪਰ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਤੇ ਕਿਸੇ ਵੀ ਸ਼ਰਾਰਤੀ ਅਨਸਰ ਨੂੰ ਅਮਨ ਸ਼ਾਂਤੀ ਦਾ ਮਾਹੌਲ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ। ਉਨ੍ਹਾਂ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ 13 ਜੂਨ ਨੂੰ ਬਿਨ੍ਹਾਂ ਕਿਸੇ ਲਾਲਚ ਜਾਂ ਡਰ-ਭੈਅ ਦੇ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਜ਼ਰੂਰ ਕਰਨ। ਵੋਟਾਂ ਸਵੇਰੇ 8 ਵਜੇ ਤੋਂ ਸ਼ਾਮ 4 ਵਜੇ ਤੱਕ ਪੈਣਗੀਆਂ ਤੇ ਵੋਟਾਂ ਪੈਣ ਉਪਰੰਤ ਹੀ ਵੋਟਾਂ ਦੀ ਗਿਣਤੀ ਹੋਵੇਗੀ। ਉਨ੍ਹਾਂ ਕਿਹਾ ਕਿ ਵੋਟਰਾਂ ਦੀ ਵੱਧ ਤੋਂ ਵੱਧ ਭਾਗੀਦਾਰ ਸਾਡੇ ਲੋਕਤੰਤਰ ਨੂੰ ਹੋਰ ਮਜ਼ਬੂਤ ਕਰੇਗੀ ਤੇ ਲੋਕ ਆਪਣੀ ਇੱਛਾ ਅਨੁਸਾਰ ਆਪਣੀ ਸਰਕਾਰ ਚੁਣਨਗੇ। ਇਸ ਮੌਕੇ ਐਸਐਸਪੀ ਗੁਰਦਾਸਪੁਰ ਆਦਿਤਿਆ ਤੇ ਐਸਐਸਪੀ ਬਟਾਲਾ ਡਾ. ਮਹਿਤਾਬ ਸਿੰਘ ਨੇ ਦੱਸਿਆ ਕਿ ਨਗਰ ਕੌਂਸਲ ਲਈ ਸੁਰੱਖਿਆ ਦੇ ਸੁਚਾਰੂ ਢੰਗ ਨਾਲ ਪ੍ਰਬੰਧ ਕੀਤੇ ਗਏ ਹਨ ਤੇ ਅਮਨ ਸ਼ਾਂਤੀ ਨਾਲ ਵੋਟ ਪ੍ਰਕਿਰਿਆ ਮੁਕੰਮਲ ਕਰਵਾਈ ਜਾਵੇਗੀ। ਦੱਸਣਯੋਗ ਹੈ ਕਿ ਨਗਰ ਕੌਂਸਲ ਗੁਰਦਾਸਪੁਰ ਦੇ 29 ਵਾਰਡ, ਦੀਨਾਨਗਰ ਨਗਰ ਕੌਂਸਲ ਦੇ 15 ਵਾਰਡ ਤੇ ਕਾਦੀਆਂ ਨਗਰ ਕੌਂਸਲ ਦੇ 15 ਵਾਰਡ ਹਨ।

ਮਨਜਿੰਦਰ ਸਿੰਘ ਮਿੰਟਾ ਨੂੰ ਸਰਕਲ ਪ੍ਰਧਾਨ ਬਣਨ 'ਤੇ ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਨੇ ਸਨਮਾਨਿਤ ਕੀਤਾ

ਘੁਮਾਣ/ਸ੍ਰੀ ਹਰਿਗੋਬਿੰਦਪੁਰ ਸਾਹਿਬ, 12 ਜੂਨ (ਡਾ. ਨਰਿੰਦਰ ਸਿੰਘ ਘੁਮਾਣ/ਜਗੀਰ ਸਿੰਘ ਮੰਡ): ਵਿਧਾਨ ਸਭਾ ਹਲਕਾ ਸ੍ਰੀ ਹਰਿਗੋਬਿੰਦਪੁਰ ਸਾਹਿਬ ਤੋਂ ਸ਼੍ਰੋਮਣੀ ਅਕਾਲੀ ਦਲ (ਬਾਦਲ) ਪਾਰਟੀ ਵੱਲੋਂ ਕਸਬਾ ਘੁਮਾਣ ਦੇ ਨਜ਼ਦੀਕੀ ਪਿੰਡ ਸੱਖੋਵਾਲ ਦੇ ਮਨਜਿੰਦਰ ਸਿੰਘ ਮਿੰਟਾ ਨੂੰ ਬੀਤੇ ਦਿਨੀਂ ਵੱਡੀ ਜ਼ਿੰਮੇਵਾਰੀ ਦਿੰਦਿਆਂ ਸਰਕਲ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ। ਇਸ ਨਿਯੁਕਤੀ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਤੇ ਯੂਥ ਜ਼ਿਲ੍ਹਾ ਪ੍ਰਧਾਨ ਅਮਰੀਕ ਸਿੰਘ ਸ਼ਾਹਪੁਰ ਵੱਲੋਂ ਨਵ-ਨਿਯੁਕਤ ਸਰਕਲ ਪ੍ਰਧਾਨ ਮਨਜਿੰਦਰ ਸਿੰਘ ਮਿੰਟਾ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਨੇ ਨਵ-ਨਿਯੁਕਤ ਸਰਕਲ ਪ੍ਰਧਾਨ ਮਨਜਿੰਦਰ ਸਿੰਘ ਮਿੰਟਾ ਨੂੰ ਵਧਾਈ ਦਿੰਦਿਆਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਵੱਲੋਂ ਹਮੇਸ਼ਾ ਹੀ ਪਾਰਟੀ ਦੇ ਵਲੰਟੀਅਰਾਂ ਦਾ ਪੂਰਾ ਮਾਣ-ਸਤਿਕਾਰ ਕੀਤਾ ਜਾਂਦਾ ਹੈ ਤੇ ਸਮੇਂ-ਸਮੇਂ 'ਤੇ ਵੱਖ-ਵੱਖ ਅਹੁਦੇ ਦੇ ਕੇ ਨਿਵਾਜਿਆ ਜਾਂਦਾ ਹੈ। ਇਸ ਮੌਕੇ ਨਵ-ਨਿਯੁਕਤ ਸਰਕਲ ਪ੍ਰਧਾਨ ਮਨਜਿੰਦਰ ਸਿੰਘ ਮਿੰਟਾ ਨੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੀ ਸਮੁੱਚੀ ਲੀਡਰਸ਼ਿਪ ਖਾਸ ਕਰਕੇ ਹਲਕਾ ਇੰਚਾਰਜ ਰਾਜਨਬੀਰ ਸਿੰਘ ਘੁਮਾਣ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਵੱਲੋਂ ਦਿੱਤੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਵਾਂਗੇ ਤੇ ਸ਼੍ਰੋਮਣੀ ਅਕਾਲੀ ਦਲ ਦੀਆਂ ਪ੍ਰਾਪਤੀਆਂ ਨੂੰ ਘਰ-ਘਰ ਪਹੁੰਚਾਇਆ ਜਾਵੇਗਾ। ਉਨ੍ਹਾਂ ਨੇ ਅਖੀਰ ਵਿੱਚ ਕਿਹਾ ਕਿ ਆਪ ਸਰਕਾਰ ਦੇ ਦਿਨ ਹੁਣ ਪੁੱਗ ਗਏ ਹਨ ਤੇ ਲੋਕ ਆ ਰਹੀਆਂ 2027 ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਸਬਕ ਸਿਖਾ

ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਵਿਖੇ ਬੇਅਦਬੀ ਦੀ ਕੋਸ਼ਿਸ਼

☛ਐਡਵੋਕੇਟ ਧਾਮੀ ਨੇ ਲਿਆ ਸਖ਼ਤ ਨੋਟਿਸ

ਅੰਮ੍ਰਿਤਸਰ, 12 ਜੂਨ (ਚ.ਨ.ਸ): ਸੱਚਖੰਡ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਅੰਦਰ ਸਥਿਤ ਗੁਰਦੁਆਰਾ ਸ਼ਹੀਦ ਬਾਬਾ ਗੁਰਬਖਸ਼ ਸਿੰਘ ਜੀ ਵਿਖੇ ਇੱਕ ਵਿਅਕਤੀ ਵੱਲੋਂ ਬੇਅਦਬੀ ਕਰਨ ਦੀ ਕੋਸ਼ਿਸ਼ ਦਾ ਸਖ਼ਤ ਨੋਟਿਸ ਲੈਂਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਘਟਨਾ ਦੇ ਸਾਜ਼ਿਸ਼ਕਾਰਾਂ ਨੂੰ ਬੇਨਕਾਬ ਕਰਨ ਦੀ ਮੰਗ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਸੇਵਾਦਾਰਾਂ ਦੀ ਮੁਸਤੈਦੀ ਨਾਲ ਬੇਅਦਬੀ ਹੋਣ ਤੋਂ ਬਚਾਅ ਰਿਹਾ ਪਰ ਬੀਤੀ ਰਾਤ ਦੀ ਇਹ ਘਟਨਾ ਬੇਹੱਦ ਗੰਭੀਰ ਤੇ ਵੱਡੀ ਸੋਚੀ-ਸਮਝੀ ਸਾਜ਼ਿਸ਼ ਹੈ। ਉਨ੍ਹਾਂ ਕਿਹਾ ਕਿ ਬੇਅਦਬੀ ਦੀਆਂ ਘਟਨਾਵਾਂ ਲਗਾਤਾਰ ਵਾਪਰ ਰਹੀਆਂ ਹਨ ਪਰ ਸਰਕਾਰਾਂ ਦੀ ਨਾਕਾਮੀ ਕਾਰਨ

ਕਿਸੇ ਵੀ ਦੋਸ਼ੀ ਨੂੰ ਸਖ਼ਤ ਸਜ਼ਾ ਨਹੀਂ ਮਿਲੀ। ਉਨ੍ਹਾਂ ਕਿਹਾ ਕਿ ਕੁਝ ਸਾਲ ਪਹਿਲਾਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਇੱਕ ਵਿਅਕਤੀ ਨੇ ਜੰਗਲਾ ਟੱਪ ਕੇ ਬੇਅਦਬੀ ਦੀ ਕੋਸ਼ਿਸ਼ ਕੀਤੀ ਸੀ ਪਰ ਅੱਜ ਤੱਕ ਸਰਕਾਰਾਂ ਉਸ ਸਾਜ਼ਿਸ਼ ਦਾ ਪਤਾ ਲਗਾਉਣ ਵਿੱਚ ਵੀ ਨਾਕਾਮ ਰਹੀਆਂ ਹਨ। ਉਨ੍ਹਾਂ ਕਿਹਾ ਕਿ ਤਾਜ਼ਾ ਘਟਨਾ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਨੂੰ ਬਦਨਾਮ ਕਰਨ ਤੇ ਸੰਗਤਾਂ ਦੀਆਂ ਧਾਰਮਿਕ ਭਾਵਨਾਵਾਂ ਭੜਕਾਉਣ ਦੀ ਸਾਜ਼ਿਸ਼ ਹੈ, ਜਿਸ ਪਿੱਛੇ ਕੰਮ ਕਰਦੀਆਂ ਤਾਕਤਾਂ ਨੂੰ ਸਾਹਮਣੇ ਲਿਆਂਦਾ ਜਾਣਾ ਬੇਹੱਦ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਦੋਸ਼ੀ ਪੁਲਿਸ ਦੀ ਹਿਰਾਸਤ ਵਿੱਚ ਹੈ, ਜੇਕਰ ਅਜੇ ਵੀ ਇਸ ਘਟਨਾ ਦੇ ਸਾਜ਼ਿਸ਼ਕਰਤਾ ਸਾਹਮਣੇ ਨਹੀਂ ਲਿਆਂਦੇ ਜਾਂਦੇ ਤਾਂ ਇਹ ਸਪੱਸ਼ਟ ਹੋਵੇਗਾ ਕਿ ਸਰਕਾਰ ਸਿੱਖ ਭਾਵਨਾਵਾਂ ਨਾਲ ਜੁੜੇ ਹੋਏ ਮਾਮਲਿਆਂ ਪ੍ਰਤੀ ਗੰਭੀਰ ਨਹੀਂ ਹੈ। ਐਡਵੋਕੇਟ ਧਾਮੀ ਨੇ ਗੁਰਦੁਆਰਾ ਪ੍ਰਬੰਧਕਾਂ ਤੇ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਅਜਿਹੇ ਗੁਮਰਾਹਕੁੰਨ ਲੋਕ ਆਪਣੇ ਮਨਸੂਬਿਆਂ ਵਿੱਚ ਕਾਮਯਾਬ ਨਾ ਹੋਣ, ਇਸ ਲਈ ਬਜ਼ਾਰਾਂ ਤੇ ਧਾਰਮਿਕ ਸਥਾਨਾਂ 'ਤੇ ਹੋਰ ਚੌਕਸ ਹੋ ਕੇ ਸੇਵਾ ਨਿਭਾਈ ਜਾਵੇ।

ਸ੍ਰੀ ਨਨਕਾਣਾ ਸਾਹਿਬ 'ਚ ਸੁਸ਼ੋਭਿਤ ਹੋਵੇਗੀ ਗੋਲਡਨ ਫਾਈਬਰ ਪਾਲਕੀ ਸਾਹਿਬ

☛ਕਸਟਮ ਕਲੀਅਰੈਂਸ ਤੋਂ ਬਾਅਦ ਅੰਮ੍ਰਿਤਸਰ ਤੋਂ ਹੋਈ ਰਵਾਨਾ

ਅਟਾਰੀ, 12 ਜੂਨ (ਚ.ਨ.ਸ): ਭਾਰਤ ਤੋਂ ਅਟਾਰੀ-ਵਾਹਗਾ ਸਰਹੱਦੀ ਰਸਤੇ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਸਥਾਨ, ਪਾਕਿਸਤਾਨ ਦੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਲਈ ਇੱਕ ਆਕਰਸ਼ਕ ਸੁਨਹਿਰੀ ਫਾਈਬਰ ਪਾਲਕੀ ਸਾਹਿਬ ਭੇਜੀ ਗਈ। ਇਸ ਪਾਲਕੀ ਸਾਹਿਬ ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਸਜਾਇਆ ਜਾਵੇਗਾ। ਇਹ ਵਿਸ਼ੇਸ਼ ਪਾਲਕੀ ਸਾਹਿਬ ਸੰਤ ਬਾਬਾ ਦਰਸ਼ਨ ਸਿੰਘ ਕੁੱਲੀ ਵਾਲਿਆਂ ਦੇ ਸੇਵਕ ਬਾਬਾ ਗੁਰਦੇਵ ਸਿੰਘ ਕੁੱਲੀ ਵਾਲਿਆਂ ਵੱਲੋਂ ਤਿਆਰ ਕਰਵਾਈ ਗਈ ਹੈ। ਪਾਲਕੀ ਸਾਹਿਬ ਨੂੰ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੀ ਸੁੰਦਰਤਾ ਵਧਾਉਣ ਲਈ ਬਹੁਤ ਹੀ

ਆਕਰਸ਼ਕ ਢੰਗ ਨਾਲ ਡਿਜ਼ਾਈਨ ਕੀਤਾ ਗਿਆ ਹੈ। ਇਸ ਨੂੰ ਪਾਕਿਸਤਾਨ ਦੇ ਸਿੰਧ ਸੂਬੇ ਦੇ ਨਿਵਾਸੀ ਮਹੇਸ਼ ਸਿੰਘ ਦੀ ਬੇਨਤੀ 'ਤੇ ਵਿਸ਼ੇਸ਼ ਤੌਰ 'ਤੇ ਤਿਆਰ ਕੀਤਾ ਗਿਆ ਸੀ। ਸ਼ਰਧਾਲੂਆਂ ਦੀ ਇੱਛਾ ਸੀ ਕਿ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਇੱਕ ਸੁੰਦਰ ਤੇ ਸ਼ਾਨਦਾਰ ਪਾਲਕੀ ਸਾਹਿਬ ਨੂੰ ਸਥਾਪਤ ਕੀਤਾ ਜਾਵੇ, ਜਿਸ ਤੋਂ ਬਾਅਦ ਇਹ ਸੇਵਾ ਪੂਰੀ ਹੋਈ। ਪਾਲਕੀ ਸਾਹਿਬ ਨੂੰ ਅੰਮ੍ਰਿਤਸਰ ਦੇ ਅਟਾਰੀ ਇੰਟੀਗ੍ਰੇਟਿਡ ਚੈਕ ਪੋਸਟ (ਆਈਸੀਪੀ) ਰਾਹੀਂ ਪਾਕਿਸਤਾਨ ਭੇਜਿਆ ਗਿਆ। ਭਾਰਤੀ ਕਸਟਮ ਵਿਭਾਗ ਤੇ ਸੀਮਾ ਸੁਰੱਖਿਆ ਬਲ ਦੇ ਅਧਿਕਾਰੀਆਂ ਨੇ ਜ਼ਰੂਰੀ ਦਸਤਾਵੇਜ਼ ਤੇ ਕਸਟਮ ਰਸਮਾਂ ਪੂਰੀਆਂ ਕੀਤੀਆਂ।

ਵਿਧਾਇਕ ਬੜਿੰਗ ਤੇ ਚੇਅਰਮੈਨ ਸਲਾਣਾ ਨੇ ਮੁੱਖ ਮੰਤਰੀ ਦੇ ਪੀ.ਏ. ਨਾਲ ਮੁਲਾਕਾਤ ਕੀਤੀ

ਅਮਲੋਹ, 12 ਜੂਨ (ਜਸਵੰਤ ਸਿੰਘ): ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਪੀ.ਏ. ਰਾਜਬੀਰ ਸਿੰਘ ਘਰਾਚੋਂ ਨਾਲ ਅਮਲੋਹ ਹਲਕੇ ਦੇ ਵਿਧਾਇਕ ਗੁਰਿੰਦਰ ਸਿੰਘ ਗੈਰੀ ਬੜਿੰਗ ਤੇ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਸ਼ਿੰਗਾਰਾ ਸਿੰਘ ਸਲਾਣਾ ਨੇ ਵਿਸ਼ੇਸ਼ ਮੁਲਾਕਾਤ ਕੀਤੀ ਤੇ ਹਲਕੇ ਅਤੇ ਪਿੰਡਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰ ਕੀਤੇ ਗਏ। ਇਸ ਮੌਕੇ ਪਾਰਟੀ ਦੀ ਹੋਰ ਵਧੇਰੇ ਮਜ਼ਬੂਤੀ ਬਾਰੇ ਵੀ ਚਰਚਾ ਕੀਤੀ ਗਈ। ਸ੍ਰੀ ਘਰਾਚੋਂ ਨੇ ਨਵ-ਨਿਯੁਕਤ ਚੇਅਰਮੈਨ ਸ਼ਿੰਗਾਰਾ ਸਿੰਘ ਸਲਾਣਾ ਨੂੰ ਵਧਾਈ ਵੀ ਦਿੱਤੀ ਤੇ ਸਰਕਾਰ ਵੱਲੋਂ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ। ਇਸ ਮੌਕੇ ਸਰਪੰਚ ਪਰਦੀਪ ਸਿੰਘ ਕੰਜਾਰੀ, ਕੋਆਰਡੀਨੇਟਰ ਅਮਨਦੀਪ ਸਿੰਘ ਲੱਲੋਂ ਤੇ ਸਰਪੰਚ ਮਨੀਸ਼ ਨਿਓਵਾ ਆਦਿ ਹਾਜ਼ਰ ਸਨ।

ਐਸ.ਆਈ.ਆਰ ਪ੍ਰਕਿਰਿਆ ਅਧੀਨ ਅਸੈਂਬਲੀ ਲੈਵਲ ਮਾਸਟਰ ਟ੍ਰੇਨਰ ਨੂੰ ਸਿਖ਼ਲਾਈ ਦਿੱਤੀ

ਫ਼ਿਰੋਜ਼ਪੁਰ, 12 ਜੂਨ (ਤਿਵਾੜੀ): ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ ਫ਼ਿਰੋਜ਼ਪੁਰ ਦੀਪਸ਼ਿਖਾ ਸ਼ਰਮਾ ਦੀਆਂ ਹਦਾਇਤਾਂ 'ਤੇ ਡਾ. ਅਮਨਦੀਪ ਕੌਰ ਵਧੀਕ ਡਿਪਟੀ ਕਮਿਸ਼ਨਰ-ਕਮ-ਵਧੀਕ ਜ਼ਿਲ੍ਹਾ ਚੋਣ ਅਫਸਰ ਦੀ ਅਗਵਾਈ ਵਿੱਚ ਐਸ.ਆਈ.ਆਰ. ਪ੍ਰਕਿਰਿਆ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਅਸੈਂਬਲੀ ਲੈਵਲ ਮਾਸਟਰ ਟਰੇਨਰ ਦੀ ਸਿਖਲਾਈ ਦਾ ਆਯੋਜਨ ਕੀਤਾ ਗਿਆ।ਇਸ ਮੌਕੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਡਾ. ਅਮਨਦੀਪ ਕੌਰ ਨੇ ਕਿਹਾ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਵੋਟਰ ਸੂਚੀਆਂ ਦੀ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਲਈ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਸਿੱਧੀ ਨਿਗਰਾਨੀ ਹੇਠ ਐਸ.ਆਈ.ਆਰ. ਨਾਲ ਸਬੰਧਤ ਹਰ ਗਤੀਵਿਧੀ ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਿਆ ਜਾਣਾ ਹੈ ਤਾਂ ਜੋ ਇਸ ਸਬੰਧੀ ਕਿਸੇ ਵੀ ਨੋਡਲ ਅਫਸਰ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਪ੍ਰੇਸ਼ਾਨੀ ਪੇਸ਼ ਨਾ ਆਵੇ। ਵਧੀਕ ਜ਼ਿਲ੍ਹਾ ਚੋਣ ਅਫ਼ਸਰ ਨੇ ਦੱਸਿਆ ਕਿ ਇਸ ਸਿਖਲਾਈ ਦਾ ਮੁੱਖ ਮਕਸਦ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਦੀ ਇੰਨ-ਬਿੰਨ ਪਾਲਣਾ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਐਸ.ਆਈ.ਆਰ. ਪ੍ਰਕਿਰਿਆ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਇਸ ਮੌਕੇ ਸਤਿੰਦਰ ਸਿੰਘ ਇਲੈਕਸ਼ਨ ਤਹਿਸੀਲਦਾਰ ਤੇ ਗਗਨਦੀਪ ਕੌਰ ਇਲੈਕਸ਼ਨ ਕਾਨੂੰਗੋ ਮੌਜੂਦ ਸਨ।

ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ: ਮੀਰੀ-ਪੀਰੀ ਇੰਸਟੀਚਿਊਟ ਮਾਮਲੇ 'ਤੇ ਤਕਰਾਰ

ਕੁਰੂਕਸ਼ੇਤਰ, 12 ਜੂਨ (ਚ.ਨ.ਸ): ਮੀਰੀ-ਪੀਰੀ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸਜ਼ ਐਂਡ ਰਿਸਰਚ ਬਾਰੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਚਐਸਜੀਪੀਸੀ) ਦਾ ਅੰਦਰੂਨੀ ਵਿਵਾਦ ਡੂੰਘਾ ਹੁੰਦਾ ਜਾ ਰਿਹਾ ਹੈ। ਕਮੇਟੀ ਮੈਂਬਰ ਦੀਦਾਰ ਸਿੰਘ ਨਲਵੀ ਨੇ ਪ੍ਰਧਾਨ ਜਥੇ. ਜਗਦੀਸ਼ ਸਿੰਘ ਝੀਂਡਾ, ਡਾਕਟਰਾਂ ਤੇ ਕਰਮਚਾਰੀਆਂ ਨੂੰ ਗੁੰਮਰਾਹ ਕਰਨ ਦਾ ਦੋਸ਼ ਲਗਾਉਂਦਿਆਂ ਕਿਹਾ ਕਿ 16 ਜੂਨ ਨੂੰ ਹੋਣ ਵਾਲੀ ਮੀਟਿੰਗ ਦੇ ਏਜੰਡੇ ਵਿੱਚ ਮੀਰੀ-ਪੀਰੀ ਇੰਸਟੀਚਿਊਟ ਦਾ ਕੋਈ ਮੁੱਦਾ ਸ਼ਾਮਲ ਨਹੀਂ ਹੈ। ਇਤਿਹਾਸਕ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਸ਼ਾਹਾਬਾਦ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ੍ਰੀ ਨਲਵੀ ਨੇ ਕਿਹਾ ਕਿ ਕਮੇਟੀ ਨੇ ਅਧਿਕਾਰਤ ਤੌਰ 'ਤੇ ਮੀਰੀ-ਪੀਰੀ ਸੰਸਥਾ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਨਹੀਂ ਲਿਆ ਹੈ। ਇਸ ਦੇ ਬਾਵਜੂਦ ਪ੍ਰਧਾਨ ਝੀਂਡਾ ਕਰਮਚਾਰੀਆਂ ਨੂੰ ਤਨਖਾਹਾਂ ਜਾਰੀ ਕਰਨ ਤੇ ਸੰਸਥਾ ਦੇ ਭਵਿੱਖ ਬਾਰੇ ਭਰੋਸੇ ਦੇ ਰਹੇ ਹਨ, ਜੋ ਹਕੀਕਤ ਤੋਂ ਪਰੇ ਹਨ। ਉਨ੍ਹਾਂ ਦਾਅਵਾ ਕੀਤਾ ਕਿ 16 ਜੂਨ ਦੀ ਮੀਟਿੰਗ ਵਿੱਚ ਸਿਰਫ਼ ਐਚਐਸਜੀਪੀਸੀ ਦੀ ਕਾਰਜਕਾਰਨੀ ਦੇ ਗਠਨ ਤੇ ਸੰਭਾਵੀ ਤਬਦੀਲੀਆਂ 'ਤੇ ਚਰਚਾ ਹੋਣੀ ਹੈ, ਜੇ ਲੋੜ ਪਈ ਤਾਂ ਉਹ ਮੀਰੀ-ਪੀਰੀ ਸੰਸਥਾ ਨੂੰ ਬਚਾਉਣ ਲਈ ਵੱਡਾ ਸੰਘਰਸ਼ ਸ਼ੁਰੂ ਕਰਨਗੇ ਤੇ ਐਚਐਸਜੀਪੀਸੀ ਦੇ ਸਾਰੇ 49 ਮੈਂਬਰਾਂ ਦੀ ਹਮਾਇਤ ਜੁਟਾਉਣਗੇ। ਉਨ੍ਹਾਂ ਇਹ ਵੀ ਕਿਹਾ ਕਿ 2026-27 ਦਾ ਬਜਟ ਹਾਲੇ ਤੱਕ ਪਾਸ ਨਾ ਹੋਣਾ ਇਸ ਗੱਲ ਦਾ ਸਬੂਤ ਹੈ ਕਿ ਮੌਜੂਦਾ ਲੀਡਰਸ਼ਿਪ ਮੈਂਬਰਾਂ ਦਾ ਭਰੋਸਾ ਗੁਆ ਚੁੱਕੀ ਹੈ। ਉਨ੍ਹਾਂ ਪ੍ਰਧਾਨ ਝੀਂਡਾ ਤੋਂ ਅਸਤੀਫੇ ਦੀ ਮੰਗ ਕਰਦਿਆਂ ਕਿਹਾ ਕਿ ਕਮੇਟੀ ਨੂੰ ਹੁਣ ਪਾਰਦਰਸ਼ੀ, ਜਵਾਬਦੇਹ ਤੇ ਜ਼ਮੀਨੀ ਪੱਧਰ ਦੀ ਲੀਡਰਸ਼ਿਪ ਦੀ ਲੋੜ ਹੈ।

17-18 ਜੂਨ ਤੱਕ ਤਨਖਾਹਾਂ ਜਾਰੀ ਹੋਣਗੀਆਂ: ਝੀਂਡਾ

ਐਚਐਸਜੀਪੀਸੀ ਪ੍ਰਧਾਨ ਜਥੇ. ਜਗਦੀਸ਼ ਸਿੰਘ ਝੀਂਡਾ ਨੇ ਨਲਵੀ ਦੇ ਦੋਸ਼ਾਂ ਨੂੰ ਨਕਾਰਦਿਆਂ ਕਿਹਾ ਕਿ ਕਰਮਚਾਰੀਆਂ ਨੂੰ 16 ਜੂਨ ਨੂੰ ਨਹੀਂ ਸਗੋਂ 17 ਜਾਂ 18 ਜੂਨ ਤੱਕ ਤਨਖਾਹਾਂ ਜਾਰੀ ਕਰਨ ਦਾ ਭਰੋਸਾ ਦਿੱਤਾ ਗਿਆ ਹੈ। 16 ਜੂਨ ਨੂੰ ਸੰਸਥਾ ਦੇ ਗਠਨ ਦੀ ਪ੍ਰਕਿਰਿਆ ਪੂਰੀ ਹੋਣ ਤੋਂ ਬਾਅਦ ਮੀਰੀ-ਪੀਰੀ ਇੰਸਟੀਚਿਊਟ ਦੇ ਭਵਿੱਖ ਤੇ ਸੰਚਾਲਨ ਬਾਰੇ ਵਿਚਾਰ ਕੀਤਾ ਜਾਵੇਗਾ। ਉਨ੍ਹਾਂ ਦੋਸ਼ ਲਗਾਇਆ ਕਿ ਕੁਝ ਮੈਂਬਰ ਨਹੀਂ ਚਾਹੁੰਦੇ ਕਿ ਸੰਸਥਾ ਸੁਚਾਰੂ ਢੰਗ ਨਾਲ ਚੱਲੇ ਤੇ ਕਰਮਚਾਰੀਆਂ ਦੀਆਂ ਸਮੱਸਿਆਵਾਂ ਦਾ ਹੱਲ ਹੋਵੇ। ਪ੍ਰਧਾਨ ਹੋਣ ਦੇ ਨਾਤੇ ਕਰਮਚਾਰੀਆਂ ਤੇ ਸੰਸਥਾ ਨਾਲ ਜੁੜੇ ਹਰ ਵਿਅਕਤੀ ਦੀ ਚਿੰਤਾ ਕਰਨਾ ਉਨ੍ਹਾਂ ਦੀ ਜ਼ਿੰਮੇਵਾਰੀ ਹੈ ਤੇ ਉਹ ਇਸ ਫਰਜ਼ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ।

ਕੈਨੇਡਾ 'ਚ ਸੋਸ਼ਲ ਮੀਡੀਆ 'ਤੇ ਬੈਨ, ਸੰਸਦ 'ਚ ਬਿੱਲ ਸੀ-34 ਪੇਸ਼

☛ਬੱਚੇ ਨਹੀਂ ਚਲਾ ਸਕਣਗੇ ਵਟਸਐਪ-ਇੰਸਟਾਗ੍ਰਾਮ

ਓਟਾਵਾ, 12 ਜੂਨ (ਚ.ਨ.ਸ): ਕੈਨੇਡਾ ਸਰਕਾਰ ਨੇ 16 ਸਾਲਾ ਤੋਂ ਘੱਟ ਉਮਰ ਦੇ ਬੱਚਿਆਂ ਦੀ ਇੰਟਰਨੈਟ ਮੀਡੀਆ ਤੱਕ ਪਹੁੰਚ ਸੀਮਿਤ ਕਰਨ ਦੇ ਮਕਸਦ ਨਾਲ ਸੰਸਦ ਵਿੱਚ ਬਿੱਲ ਸੀ-34 ਪੇਸ਼ ਕੀਤਾ ਹੈ। ਪ੍ਰਸਤਾਵਿਤ ਕਾਨੂੰਨ ਤਹਿਤ ਇਸ ਉਮਰ ਵਰਗ ਦੇ ਬੱਚਿਆਂ ਲਈ ਇੰਟਰਨੈਟ ਮੀਡੀਆ ਅਕਾਊਂਟ ਬਣਾਉਣ 'ਤੇ ਰੋਕ ਲਗਾਉਣ ਦੀ ਵਿਵਸਥਾ ਹੈ। ਹਾਲਾਂਕਿ, ਉਹ ਕੰਪਨੀਆਂ ਛੋਟ ਹਾਸਲ ਕਰ ਸਕਣਗੀਆਂ ਜੋ ਬੱਚਿਆਂ ਦੀ ਸੁਰੱਖਿਆ ਲਈ ਢੁੱਕਵੇਂ ਤੇ ਅਸਰਦਾਰ ਉਪਾਅ ਲਾਗੂ ਹੋਣ ਦਾ ਸਬੂਤ ਦੇਣਗੀਆਂ। ਕੈਨੇਡਾ ਦੇ ਪਛਾਣ ਤੇ ਸੰਸਕ੍ਰਿਤੀ ਮੰਤਰੀ ਮਾਰਕ ਮਿਲਰ ਨੇ ਬੀਤੇ ਦਿਨ ਬਿੱਲ ਪੇਸ਼ ਕਰਦੇ ਹੋਏ ਇਸ ਨੂੰ ਆਨਲਾਈਨ ਨੁਕਸਾਨ ਰੋਕਣ ਦੀ ਦਿਸ਼ਾ ਵਿੱਚ ਸਰਕਾਰ ਦਾ ਮਹੱਤਵਪੂਰਨ ਕਦਮ ਦੱਸਿਆ। ਪ੍ਰਸਤਾਵਿਤ ਕਾਨੂੰਨ ਇੰਟਰਨੈਟ ਮੀਡੀਆ ਪਲੇਟਫਾਰਮਾਂ ਦੇ ਨਾਲ-ਨਾਲ ਏਆਈ ਚੈਟਬਾਟ ਸੇਵਾਵਾਂ 'ਤੇ ਵੀ ਨਵੀਆਂ ਸੁਰੱਖਿਆ ਜ਼ਿੰਮੇਵਾਰੀਆਂ ਲਾਗੂ ਕਰੇਗਾ। ਇਸ ਤਹਿਤ 'ਡਿਜੀਟਲ ਸੇਫਟੀ

ਕਮਿਸ਼ਨ ਆਫ ਕੈਨੇਡਾ' ਦਾ ਗਠਨ ਕੀਤਾ ਜਾਵੇਗਾ ਜੋ ਨਵੇਂ ਨਿਯਮਾਂ ਦੀ ਪਾਲਣਾ ਦੀ ਨਿਗਰਾਨੀ ਕਰੇਗਾ। ਕਾਨੂੰਨ ਦੀ ਉਲੰਘਣਾ ਕਰਨ ਵਾਲੀਆਂ ਕੰਪਨੀਆਂ 'ਤੇ ਇੱਕ ਕਰੋੜ ਕੈਨੇਡੀਅਨ ਡਾਲਰ ਜਾਂ ਉਨ੍ਹਾਂ ਦੀ ਆਲਮੀ ਆਮਦਨ ਦੇ ਤਿੰਨ ਫ਼ੀਸਦ, ਜੋ ਵੀ ਵੱਧ ਹੋਵੇ, ਤੱਕ ਦਾ ਜੁਰਮਾਨਾ ਲਗਾਇਆ ਜਾ ਸਕੇਗਾ। ਸਰਕਾਰ ਦਾ ਕਹਿਣਾ ਹੈ ਕਿ ਮੌਜੂਦਾ ਕਾਨੂੰਨ ਨੁਕਸਾਨ ਹੋਣ ਤੋਂ ਬਾਅਦ ਕਾਰਵਾਈ ਕਰਦੇ ਹਨ, ਜਦਕਿ ਨਵਾਂ ਕਾਨੂੰਨ ਬੱਚਿਆਂ ਨੂੰ ਸੰਭਾਵੀ ਆਨਲਾਈਨ ਖ਼ਤਰਿਆਂ ਤੋਂ ਪਹਿਲਾਂ ਹੀ ਬਚਾਉਣ 'ਤੇ ਕੇਂਦਰਿਤ ਹੋਵੇਗਾ। ਕੈਨੇਡਾ ਇਸ ਦਿਸ਼ਾ ਵਿੱਚ ਕਦਮ ਵਧਾਉਣ ਵਾਲਾ ਨਵੀਨਤਮ ਦੇਸ਼ ਹੋਵੇਗਾ। ਇਸ ਤੋਂ ਪਹਿਲਾਂ ਆਸਟ੍ਰੇਲੀਆ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਇੰਟਰਨੈਟ ਮੀਡੀਆ ਪਹੁੰਚ 'ਤੇ ਕੌਮੀ ਪੱਧਰ 'ਤੇ ਪਾਬੰਦੀ ਲਾਗੂ ਕਰ ਚੁੱਕਾ ਹੈ। ਬਰਤਾਨੀਆ, ਫਰਾਂਸ, ਗਰੀਸ, ਸਪੇਨ ਤੇ ਮਲੇਸ਼ੀਆ ਵੀ ਬੱਚਿਆਂ ਦੀ ਆਨਲਾਈਨ ਸੁਰੱਖਿਆ ਲਈ ਅਜਿਹੇ ਉਪਾਵਾਂ 'ਤੇ ਵਿਚਾਰ ਕਰ ਰਹੇ ਹਨ। ਹਾਲਾਂਕਿ ਪ੍ਰਸਤਾਵਿਤ ਕਾਨੂੰਨ ਦਾ ਕੁਝ ਸਿਆਸੀ ਪਾਰਟੀਆਂ ਨੇ ਵਿਰੋਧ ਵੀ ਕੀਤਾ ਹੈ। ਵਿਰੋਧੀ ਕੰਜ਼ਰਵੇਟਿਵ ਪਾਰਟੀ ਦਾ ਕਹਿਣਾ ਹੈ ਕਿ ਇਸ ਦੀਆਂ ਕੁਝ ਵਿਵਸਥਾਵਾਂ ਪ੍ਰਗਟਾਵੇ ਦੀ ਆਜ਼ਾਦੀ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਮੰਤਰੀ ਮਿਲਰ ਨੇ ਸਵੀਕਾਰ ਕੀਤਾ ਕਿ ਕਾਨੂੰਨ ਦੇ ਪਹਿਲੇ ਸੰਸਕਰਨ ਵਿੱਚ ਜ਼ਰੂਰਤ ਤੋਂ ਜ਼ਿਆਦਾ ਦਖ਼ਲ-ਅੰਦਾਜ਼ੀ ਵਾਲੀਆਂ ਵਿਵਸਥਾਵਾਂ ਸਨ, ਜਿਨ੍ਹਾਂ ਨੂੰ ਹੁਣ ਸੋਧਿਆ ਗਿਆ ਹੈ।

ਅਨਮੋਲ ਵੈਲਫੇਅਰ ਕਲੱਬ ਮੋਗਾ ਸਿਟੀ ਦੇ ਰਾਜੇਸ਼ ਅਰੋੜਾ ਲਗਾਤਾਰ 38ਵੀਂ ਵਾਰ ਪ੍ਰਧਾਨ ਬਣੇ

ਬਾਬਾ ਬੰਦਾ ਸਿੰਘ ਬਹਾਦਰ ਪੌਲੀਟੈਕਨਿਕ ਕਾਲਜ 'ਚ ਵਿਦਿਆਰਥੀਆਂ ਦੇ ਦਾਖ਼ਲਿਆਂ ਦਾ ਹੋਇਆ ਚੌਖਾ ਵਾਧਾ: ਬਲਜੀਤ ਭੁੱਟਾ

ਮੋਗਾ, 12 ਜੂਨ (ਨਿ

ਮੰਤਰੀ ਹਰਜੋਤ ਬੈਂਸ ਦੀ ਸਫ਼ਾਈ ਸੇਵਕਾਂ ਨਾਲ ਅਹਿਮ ਚਰਚਾ

ਚੰਡੀਗੜ੍ਹ/ਲੁਧਿਆਣਾ, 12 ਜੂਨ (ਵਿਸ਼ਾਲ ਸ਼ਰਮਾ): ਡੀਐਮਸੀ ਹਸਪਤਾਲ ਲੁਧਿਆਣਾ ਦੇ ਬਾਹਰ ਸਵੇਰ ਦਾ ਰੁਟੀਨ ਆਮ ਤੌਰ 'ਤੇ ਇੱਕੋ ਜਿਹਾ ਹੁੰਦਾ ਹੈ, ਐਂਬੂਲੈਂਸਾਂ ਹਾਰਨ ਵਜਾਉਂਦੀਆਂ ਹਨ, ਰਿਸ਼ਤੇਦਾਰ ਭੱਜਦੇ ਹਨ, ਚਾਹ ਵੇਚਣ ਵਾਲੇ ਰੌਲਾ ਪਾਉਂਦੇ ਹਨ। ਪਰ ਸ਼ੁੱਕਰਵਾਰ ਸਵੇਰੇ, ਦ੍ਰਿਸ਼ ਬਦਲ ਗਿਆ। ਜਦੋਂ ਪੰਜਾਬ ਦੇ ਸਥਾਨਕ ਸਰਕਾਰਾਂ ਮੰਤਰੀ ਹਰਜੋਤ ਸਿੰਘ ਬੈਂਸ ਕਾਰ ਤੋਂ ਬਾਹਰ ਨਿੱਕਲੇ ਕੋਈ ਕਾਫਲਾ, ਕੋਈ ਹੂਟਰ ਨਹੀਂ ਅਤੇ ਕੋਈ ਅਧਿਕਾਰੀ ਫਾਈਲਾਂ ਲੈ ਕੇ ਪਿੱਛੇ ਨਹੀਂ ਸਨ। ਉਹ ਲੁਧਿਆਣਾ ਨਗਰ ਨਿਗਮ ਦੇ ਖੇਤਰਾਂ ਦਾ ਅਚਾਨਕ ਨਿਰੀਖਣ ਕਰਨ ਆਏ ਸਨ। ਉਹ ਸਿੱਧਾ ਸਫ਼ਾਈ ਸੇਵਕਾਂ ਦੇ ਇੱਕ ਸਮੂਹ ਕੋਲ ਗਏ ਜੋ ਹਸਪਤਾਲ ਦੇ ਨੇੜੇ ਇੱਕ ਸੜਕ ਦੀ ਸਫਾਈ ਕਰ ਰਹੇ ਸਨ। ਸਥਾਨਕ ਸਰਕਾਰਾਂ ਮੰਤਰੀ ਨੇ ਇੱਕ ਛੋਟਾ ਜਿਹਾ ਸਟੂਲ ਖਿੱਚਿਆ ਜਿਸਦੀ ਵਰਤੋਂ ਸੜਕ ਕਿਨਾਰੇ ਚਾਹ ਵੇਚਣ ਵਾਲਿਆਂ ਵੱਲੋਂ ਕੀਤੀ ਜਾਂਦੀ ਹੈ, ਉਸਨੂੰ ਆਪਣੇ ਸਾਮਣੇ ਰੱਖਿਆ ਅਤੇ ਕਿਹਾ, 'ਚਾਹ ਲਿਆਓ ਬੈਠੋ ਆਓ ਗੱਲ ਕਰੀਏ' ਉਨ੍ਹਾਂ ਨੇ ਸਫਾਈ ਸੇਵਕਾਂ ਤੋਂ ਸਫਾਈ ਪਾਣੀ ਦੀ ਨਿਕਾਸੀ ਅਤੇ ਸੁਰੱਖਿਆ ਉਪਕਰਨਾਂ ਬਾਰੇ ਫੀਡਬੈਕ ਲੈਣ ਵਿੱਚ ਲੱਗਭੱਗ 20 ਮਿੰਟ ਬਿਤਾਏ। ਹਰਜੋਤ ਸਿੰਘ ਬੈਂਸ ਨੇ ਕਿਹਾ ਜੋ ਲੋਕ ਇਸ ਸ਼ਹਿਰ ਨੂੰ ਹਰ ਰੋਜ਼ ਸਾਫ਼ ਰੱਖਦੇ ਹਨ, ਉਹ ਇਸ ਨੂੰ ਬਿਹਤਰ ਬਣਾਉਣ ਦੇ ਸਭ ਤੋਂ ਵਧੀਆ ਮਾਹਰ ਹਨ। ਤੁਸੀਂ ਇਹ ਬੰਦ ਕਮਰੇ ਵਿੱਚ ਬੈਠ ਕੇ ਨਹੀਂ ਸਿੱਖਦੇ। ਤੁਸੀਂ ਇਹ ਸਟ੍ਰੀਟ 'ਤੇ ਚਾਹ ਨਾਲ ਝਾੜੂ ਫੜਨ ਵਾਲੇ ਵਿਅਕਤੀ ਦੇ ਕੋਲ ਸਿੱਖਦੇ ਹੋ। ਮਿਸ਼ਨ ਸਾਫ਼ ਪੰਜਾਬ ਸਿਰਫ਼ ਫਾਈਲਾਂ ਅਤੇ ਜੁਰਮਾਨਿਆਂ ਨਾਲ ਨਹੀਂ ਚੱਲੇਗਾ। ਜੇਕਰ ਅਸੀਂ ਸਾਫ਼ ਸ਼ਹਿਰ ਚਾਹੁੰਦੇ ਹਾਂ ਤਾਂ ਸਾਨੂੰ ਉਨ੍ਹਾਂ ਹੱਥਾਂ ਦਾ ਸਤਿਕਾਰ ਕਰਕੇ ਸ਼ੁਰੂਆਤ ਕਰਨੀ ਚਾਹੀਦੀ ਹੈ ਜੋ ਉਨ੍ਹਾਂ ਨੂੰ ਸਾਫ਼ ਰੱਖਦੇ ਹਨ। ਸਤਿਕਾਰ ਅਤੇ ਮਾਣ ਪਹਿਲਾਂ ਆਉਂਦਾ ਹੈ। ਬਾਕੀ ਸਭ ਕੁਝ ਇਸ ਤੋਂ ਬਾਅਦ ਆਵੇਗਾ।ਉਨਾਂ ਕਿਹਾ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸਫਾਈ ਸੇਵਕਾਂ ਦੀ ਭਲਾਈ ਲਈ ਹਮੇਸ਼ਾ ਵਚਨਬੱਧ ਹੈ।

ਪੰਜਾਬ ਸਰਕਾਰ ਮੁਲਾਜ਼ਮਾਂ ਦੀਆਂ ਮੰਗਾਂ ਮੰਨੇ ਨਾ ਕਿ ਉਨ੍ਹਾਂ 'ਤੇ ਲਾਰੀਆਂ ਚਲਾਵੇ: ਬਲਬੀਰ ਕਲਸੀ

ਲੁਧਿਆਣਾ, 12 ਜੂਨ (ਰਵਿੰਦਰ ਸਿੰਘ ਨਿੱਝਰ): ਵਿਸ਼ਵਕਰਮਾ ਨਿਸ਼ਕਾਮ ਸੇਵਾ ਟਰੱਸਟ ਦੇ ਪ੍ਰਧਾਨ ਬਲਬੀਰ ਸਿੰਘ ਕਲਸੀ ਜੋ ਕਿ ਖੁਦ ਪੰਜਾਬ ਰਾਜ ਬਿਜਲੀ ਬੋਰਡ ਵਿੱਚੋਂ ਸੇਵਾ ਮੁਕਤ ਹੋਏ ਹਨ, ਨੇ ਆਖਿਆ ਹੈ ਕਿ ਪੰਜਾਬ ਸਰਕਾਰ ਨੂੰ ਚਾਹੀਦਾ ਹੈ ਕਿ ਮੁਲਾਜ਼ਮਾਂ ਦੀਆਂ ਮੰਗਾਂ ਮੰਨੇ ਨਾ ਕਿ ਉਹਨਾਂ 'ਤੇ ਲਾਠੀ ਚਾਰਜ ਵਰਗੀਆਂ ਕਾਰਵਾਈਆਂ ਕਰਕੇ ਧੱਕੇ ਨਾਲ ਦਬਾਉਣ ਦੀ ਕੋਸ਼ਿਸ਼ ਕਰੇ। ਕਲਸੀ ਨੇ ਆਖਿਆ ਹੈ ਕਿ ਆਮ ਆਦਮੀ ਪਾਰਟੀ ਨੇ 2022 ਦੀਆਂ ਵਿਧਾਨ ਸਭਾ ਚੋਣਾਂ ਵੇਲੇ ਆਖਿਆ ਸੀ ਕਿ ਉਹਨਾਂ ਦੇ ਰਾਜ ਵਿੱਚ ਕਿਸੇ ਮੁਲਾਜ਼ਮ ਨੂੰ ਧਰਨੇ 'ਤੇ ਨਹੀਂ ਬੈਠਣਾ ਪਵੇਗਾ ਅਤੇ ਜਿੰਨੇ ਵੀ ਕੱਚੇ ਮੁਲਾਜ਼ਮ ਹਨ ਸਭ ਨੂੰ ਪੱਕੇ ਕਰ ਦਿੱਤਾ ਜਾਵੇਗਾ। ਪ੍ਰੰਤੂ ਹੁਣ ਆਪ ਸਰਕਾਰ ਆਪਣਾ ਕੀਤਾ ਹੋਇਆ ਇਹ ਵਾਅਦਾ ਭੁੱਲ ਗਈ ਹੈ। ਉਸ ਵੇਲੇ ਕੇਜਰੀਵਾਲ ਨੇ ਵੀ ਆਖਿਆ ਸੀ ਕਿ ਆਮ ਆਦਮੀ ਪਾਰਟੀ ਦੇ ਰਾਜ ਵਿੱਚ ਕਿਸੇ ਵੀ ਮੁਲਾਜ਼ਮ ਨੂੰ ਟੈਂਕੀਆਂ 'ਤੇ ਨਹੀਂ ਚੜ੍ਹਨਾ ਪਵੇਗਾ। ਪ੍ਰੰਤੂ ਮੁਲਾਜ਼ਮ ਪਿਛਲੀਆਂ ਸਰਕਾਰਾਂ ਵੇਲੇ ਜਿੰਨੇ ਮਾਯੂਸ ਸਨ ਉਸ ਤੋਂ ਵੀ ਵੱਧ ਅੱਜ ਮਾਯੂਸ ਹਨ। ਸ ਕਲਸੀ ਨੇ ਆਖਿਆ ਹੈ ਕਿ ਜੇਕਰ ਸਰਕਾਰ ਮੁਲਾਜ਼ਮਾਂ ਪ੍ਰਤੀ ਨਰਮ ਵਤੀਰਾ ਨਹੀਂ ਅਪਣਾਉਂਦੀ ਅਤੇ ਉਹਨਾਂ ਦੀਆਂ ਜਾਇਜ਼ ਮੰਗਾਂ ਨਹੀਂ ਮੰਨਦੀ ਤਾਂ ਇਸ ਨੂੰ ਉਸ ਦਾ ਖਮਿਆਜ਼ਾ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਭੁਗਤਣਾ ਪਵੇਗਾ। ਉਹਨਾਂ ਆਖਿਆ ਕਿ ਜਿਸ ਵੀ ਸਰਕਾਰ ਨੇ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਮੰਨਣ ਤੋਂ ਇਨਕਾਰ ਕੀਤਾ ਹੈ ਉਸ ਸਰਕਾਰ ਨੂੰ ਦੁਬਾਰਾ ਸੱਤਾ ਵਿੱਚ ਆਉਣ ਦਾ ਮੌਕਾ ਨਹੀਂ ਮਿਲਿਆ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮੁਲਾਜ਼ਮਾਂ ਨੂੰ ਪੁਲਿਸ ਰਾਹੀਂ ਧੱਕੇ ਨਾਲ ਦਬਾਉਣ ਦੀ ਬਜਾਏ ਉਨ੍ਹਾਂ ਦੀਆਂ ਜਾਇਜ਼ ਮੰਗਾਂ ਮੰਨ ਕੇ ਲੋਕ ਪੱਖੀ ਸਰਕਾਰ ਹੋਣ ਦਾ ਵਾਅਦਾ ਪੂਰਾ ਕਰੇ।

ਇੱਟਾਂ ਦੀਆਂ ਵੱਧਦੀਆਂ ਕੀਮਤਾਂ ਕਾਰਨ ਆਮ ਜਨਤਾ 'ਚ ਰੋਸ, ਉਸਾਰੀ ਹੋਈ ਮਹਿੰਗੀ

ਲੁਧਿਆਣਾ, 12 ਜੂਨ (ਵਿਸ਼ਾਲ ਸ਼ਰਮਾ): ਇੱਟਾਂ ਦੀਆਂ ਲਗਾਤਾਰ ਵਧਦੀਆਂ ਕੀਮਤਾਂ ਨੂੰ ਲੈ ਕੇ ਆਮ ਲੋਕਾਂ ਦੇ ਨਾਲ-ਨਾਲ ਬਿਲਡਰਾਂ ਦੀਆਂ ਚਿੰਤਾਵਾਂ ਵਧਾ ਦਿੱਤੀਆਂ ਹਨ। ਉਸਾਰੀ ਦੇ ਕੰਮ ਨਾਲ ਜੁੜੇ ਲੋਕਾਂ ਦਾ ਕਹਿਣਾ ਹੈ ਕਿ ਜੇਕਰ ਕੀਮਤਾਂ ਇਸੇ ਤਰ੍ਹਾਂ ਵਧਦੀਆਂ ਰਹੀਆਂ ਤਾਂ ਆਮ ਆਦਮੀ ਲਈ ਆਪਣਾ ਘਰ ਬਣਾਉਣਾ ਮੁਸ਼ਕਲ ਹੋ ਜਾਵੇਗਾ। ਇਸ ਦੇ ਨਾਲ ਹੀ, ਇਸ ਕਾਰੋਬਾਰ ਨਾਲ ਜੁੜੇ ਬਹੁਤ ਸਾਰੇ ਛੋਟੇ ਬਿਲਡਰਾਂ ਨੂੰ ਕੰਮ ਬੰਦ ਕਰਨ ਲਈ ਮਜਬੂਰ ਹੋਣਾ ਪੈ ਸਕਦਾ ਹੈ। ਮਿਲੀ ਜਾਣਕਾਰੀ ਅਨੁਸਾਰ ਲੱਗਭੱਗ 5-6 ਮਹੀਨੇ ਪਹਿਲਾਂ ਘਰਾਂ ਨੂੰ ਪਹੁੰਚਾਈਆਂ ਜਾਣ ਵਾਲੀਆਂ ਇੱਟਾਂ ਦੀ ਕੀਮਤ ਪ੍ਰਤੀ ਹਜ਼ਾਰ ਦੇ ਕਰੀਬ 6000 ਰੁਪਏ ਸੀ, ਪਰ ਹੁਣ ਇਹੀ ਕੀਮਤ ਵੱਧ ਕੇ ਕਰੀਬ 10,000 ਰੁਪਏ ਹੋ ਗਈ ਹੈ। ਕੀਮਤਾਂ ਵਿੱਚ ਇਸ ਭਾਰੀ ਵਾਧੇ ਦਾ ਸਿੱਧਾ ਅਸਰ ਉਸਾਰੀ ਲਾਗਤਾਂ 'ਤੇ ਪੈ ਰਿਹਾ ਹੈ। ਘਰ ਬਣਾਉਣ ਦੇ ਬਜਟ ਵਿੱਚ ਵਾਧੇ ਕਾਰਨ, ਲੋਕ ਨਵਾਂ ਨਿਰਮਾਣ ਕੰਮ ਸ਼ੁਰੂ ਕਰਨ ਤੋਂ ਵੀ ਝਿਜਕ ਰਹੇ ਹਨ। ਕੁਝ ਬਿਲਡਰਾਂ ਦਾ ਕਹਿਣਾ ਸੀ ਕੇ ਬਰਸਤਾਂ ਵਿਚ ਭੱਠਾ ਮਾਲਕਾਂ ਵਲੋਂ ਹੋਰ ਰੇਟ ਵਧਾਏ ਜਾਣਗੇ ਜਿਸ ਨਾਲ ਕੰਮ ਕਰਨਾ ਹੋਰ ਮੁਸ਼ਕਿਲ ਹੋ ਜਾਵੇਗਾ। ਓਥੇ ਭੱਠਾ ਮਾਲਕਾਂ ਦਾ ਕਹਿਣਾ ਹੈ ਕਿ ਬਰਸਾਤ ਦੇ ਮੌਸਮ ਵਿੱਚ ਵੱਡੀ ਗਿਣਤੀ ਵਿੱਚ ਕੱਚੀਆਂ ਇੱਟਾਂ ਖਰਾਬ ਹੋ ਜਾਂਦੀਆਂ ਹਨ, ਜਿਸ ਨਾਲ ਉਤਪਾਦਨ ਪ੍ਰਭਾਵਿਤ ਹੁੰਦਾ ਹੈ। ਇਸ ਤੋਂ ਇਲਾਵਾ ਕੋਲੇ ਦੀਆਂ ਵਧਦੀਆਂ ਕੀਮਤਾਂ ਅਤੇ ਮਜ਼ਦੂਰਾਂ ਦੀਆਂ ਉਜਰਤਾਂ ਵਿੱਚ ਵਾਧਾ ਵੀ ਲਾਗਤ ਵਧਣ ਦੇ ਮੁੱਖ ਕਾਰਨ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਉਤਪਾਦਨ ਲਾਗਤ ਵਧਣ ਕਾਰਨ ਇੱਟਾਂ ਦੀ ਕੀਮਤ ਵਧਾਉਣਾ ਜ਼ਰੂਰੀ ਹੋ ਗਿਆ ਹੈ। ਉਸਾਰੀ ਖੇਤਰ ਨਾਲ ਜੁੜੇ ਲੋਕਾਂ ਨੇ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਦਖਲ ਦੇ ਕੇ ਕੀਮਤਾਂ ਨੂੰ ਕੰਟਰੋਲ ਕਰੇ ਅਤੇ ਉਦਯੋਗ ਨੂੰ ਰਾਹਤ ਪ੍ਰਦਾਨ ਕਰੇ, ਤਾਂ ਜੋ ਆਮ ਲੋਕਾਂ ਦਾ ਘਰ ਬਣਾਉਣ ਦਾ ਸੁਪਨਾ ਸਾਕਾਰ ਹੋ ਸਕੇ।

ਮਾਲਵੇ ਦੇ ਇੱਕ ਡੇਰਾ ਮੁਖੀ 'ਤੇ ਕਾਨੂੰਨੀ ਕਾਰਵਾਈ ਕਰਨ ਦੀ ਮੰਗ

ਲੁਧਿਆਣਾ, 12 ਜੂਨ (ਰਵਿੰਦਰ ਸਿੰਘ ਨਿੱਝਰ): ਇੰਟਰਨੈਸ਼ਨਲ ਸੰਤ ਸਮਾਜ ਦੇ ਪ੍ਰਧਾਨ ਸੰਤ ਸਮਸ਼ੇਰ ਸਿੰਘ ਜਗੇੜਾ ਨੇ ਮੁੱਖ ਮੰਤਰੀ ਪੰਜਾਬ ਨੂੰ ਇੱਕ ਚਿੱਠੀ ਲਿਖ ਕੇ ਬੇਨਤੀ ਕੀਤੀ ਹੈ ਕਿ ਜ਼ਿਲ੍ਹਾ ਬਠਿੰਡਾ ਦੇ ਇੱਕ ਡੇਰਾ ਮੁਖੀ ਖਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇ। ਸੰਤ ਜਗੇੜਾ ਨੇ ਲਿਖਿਆ ਹੈ ਕਿ ਇਸ ਡੇਰਾ ਮੁਖੀ ਨੇ ਪਾਕਿਸਤਾਨੀ ਗਾਇਕਾ ਨਸੀਬੋ ਲਾਲ ਦਾ ਗਾਣਾ 'ਐਵੇਂ ਰੁੱਸਿਆ ਨਾ ਕਰ ਮੇਰੀ ਜਾਨ ਸੱਜਣਾ, ਛੱਡ ਜਾਣਾ ਹੈ ਇੱਕ ਦਿਨ ਜਹਾਨ ਸੱਜਣਾ' ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਸੰਗਤ ਵਿੱਚ ਇਸਨੇ ਗਾਇਆ ਹੈ। ਉਹਨਾਂ ਲਿਖਿਆ ਹੈ ਕਿ ਗੁਰੂ ਮਾਹਾਰਾਜ ਦੀ ਹਜ਼ੂਰੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ 1430 ਪੰਨੇ ਤੱਕ ਦੀ ਬਾਣੀ, ਭਾਈ ਗੁਰਦਾਸ ਦੀਆਂ ਵਾਰਾਂ ਅਤੇ ਭਾਈ ਨੰਦ ਲਾਲ ਜੀ ਦੀਆਂ ਰਚਨਾਵਾਂ ਹੀ ਗਾ ਸਕਦੇ ਹਾਂ। ਉਹਨਾਂ ਲਿਖਿਆ ਹੈ ਕਿ ਵੱਡੇ ਵੱਡੇ ਨੇਤਾਵਾਂ ਨਾਲ ਇਸ ਦੀ ਨੇੜਤਾ ਹੋਣ ਕਾਰਨ ਇਸ ਵਿਰੁੱਧ ਕਾਨੂੰਨੀ ਕਾਰਵਾਈ ਨਹੀਂ ਹੋ ਰਹੀ। ਉਹਨਾਂ ਮੁੱਖ ਮੰਤਰੀ ਤੋਂ ਮੰਗ ਕੀਤੀ ਹੈ ਕਿ ਬੇਅਦਬੀ ਸਬੰਧੀ ਬਣਾਏ ਨਵੇਂ ਕਾਨੂੰਨ ਦੇ ਅੰਤਰਗਤ ਇਸ ਡੇਰਾ ਮੁਖੀ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ।

ਵਸੂਲੀ ਅਧਿਕਾਰੀ ਦਾ ਦਫਤਰ-1/2
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3)
ਦੂਜੀ ਮੰਜ਼ਿਲ, ਐਸਸੀਓ 33-34-35, ਸੈਕਟਰ 17-ਏ ਚੰਡੀਗੜ੍ਹ-160017

ਮੰਗ ਸੂਚਨਾ

ਆਮਦਨ ਕਰ ਕਾਨੂੰਨ, 1961 ਦੀ ਦੂਜੀ ਅਨੁਸੂਚੀ ਦੇ ਨਿਯਮ 2 ਅਤੇ ਕਰਜ਼ਿਆਂ ਦੀ ਵਸੂਲੀ ਅਤੇ ਦੀਵਾਲੀਆਪਣ ਕਾਨੂੰਨ, 1993 ਦੀਆਂ ਧਾਰਾਵਾਂ 25 ਤੋਂ 28 ਦੇ ਅਧੀਨ

ਸੂਚਨਾ

ਆਰ.ਸੀ./1004/2025 07.03.2026

ਪੰਜਾਬ ਨੈਸ਼ਨਲ ਬੈਂਕ
ਬਨਾਮ
ਮੈਸ. ਭਾਈ ਇੰਡਸਟ੍ਰੀਜ਼ ਪ੍ਰਾਇ. ਲਿਮਟਿਡ

ਵੱਲ,
(ਸੀਡੀ 1) ਮੈਸਰਜ਼ ਭਾਈ ਇੰਡਸਟਰੀਜ਼ ਪ੍ਰਾਈਵੇਟ ਲਿਮਟਿਡ ਦਾ ਰਜਿਸਟਰਡ ਦਫ਼ਤਰ ਸਕਾਈਇੰਗ ਰਿਜ਼ੋਰਟ ਦੇ ਸਾਹਮਣੇ, ਵੀਪੀਓ ਚੁਗਾਵਾਂ (ਮੋਗਾ), ਮੋਗਾ-ਲੁਧਿਆਣਾ ਰੋਡ, ਜੀਟੀ ਰੋਡ, ਮੋਗਾ 142001 ਵਿਖੇ ਹੈ।
(ਸੀਡੀ 2) ਸ਼੍ਰੀ ਸੁਖਪਾਲ ਸਿੰਘ ਪੁੱਤਰ ਸ਼੍ਰੀ ਜਸਵੰਤ ਸਿੰਘ, ਡਾਇਰੈਕਟਰ ਮੈਸਰਜ਼ ਭਾਈ ਇੰਡਸਟਰੀਜ਼ ਪ੍ਰਾਈਵੇਟ ਲਿਮਟਿਡ (ਆਟਾ ਮਿੱਲਜ਼) ਨਿਵਾਸੀ ਮਕਾਨ ਨੰ. 235, ਵਾਰਡ ਨੰ. 9, ਨਾਨਕ ਨਗਰੀ, ਜ਼ਿਲ੍ਹਾ ਮੋਗਾ, 142001
(ਸੀਡੀ 3) ਸ਼੍ਰੀ ਸਾਹਿਬਜੀਤ ਸਿੰਘ ਪੁੱਤਰ ਸ਼੍ਰੀ ਸੁਖਪਾਲ ਸਿੰਘ, ਡਾਇਰੈਕਟਰ ਮੈਸਰਜ਼ ਭਾਈ ਇੰਡਸਟਰੀਜ਼ ਪ੍ਰਾਈਵੇਟ ਲਿਮਟਿਡ (ਆਟਾ ਮਿੱਲਜ਼) ਨਿਵਾਸੀ ਮਕਾਨ ਨੰ. 235, ਵਾਰਡ ਨੰ. 9, ਨਾਨਕ ਨਗਰੀ, ਜ਼ਿਲ੍ਹਾ ਮੋਗਾ, 142001
(ਸੀਡੀ 4) ਸ਼੍ਰੀ ਸੁਰਿੰਦਰ ਸਿੰਘ ਪੁੱਤਰ ਸ਼੍ਰੀ ਜਸਵੰਤ ਸਿੰਘ, ਡਾਇਰੈਕਟਰ ਮੈਸਰਜ਼ ਭਾਈ ਇੰਡਸਟਰੀਜ਼ ਪ੍ਰਾਈਵੇਟ ਲਿਮਟਿਡ (ਆਟਾ ਮਿੱਲਾਂ) ਵਾਸੀ ਮਕਾਨ ਨੰ. 235, ਵਾਰਡ ਨੰ.9, ਨਾਨਕ ਨਗਰੀ, ਜ਼ਿਲ੍ਹਾ ਮੋਗਾ, 142001
(ਸੀਡੀ 5) ਸ੍ਰੀ ਚਰਨ ਸਿੰਘ ਪੁੱਤਰ ਸ੍ਰੀ ਤਾਰਾ ਸਿੰਘ, ਥਾਣਾ ਨੰਬਰ 67, ਵਾਰਡ ਨੰ.5, ਬਾਬਾ ਈਸ਼ਰ ਸਿੰਘ ਨਗਰ, ਮੋਗਾ, ਪੰਜਾਬ।

ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ-3) ਓਏ/412/2021 **ਵੱਲੋਂ ਜਾਰੀ ਹੁਕਮਾਂ ਦੀ ਨਿਰੰਤਰਤਾ ਵਿਚ ਜਾਰੀ ਵਸੂਲੀ ਪ੍ਰਮਾਣ ਪੱਤਰ ਦੇ ਅਨੁਸਾਰ ਪੂਰਤੀ ਹੋਣ ਤੱਕ** 18.11.2021 **ਤੋਂ ਭਾਵੀ ਸਧਾਰਨ ਸਲਾਨਾ ਵਿਆਜ** 8.00% **ਦੀ ਦਰ 'ਤੇ ਭਾਵੀ ਵਿਆਜ ਅਤੇ ਮੁਕੱਦਮੇ ਬਾਜ਼ੀ ਸਮੇਤ** ਰੁ. 7,04,19,027.85/- (ਰੁਪਏ ਸੱਤ ਕਰੋੜ ਚਾਰ ਲੱਖ ਉਨੀ ਹਜ਼ਾਰ ਸਤਾਈ ਅਤੇ ਪਚਾਸੀ ਪੈਸੇ ਕੇਵਲ) **ਦੀ ਰਕਮ ਅਤੇ** ਰੁ. 1,50,000/- (ਰੁਪਏ ਇਕ ਲੱਖ ਪੰਜਾਹ ਹਜ਼ਾਰ ਕੇਵਲ) **ਦੀਆਂ ਲਾਗਤਾਂ ਤੁਹਾਡੇ ਖਿਲਾਫ (ਸਾਂਝੇ ਅਤੇ ਵੱਖਰੇ ਤੌਰ 'ਤੇ/ਪੂਰਨ/ਸੀਮਿਤ ਤੌਰ 'ਤੇ) ਬਕਾਇਆ ਬਣ ਚੁੱਕੀਆਂ ਹਨ।**

2. ਤੁਹਾਨੂੰ ਇਸ ਦੁਆਰਾ ਨਿਰਦੇਸ਼ ਦਿੱਤਾ ਜਾਂਦਾ ਹੈ ਕਿ ਸੂਚਨਾ ਦੀ ਪ੍ਰਾਪਤੀ ਤੋਂ 15 ਦਿਨਾਂ ਦੇ ਅੰਦਰ ਉਕਤ ਰਕਮ ਨੂੰ ਅਦਾ ਕਰ ਦਿਓ, ਜਿਸ ਤੋਂ ਅਸਫਲ ਰਹਿਣ 'ਤੇ ਬੈਂਕਾਂ ਅਤੇ ਵਿੱਤੀ ਸੰਸਥਾਵਾਂ ਵੱਲ ਬਕਾਇਆ ਕਰਜ਼ਿਆਂ ਦੀ ਵਸੂਲੀ ਕਾਨੂੰਨ, 1993 ਅਤੇ ਇਸ ਦੇ ਤਹਿਤ ਨਿਯਮਾਂ ਦੀ ਨਿਰੰਤਰਤਾ ਵਿਚ ਵਸੂਲੀ ਕੀਤੀ ਜਾਵੇਗੀ।
3. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਸੁਣਵਾਈ ਦੀ ਅਗਲੀ ਮਿਤੀ ਨੂੰ ਜਾਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵਿਆਂ ਦਾ ਹਲਫੀਆ ਬਿਆਨ 'ਤੇ ਐਲਾਨ ਕਰੋ।
4. ਤੁਹਾਨੂੰ ਇਸ ਦੁਆਰਾ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੇਰੀ ਕਾਰਵਾਈ ਲਈ 04.07.2026 **ਨੂੰ ਸਵੇਰੇ** 10.30 **ਵਜੇ** ਨਿਮਨ ਹਸਤਾਖਰੀ ਕੋਲ ਹਾਜ਼ਰ ਹੋਵੋ।
5. ਉਕਤ ਦਰਸਾਈ ਰਕਮ ਤੋਂ ਇਲਾਵਾ ਤੁਸੀਂ ਨਿਮਨ ਦਾ ਭੁਗਤਾਨ ਕਰਨ ਲਈ ਵੀ ਜੁਆਬਦੇਹ ਹੋਵੋਗੇ :
(ੳ) ਸਰਟੀਫਿਕੇਟ/ਕਾਰਜਰੂਪ ਪ੍ਰਕਿਰਿਆ ਦੀ ਇਸ ਸੂਚਨਾ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੀ ਮਿਆਦ ਦੇ ਲਈ ਅਦਾਇਗੀਯੋਗ ਵਿਆਜ
(ਅ) ਇਸ ਸੂਚਨਾ ਦੀ ਤਾਮੀਲ ਦੇ ਸਬੰਧ ਵਿਚ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਅਪਣਾਈਆਂ ਗਈਆਂ ਸਾਰੀਆਂ ਹੋਰ ਕਾਰਵਾਈਆਂ ਵਿਚ ਲਾਗੂ ਸਾਰੀਆਂ ਲਾਗਤਾਂ, ਫੀਸਾਂ ਅਤੇ ਖਰਚੇ।
ਮੇਰੇ ਦਸਤਖ਼ਤ ਅਤੇ ਟ੍ਰਿਬਿਊਨਲ ਦੀ ਮੋਹਰ ਹੇਠ ਇਸ ਮਿਤੀ 07.03.2026 ਨੂੰ ਜਾਰੀ।

ਵਸੂਲੀ ਅਧਿਕਾਰੀ
ਕਰਜ਼ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ, (ਡੀਆਰਟੀ 3)

SBI | ਸਟੇਟ ਬੈਂਕ ਆਫ ਇੰਡੀਆ — ਸ਼ਾਖਾ : ਖਨੌਰੀ (50188)

[ਨਿਯਮ 8 (1)] **ਕਬਜ਼ਾ ਸੂਚਨਾ (ਅਚੱਲ ਸੰਪੱਤੀ ਦੇ ਲਈ)**

ਜਿਥੇ ਕਿ, ਨਿਮਨ ਹਸਤਾਖ਼ਰੀ ਨੇ **ਯੂਨੀਅਨ ਬੈਂਕ ਆਫ ਇੰਡੀਆ** ਦੇ ਅਧਿਕਾਰਤ ਅਧਿਕਾਰੀ ਵਜੋਂ ਵਿੱਤੀ ਸੰਪੱਤੀਆਂ ਦੇ ਸੁਰੱਖਿਅਣ ਅਤੇ ਪੁਨਰ ਉਸਾਰੀ ਅਤੇ ਸੁਰੱਖਿਆ ਵਿਆਜ ਦਾ ਲਾਗੂਕਰਨ **ਕਾਨੂੰਨ**, 2002 ਦੇ ਅਧੀਨ ਅਤੇ ਸੁਰੱਖਿਆ ਵਿਆਜ (ਲਾਗੂਕਰਨ) **ਨਿਯਮਾਂਵਲੀ**, 2002 ਦੇ **ਨਿਯਮ** 3 ਨਾਲ ਪੜ੍ਹੀ ਜਾਣ ਵਾਲੀ ਧਾਰਾ 13 (12) ਅਧੀਨ ਪ੍ਰਦੱਤ ਸ਼ਕਤੀਆਂ ਦੀ ਵਰਤੋਂ ਕਰਦੇ ਹੋਏ ਦਰਸਾਈ ਸੂਚਨਾ ਦੀ ਪ੍ਰਾਪਤੀ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਸੂਚਨਾ ਵਿਚ ਦਰਸਾਈ ਰਕਮ ਅਤੇ ਵਿਆਜ ਨੂੰ ਅਦਾ ਕਰਨ ਲਈ ਕਰਜ਼ਦਾਰ (ਾਂ)/ਜ਼ਾਮਨ (ਾਂ)/ਗਿਰਵੀਕਾਰ (ਾਂ) ਨੂੰ ਸੱਦਾ ਦਿੰਦੇ ਹੋਏ ਨਿਮਨ

ਸਿਰਲੇਖਵਾਰ ਇਸ਼ਤਿਹਾਰ /Classified Advertisement

In The Court of Sh. Sukhmandeep Singh
Judicial Magistrate First Class-3, Abohar
CNR No.PBFZE1-000041-2026
Next Date: 21.07.2026
Shri Ram City Union Finance Ltd
Versus
Gharsi Ram
Notice to: Gharsi Ram Father::- Kheta Ram St.No.5, Idgah Basti, Killianwali Road, Abohar Tehsil Abohar District Fazilka
In the above titled case the accused could not be served. it is ordered that the accused should appear in person or through counsel on 21.07.2026 at 10:00 am.
For details logon to https://highcourtchd.gov.in/?mod=district_notice&district=mogacourt
Dated this day of 10-06-2026
Sd/- Judicial Magistrate First Class-3, Abohar

In The Court of Sh. Sukhmandeep Singh
Judicial Magistrate First Class-3, Abohar
CNR No.PBFZE1-000144-2026
Next Date: 14.07.2026
M/s Shriram Finance Limited
Versus
Soma Rani
Notice to: Soma Rani Spouse::- Charanjeet Singh Vpo Arniwala Sheikh Subhan Near Pspcl Power Plant Tehsil And District Fazilka
In above titled Petition the accused could not be served. It is ordered that the accused should appear in person or through counsel on **14.**07.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 10-06-2026
Sd/- Judicial Magistrate First Class-3, Abohar

(U/o 5 Rule 20 CPC)
In The Court of Hon'ble Priyanka Sharma
Civil Judge (Junior Division), Amritsar
CNR No. PBAS02-000958-2024
Next Date:- 20-07-2026
Harjinder Kaur
Versus
Lakhwinder Singh
Notice to: Late Balwinder Kaur D/O Late Gurdial Singh W/O Rajinderpal Singh Through Her Legal Heirs:- A. Rajinderpal Singh (Husband) B. Ekambir Singh (Son) Both Resident Flat No.1167, Chembur, Mumbai.
In above titled case the defendant(s)/respondent(s) could not be served. It is ordered that the defendant(s)/respondent(s) should appear in person or through counsel on **20.**07.2026 at 10:00 A.M.
For details logon to https://highcourtchd.gov.in/?trs=district_notice&district=Amritsar
Dated this day of 21-05-2026
Sd/- Civil Judge (Junior Division), Amritsar

(U/o 5 Rule 20 CPC)
In The Court of Sh. Gurmohan Singh
Additional District and Sessions Judge, Hoshiarpur
CNR No. PBHO01-002047-2024
Next Date:- 20-07-2026
Rajdeep Kaur
Versus
Kuldeep Singh
Appeal Against The Order Dated 23.01.2024 Passed By The Court Of Sh. Manmohan Bhatti, Pcs, Cjjd Dasuya.
Notice to: 8. Jawinder Kaur, 9. Sarabjit Kaur, 10 Paramjit Kaur, 11. Beant Kaur, 12. Rajinder Kaur, Daughters Of Shri Joginder Singh, S/O Milkha Singh, All Residents Of Village Budho Barkat, Tehsil Dasuya, District Hoshiarpur
In above titled case Rajdeep Kaur Vs Kuldeep Singh the defendant(s)/respondent(s) 8. Jawinder Kaur, 9. Sarabjit Kaur, 10 Paramjit Kaur, 11. Beant Kaur, 12. Rajinder Kaur, Daughters Of Shri Joginder Singh, S/O Milkha Singh, could not be served. It is ordered that the defendant(s)/respondent(s) should appear in person or through counsel on **20.**07.2026 at 10:00 A.M.
For details logon to https://highcourtchd.gov.in/?trs=district_notice&district=Hoshiarpur
Dated this day of 04-06-2026
Sd/- Additional District and Sessions Judge, Hoshiarpur

In The Court of Ms. Samiksha Jain
Judicial Magistrate First Class-17, Jalandhar
CNR No:-PBJL03-012557-2025
Next Date: 20.07.2026
NACT/3993/2025
Amrit Malwa Capital Ltd
Versus
Bhartha Singh
Notice to: Bhartha Singh :- S/O Gurnand Singh R/O Raman Nandi Bajjewala Mansa Punjab 151505
In above titled case the accused could not be served. It is ordered that accused should appear in person or through counsel on **20.**07.2026 at 10:00 A.M.
For details logon to https://highcourtchd.gov.in/?mod=district_notice&district=Jalandhar
Dated, this day of 28-05-2026
Sd/- Judicial Magistrate First Class-17, Jalandhar

(U/o 5 Rule 20 CPC)
In The Court of Sh. Gurmanak Pal Singh
Civil Judge Junior Division-16, Patiala
CNR No. PBPT02-001869-2025
Next Date:- 20-07-2026
Jatinder Kaur
Versus
Amrinder Singh
Notice to: 1. Amrinder Singh S/O Mewa Singh 2.Gagandeep Kaur W/O Amrinder Singh Both R/O Village Kheri Mania, Kalyan, Tehsil And Distt Patiala And Also Resident Of H.No. 2619, First Floor, Near Youth Enclave, Sector-79,Sas Nagar, Mohali
In above titled case the defendant(s)/respondent(s) could not be served. It is ordered that the defendant(s)/respondent(s) should appear in person or through counsel on **20.**07.2026 at 10:00 A.M.
For details logon to https://highcourtchd.gov.in/?mod=district_notice&district=patiala
Dated this day of 02-06-2026
Sd/- Civil Judge Junior Division-16, Patiala

(U/o 5 Rule 20 CPC)
In The Court of Sh. Amar Jeet Singh
Principal Judge Family Court, Moga
CNR No. PBMO01-007388-2024
Next Date:- 20-07-2026
Gurmukh Singh
Versus
Ripandeep Kaur
Notice to: Ripandeep Kaur Father:- Lakhvir Singh Gurdwara Baba Deep Singh Ji Village Tharaj Teh Baghapurana Distt Moga
In above titled case the defendant(s)/respondent(s) could not be served. It is ordered that the defendant(s)/respondent(s) should appear in person or through counsel on **20.**07.2026 at 10:00 A.M.
For details logon to https://highcourtchd.gov.in/?mod=district_notice&district=mogacourt
Dated this day of 08-04-2026
Sd/- Principal Judge Family Court, Moga

(U/o 5 Rule 20 CPC)
In The Court of Ms. Ravneet Kaur Bedi
Civil Judge (Junior Division), Pathankot
CNR No.PBPO02-000861-2025
Next Date: 17.07.2026
Piara Singh
Versus
Parkash Kaur Sandhu
Suit For Permanent Injunction Restraining The Defendants From Selling Or Alienating The Specific Khasra No. And For Restraining The Defendants No. 1 And 6 From Changing The Nature Of Land By Raising Any Sort Of Construction Over Any Part Of Land Measuring 328 Kanal 11 Marlas, Detailed And Described As Khewat No. 29/29 Khatuni No. 32 To 34 Rect No. 12 Killa No. 1 (0-12), 18 Min Dakhan (10), 19 Min Dakhan (6-0) 20 Min Dakhan (6-0) 22 (2-0) 23/1 (1-9) Rect No. 13 Killa No. 1 (7-4) 2 (8-0) 3 (8-0) 4 (8-0) 5 (8-0), Rect No. 12 Killa No. 11 (5-16) 12 (4-0) 13 (1-13) 18 Min Pahar (2-16) 19 Min Pahar (2-0) 20 Min Pahar (2-0) Rect No. 13 Killa No. 6 (7-18), Rect No. 9 Killa No. 11 (4-11) Killa No. 12 (6-5) Killa No. 13 (7-18) Killa No. 14 (8-0) Killa No. 17/2 (2-16), Killa No. 18 (8-0) Killa No. 19 (8-0) Killa No. 20 (7-4) Killa No. 21 (1-10) Killa No. 22 (7-11), Khewat No. 68/66 Khatauni No. 82 To 86 Rect No. 12 Killa No. 21 (2-7) Rect No. 13 Killa No. 16 (8-0) Rect No. 18 Killa No. 6/4 (3-19) Killa No. 15 (2-1) Rect No. 19 Killa No. 10/3 (0-8) Rect No. 13 Killa No. 7 (8-0) Killa No. 8 (8-0) Killa No. 9 (8-0) Killa No. 10 (6-8) Rect No. 14 Killa No. 6 (0-8) Rect No. 13 Killa No. 17 (8-0) Killa No. 18 (8-0) Killa No. 23 (8-0) Killa No. 24 (8-0) Rect No. 17 Killa No. 3/2 (6-3) Killa No. 4 (7-11) Killa No. 7 (8-0) Killa No. 8/1 (1-8) Killa No. 14 (5-4) Rect. No. 12 Killa No. 10 (0-4) Rect. No. 13 Killa No. 12 (7-0) Rect No. 13 Killa No. 13 (8-0) Killa No. 14 (8-0) Killa No. 25 (8-0) Killa No. 13 (8-0) Killa No. 14 (8-02) Killa No. 25 (8-0) Killa No. 6 (5-8) Killa No. 15 (2-4) Rect. No 18 Killa No. 1 (0-4) Rect. No. 8 Killa No. 15/2 (0-9) Killa No. 16/1 (2-4), Khewat No. 69/67, Khatauni No. 87 Khasra No. 70 (3-18), Khewat No. 70/68 Khatuni No. 88 To 89 Rect. No. 13 Killa No. 27 Min (18-17) Rect. No. 13 Killa No. 27 Min (5-0) As Entered In The Jamabandi For The Year 2021-2022, Situated Within The Revenue Estate Of Village Baldo Chak, Hb No. 153 Tehsil And District Pathankot, illegaly And Forcibly, Without Getting The Partition By Metes And Bounds.
Notice to: Defendant No. - 4. Vijay Pal Kaur W/O Surinder Singh Presently Serving Head Clerk At Novadhya School Gobindwal Sahib, District Amritsar. 5. Baljit Kaur D/O Harbans Singh R/O Vpo Nago Ke, District Amritsar..
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 17.07.2026 at 10:00 am.
For details logon to https://highcourtchd.gov.in/?mod=district_notice&district=Pathankot
Dated, this day of 19-05-2026
Sd/- Civil Judge (Junior Division), Pathankot

(U/o 5 Rule 20 CPC)
In The Court of Ms. Ramandeep Neetu
Additional Civil Judge (Senior Division), Mukerian
CNR No.PBHOC0-000130-2025
Next Date: 16.07.2026
CS-91-2025
Varinder Singh @ Binder Singh
Versus
Archana Devi
Suit for grant of decree of Declaration with permanent injunction
Notice to: 5. Shiv Singh S/O Bala Singh S/O Chanoya 6 Kuldeep Singh S/O Shiv Singh S/O Bala Singh 7 Gurdeep Kaur S/O Shiv Singh S/O Bala Singh 8 Tarem Singh S/O Bhag Singh S/O Arjun Singh 9 Kashmir Singh S/O Vijay Singh S/O Bala Singh 10 Gurnam Singh S/O Vijay Singh S/O Bala Singh 11 Ram Singh S/O Vijay Singh S/O Bala Singh 12 Darshan Singh S/O Chanana Singh S/O Faquir 13 Malkiat Singh S/O Chanana Singh S/O Faquir 14 Jaswnat Singh S/O Baldev Singh S/O Chanana Singh 15 Gurmail Singh S/O Buta A/O Boorha 16 Santosh Kaur W/O Shingara Singh S/O Narain Singh 17A Jagtar Singh S/O Late Gurcharan Singh 17B Rashpal Singh S/O Late Gurcharan Singh 17C Lasjkar Singh S/O Late Gurcharan Singh 17D Jaswinder Kaur Widow Of Late Gurcharan Singh 17E Naseeb Kaur Widow Of Late Gurcharan Singh 18A Baldeep Singh S/O Joginder Singh 18B Kuldeep Singh S/O Joginder Singh 18C Dharamveer Singh S/O Joginder Singh 19A Lakhvir Singh S/O Swaran Singh 19B Sukhbir Singh S/O Swaran Singh 21 Amarjit Singh S/O Khushi Ram S/O Lal 22 Bhajan Singh S/O Khushi Ram S/O Lal 24 Vijay Singh S/O Bal Singh S/O Ghonaya, 25 Baldev Singh S/O Buta S/O Boorha 26 Jeet Singh S/O Buta S/O Boorha 27 Navdeep Singh S/O Sant Ram S/O Hans Raj 28 Gagandeep Singh S/O Sant Ram S/O Hans Raj 29 Naseeb Kaur Widow Of Hans Raj 30A Navdeep Singh S/O Late Sant Ram 30B Gagandeep Singh S/O Late Sant Ram 31A Baldev Singh S/O Late Chanan Singh 31A (i) Gurmeet Kaur Widow Of Baldev Singh 31A(ii) Baljinder Kaur D/O Baldev Singh 31A(iii) Jaswinder Kaur D/O Baldev Singh 31A(iv) Rajinder Kaur D/O Baldev Singh 32 Tarsem Singh S/O Bhag Singh S/O, Arjan Singh 33 Nathu S/O Gurditta S/O Bhupa 34(A) Paramjit Kaur D/O Haria S/O Bhupa 35 Paramjit Kaur D/O Haria S/O Bhupa 36 Jagdish Singh S/O Haria S/O Bhupa 37 Ram Rakhi Widow Of Karam Chand S/O, Bhupa 38 Dharamjit Singh S/O Karam Chand S/O Bhupa 39 Dharampal S/O Karam Chand S/O Bhupa 40 Gurmeet Singgh S/O Karam Chand S/O Bhupa 41 Amrit Singh S/O Joga Singh S/O Moti 42 Bikramjit Singh S/O Joga Singh S/o Moti 43 Karamjit Singh S/O Joga Singh S/O Moti 44 A Shiv Singh S/O Bala Singh 44B Vijay Singh S/O Bala Singh 45 Satnam singh S/O Kapoor Singh S/O Kirpa Singh 46A Harpreet Singh S/O Rawal Singh 47 Prem Singh S/O Kapoor Singh 48 Avtar Singh S/O Teja Singh 49 Sucha Singh S/Op Teja Singh 50 Tarsem Singh S/O Bhag Singh 52 Lakhbir Singh S/O Nath Singh 53 Baldeep Singh S/O Joginder Singh 54 Kuldeep Singh S/O Joginder Singh 55 Dharamvir Singh S/O Joginder Singh 56 Nath Singh S/O Gurditta 57 Sohan Singh S/O Sadhu Ram 58 Prem Kaur Widow Of Harbans Singh 59 Bipan Singh S/O Harbans Singh 60 Aviash Kaur D/O Harbans Singh 61 Nisha Devi D/O Harbans Singh S/O Rasila 62 Tilak Raj S/O Sham Singh 63 Sardar Singh S/O Sham Singh 64 Deepika Bharaj W/O Lakhvir Singh 65 Balkar Singh S/O Bachan Singh S/O Nanak Singh 66 Hardev Singh S/O Bachan Singh S/O Nanak Singh 67 Davinder Singh S/O Hazar Singh S/O Jagat Singh 68 Satnam Singh S/O Amrik Singh S/O Jagat Singh 69 Ram Kishan S/O Tarsem Lal S/O Nanak Singh 70 Surjit Singh S/O Hazar Singh Nanak Singh 71 Harinder Pal Singh S/O Gurmit Singh 72 Iqbal Singh S/O Dharam Singh 73 Dass Mal S/O Tarsem Lal 74 Diyal Chand S/O Chuni Lal S/O Labhu Ram 75 Khushi Ram S/O Sain Dass 76 Mehanga Singh S/O Lakhu Ram 77 Sarabjit Singh S/O Amrik Singh 78 Labh Dass S/O Nath Ram 79 Raj Kumari W/O Jagdish Chander 80 Kuldip Kaur W/O Mohinder Singh 81 Satpal Singh Gurmit Singh 82 Amit Kumar S/O Sewa Chand 83 Pooja Mehta W/O Sanjiv Mehta 84 Kamaljit Kaur W/O Kabal Singh 85 Rekha Rani W/O Shakti Singh 86 Radha Rani W/O Kashmir Lal 87 Prshotam Lal S/O Sher Dass 88 Reeta Rani W/O Vijay Kumar 89 Balwinder Kaur W/O Joginder Singh 90 Krishan Lal S/O Harman Dass 91 Saruti W/O Sudhir Khullar 92 Amarjit Singh S/O Malkit Singh 93 Sarabjit Singh S/O Malkit Singh 94 Santosh Kumar W/O Jankar Singh 95 Amarjit Kaur W/O Surinder Singh 96 Sonia Sharma W/O Kishore Chand 97 Anju Bala W/O Balwinder Singh 98 Minakshi Devi W/O Surinder Kumar 99 Tarsem Lal S/O Banarsi Dass 100 Kanta Rani W/O Jaswant Singh 101 Ranjna Devi W/O Sunil Kumar 102 Surjit Singh S/O Santokh Singh 103 Sunita W/O Sukhdev Singh 104 Sunil Kumar S/O Ram Krishan 105 Surjit Kaur W/O Pooran Singh 106 Aarti Devi W/O Sandeep Singh All R/O Vill Pota H B No.284 Tehsil Mukerian District Hoshiarpur
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 16.07.2026 at 10:00 am.
For details logon to https:// highcourtchd.gov.in/?mod=district_ notice&district=Hoshiarpur
Dated, this day of 01-04-2026
Sd/- Addl.Civil Judge (Senior Division), Mukerian

(U/o 5 Rule 20 CPC)
In The Court of Ms. Riffi Bhatti
Civil Judge (Junior Division), Jagraon
CNR No.PBLDB0-001603-2025
Next Date: 20.07.2026
Gurmail Singh
Versus
Jagtar Singh
Notice to: 3. Dhanwant Singh @Dhanna S/O Ajmer Singh S/o Naginder Singh 4. Dharamjit Singh S/O Ajmer Singh S/O Naginder Singh 5. Baljit Kaur W/O Ajmer Singh S/O Naginder Singh- 6. Gurdial Kaur W/O Gurdev Singh S/O Inder Singh 7. Pritam Kaur D/O Gurdev Singh S/O Inder Singh 8. Kulwant Singh S/O Gurdev Singh S/O Inder Singh 9. Pritam singh S/O Gurdev Singh S/O Inder Singh 10. Harpal Singh S/O Gurdev Singh S/O Inder Singh 11. Gurcharan Singh S/O Gurdev Singh S/O Inder Singh 13. Darshan Singh S/O Karnail Singh S/O Inder Singh 16. Sadhu Singh S/O Amar Singh S/O Udai Singh 17. Harchand Singh S/O Amar Singh S/O Udai Singh 19. Gajjan Singh S/O Gurdial Singh S/O Amar Singh 20. Bahadur Singh S/O Gurdial Singh S/O Amar Singh 21. Saudagar Singh S/O Gurdial Singh S/O Amar Singh 22. Jasmel Kaur D/O Gurdial Singh S/O Amar Singh 23. Surjit Kaur W/O Gurdial Singh S/O Inder Singh All R/O Sohian, Tehsil Jagraon, Distt Ludhiana
In the above titled case the defendant(s)/respondent(s) could not be served. it is ordered that the defendant(s)/respondent(s) should appear in person or through counsel on 20.07.2026 at 10:00 am.
For details logon to https://highcourtchd.gov.in/?mod=district_notice&district=ludhianacourt
Dated, this day of 11-06-2026
Sd/- Civil Judge (Junior Division), Jagraon

ਚੜ੍ਹਦੀਕਲਾ ਪੜ੍ਹੋ, ਚੜ੍ਹਦੀਕਲਾ ਵਿੱਚ ਰਹੋ।

Change of Name

I, Vaishali Suman W/o Kulwant Singh VPO: Muradpur Naryal Distt. Hoshiarpur Punjab, have Changed my name from Vaishali Suman to Vishali Suman, Concerned Note.

ਬੇਦਖਲੀ ਸੂਚਨਾ

ਮੈਂ, ਸਤਪਾਲ ਸਿੰਘ ਪੁੱਤਰ ਗੁਰਬਚਨ ਸਿੰਘ ਵਾਸੀ ਪਿੰਡ ਬਕਰਾਹਾ ਤਹਿਸੀਲ ਪਾਤੜਾਂ ਜ਼ਿਲ੍ਹਾ ਪਟਿਆਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਇੰਦਰਜੀਤ ਸਿੰਘ ਪੁੱਤਰ ਸਤਪਾਲ ਸਿੰਘ ਵਾ ਨੂੰਹ ਮਨਪ੍ਰੀਤ ਕੌਰ ਬੁਰੀ ਸੰਗਤ ਵਿਚ ਪੈ ਗਈ ਹਨ ਅਤੇ ਮੇਰੇ ਕਹਿਣੇ ਕਾਰੇ ਵਿਚੋਂ ਬਾਹਰ ਹਨ। ਮੈਂ ਇਸਨੂੰ ਆਪਣੀ ਜਾਤ ਵਾ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਅੱਜ ਤੋਂ ਬਾਅਦ ਮੇਰਾ ਜਾਂ ਮੇਰੇ ਕਿਸੇ ਵੀ ਰਿਸ਼ਤੇਦਾਰ ਜਾਂ ਸਾਕ ਸਬੰਧੀ ਦਾ ਇਨ੍ਹਾਂ ਨਾਲ ਕੋਈ ਵੀ ਤਾਲੁਕ ਵਾਸਤਾ ਨਹੀਂ ਹੋਵੇਗਾ। ਅੱਜ ਤੋਂ ਬਾਅਦ ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਵਾ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ।

ਜ਼ਰੂਰੀ ਸੂਚਨਾ

ਰੋਜ਼ਾਨਾ ਚੜ੍ਹਦੀਕਲਾ ਵਿਚ ਛੱਪੇ ਲੇਖ, ਲੇਖਕਾਂ ਦੇ ਆਪਣੇ ਵਿਚਾਰ ਹਨ। ਇਸ ਨਾਲ ਸੰਪਾਦਕ ਦਾ ਸਹਿਮਤ ਹੋਣਾ ਕੋਈ ਜ਼ਰੂਰੀ ਨਹੀਂ। ਇਸ਼ਤਿਹਾਰ (ਡਿਸਪਲੇ/ਕਲਾਸੀਫਾਈਡ) ਦੇ ਤੱਥਾਂ ਲਈ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ ਦੇ ਤੱਥਾਂ ਦੀ ਪੁਸ਼ਟੀ ਕਰ ਲੈਣ।

ਪਾਰਟੀ ਦੇ ਜੁਝਾਰੂ ਵਰਕਰ ਹੀ ਪਾਰਟੀ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ : ਪ੍ਰੋ. ਚੰਦੂਮਾਜਰਾ

ਫਤਿਹਗੜ੍ਹ ਸਾਹਿਬ, 12 ਜੂਨ (ਨਰਿੰਦਰ ਸਿੰਘ): ਪਿੰਡ ਬੀੜ ਭਮਾਰਸੀ ਵਿਖੇ ਸ਼੍ਰੋਮਣੀ ਅਕਾਲੀ ਪੁਨਰ ਸੁਰਜੀਤ ਦੇ ਕੋਰ ਕਮੇਟੀ ਮੈਂਬਰ ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ, ਸੂਬਾ ਜਨਰਲ ਸਕੱਤਰ ਰਣਵੀਰ ਸਿੰਘ ਪੂਨੀਆ ਅਤੇ ਜ਼ਿਲ੍ਹਾ ਪ੍ਰਧਾਨ ਮਨਦੀਪ ਸਿੰਘ ਤਰਖਾਣ ਮਾਜਰਾ ਨੇ ਪਾਰਟੀ ਦੇ ਟਕਸਾਲੀ ਆਗੂ ਮਲੂਕ ਸਿੰਘ ਬੀੜ ਭਮਾਰਸੀ ਦੀ ਸਿਹਤ ਦਾ ਹਾਲ-ਚਾਲ ਜਾਣਿਆ। ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਆਗੂਆਂ ਨੇ ਕਿਹਾ ਕਿ ਪਾਰਟੀ ਦੇ ਵਰਕਰ ਹੀ ਕਿਸੇ ਵੀ ਸੰਗਠਨ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ ਅਤੇ ਉਨ੍ਹਾਂ ਦੀ ਨਿਸ਼ਕਾਮ ਸੇਵਾ ਅਤੇ ਸਮਰਪਣ ਸਦਕਾ ਹੀ ਪਾਰਟੀ ਮਜ਼ਬੂਤੀ ਨਾਲ ਅੱਗੇ ਵਧਦੀ ਹੈ। ਪ੍ਰੋਫੈਸਰ ਪ੍ਰੇਮ ਸਿੰਘ ਚੰਦੂ ਮਾਜਰਾ ਨੇ ਕਿਹਾ ਕਿ ਮਲੂਕ ਸਿੰਘ ਬੀੜ ਭਮਾਰਸੀ ਨੇ ਪੂਰੀ ਇਮਾਨਦਾਰੀ, ਮਿਹਨਤ ਅਤੇ ਤਨਦੇਹੀ ਨਾਲ ਆਪਣੀ ਪੂਰੀ ਉਮਰ ਪਾਰਟੀ ਦੀ ਸੇਵਾ ਕੀਤੀ ਹੈ। ਅਜਿਹੇ ਟਕਸਾਲੀ ਅਤੇ ਵਫ਼ਾਦਾਰ ਆਗੂ ਹਰ ਵਰਕਰ ਲਈ ਪ੍ਰੇਰਣਾ ਸਰੋਤ ਹੁੰਦੇ ਹਨ ਅਤੇ ਪਾਰਟੀ ਨੂੰ ਕਾਮਯਾਬੀ ਦੀਆਂ ਬੁਲੰਦੀਆਂ ਤੱਕ ਪਹੁੰਚਾਉਣ ਵਿੱਚ ਅਹਿਮ ਭੂਮਿਕਾ ਨਿਭਾਉਂਦੇ ਹਨ। ਸੂਬਾ ਜਨਰਲ ਸਕੱਤਰ ਰਣਵੀਰ ਸਿੰਘ ਪੂਨੀਆ ਨੇ ਕਿਹਾ ਕਿ ਪਾਰਟੀ ਆਪਣੇ ਪੁਰਾਣੇ ਅਤੇ ਸਮਰਪਿਤ ਵਰਕਰਾਂ ਦੇ ਯੋਗਦਾਨ ਨੂੰ ਕਦੇ ਵੀ ਨਹੀਂ ਭੁੱਲ ਸਕਦੀ। ਉਨ੍ਹਾਂ ਦੀ ਮਿਹਨਤ ਅਤੇ ਸੰਘਰਸ਼ ਹੀ ਪਾਰਟੀ ਦੀ ਅਸਲ ਤਾਕਤ ਹੈ। ਜ਼ਿਲ੍ਹਾ ਪ੍ਰਧਾਨ ਮਨਦੀਪ ਸਿੰਘ ਤਰਖਾਣ ਮਾਜਰਾ ਨੇ ਮਲੂਕ ਸਿੰਘ ਦੀ ਚੰਗੀ ਸਿਹਤ ਅਤੇ ਜਲਦੀ ਸਿਹਤਯਾਬੀ ਦੀ ਕਾਮਨਾ ਕਰਦਿਆਂ ਕਿਹਾ ਕਿ ਪਾਰਟੀ ਦਾ ਹਰ ਆਗੂ ਅਤੇ ਵਰਕਰ ਇੱਕ ਪਰਿਵਾਰ ਵਾਂਗ ਹੈ ਅਤੇ ਹਰ ਸੁੱਖ-ਦੁੱਖ ਵਿੱਚ ਇੱਕ-ਦੂਜੇ ਦੇ ਨਾਲ ਖੜ੍ਹਾ ਰਹਿਣਾ ਸਾਡੀ ਪਰੰਪਰਾ ਹੈ। ਇਸ ਮੌਕੇ ਸੀਨੀਅਰ ਟਕਸਾਲੀ ਆਗੂ ਮਲੂਕ ਸਿੰਘ ਦੇ ਸਪੁੱਤਰ ਸਰਕਲ (ਦਿਹਾਤੀ ਸਰਹਿੰਦ) ਦੇ ਪ੍ਰਧਾਨ ਗੁਰਦੇਵ ਸਿੰਘ ਹੈਪੀ ਵਿਰਕ ਨੇ ਵਿਸ਼ੇਸ਼ ਤੌਰ 'ਤੇ ਪਹੁੰਚੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਦਾ ਧੰਨਵਾਦ ਕੀਤਾ ਅਤੇ ਹਮੇਸ਼ਾ ਹੀ ਉਨ੍ਹਾਂ ਦੇ ਪੁਰਖਿਆਂ ਵੱਲੋਂ ਕੀਤੀ ਜਾ ਰਹੀ ਪਾਰਟੀ ਦੀ ਸੇਵਾ ਨੂੰ ਸਮਰਪਿਤ ਹੋ ਕੇ ਅੱਗੇ ਤੋਂ ਵੀ ਪਾਰਟੀ ਦੀ ਚੜ੍ਹਦੀਕਲਾ ਲਈ ਕੰਮ ਕਰਨ ਦਾ ਭਰੋਸਾ ਜਤਾਇਆ। ਇਸ ਮੌਕੇ ਹਾਜ਼ਰ ਆਗੂਆਂ ਨੇ ਮਲੂਕ ਸਿੰਘ ਬੀੜ ਭਮਾਰਸੀ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਸਿਹਤ ਬਾਰੇ ਜਾਣਕਾਰੀ ਲਈ ਅਤੇ ਪ੍ਰਮਾਤਮਾ ਅੱਗੇ ਉਨ੍ਹਾਂ ਦੇ ਜਲਦੀ ਤੰਦਰੁਸਤ ਹੋਣ ਦੀ ਅਰਦਾਸ ਕੀਤੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਅੰਮ੍ਰਿਤਪਾਲ ਸਿੰਘ ਰੈਲੋ, ਜਥੇਬੰਦਕ ਸਕੱਤਰ ਮਨਜੀਤ ਸਿੰਘ, ਸਰਕਲ ਪ੍ਰਧਾਨ ਹਰਮੇਲ ਸਿੰਘ ਰਘੇੜਾ, ਦਰਬਾਰਾ ਸਿੰਘ ਰੰਧਾਵਾ, ਸੁਰਿੰਦਰ ਸਿੰਘ ਸਰਕਲ ਪ੍ਰਧਾਨ ਸੁਹਾਗੜੀ, ਗੁਰਮੁਖ ਸਿੰਘ ਸੁਹਾਗੜੀ, ਗੁਰਜਿੰਦਰ ਸਿੰਘ ਬੀੜ ਭਮਾਰਸੀ, ਮਨਿੰਦਰ ਸਿੰਘ, ਯਾਦਵਿੰਦਰ ਸਿੰਘ, ਗੁਰਭੇਜ ਸਿੰਘ ਆਦੀ ਹਾਜ਼ਰ ਸਨ।

ਮੋਗਾ ਪੁਲਿਸ ਨੇ 1 ਕਿੱਲੋ ਹੈਰੋਇਨ ਸਮੇਤ 2 ਨਸ਼ਾ ਤਸਕਰਾਂ ਨੂੰ ਕੀਤਾ ਕਾਬੂ

ਮੋਗਾ, 12 ਜੂਨ (ਗੁਰਦੇਵ ਖੁਰਾਣਾ, ਹਰਜੀਤ ਛਾਬੜਾ): ਪੰਜਾਬ ਸਰਕਾਰ ਵੱਲੋਂ ਨਸ਼ਾ ਤਸਕਰੀ ਖ਼ਿਲਾਫ਼ ਚਲਾਈ ਜਾ ਰਹੀ ਮੁਹਿੰਮ ਤਹਿਤ ਮੋਗਾ ਪੁਲਿਸ ਨੂੰ ਇੱਕ ਹੋਰ ਵੱਡੀ ਸਫਲਤਾ ਹਾਸਲ ਹੋਈ ਹੈ। ਥਾਣਾ ਸਿਟੀ-1 ਮੋਗਾ ਦੀ ਪੁਲਿਸ ਟੀਮ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਕਾਰਵਾਈ ਕਰਦਿਆਂ ਦੋ ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 1 ਕਿੱਲੋਗ੍ਰਾਮ ਹੈਰੋਇਨ ਤੇ ਇੱਕ ਬਿਨਾਂ ਨੰਬਰੀ ਮੋਟਰਸਾਈਕਲ ਬਰਾਮਦ ਕੀਤਾ ਹੈ। ਐੱਸ.ਐੱਸ.ਪੀ. ਮੋਗਾ ਸਰਤਾਜ ਸਿੰਘ ਚਾਹਲ ਦੇ ਦਿਸ਼ਾ-ਨਿਰਦੇਸ਼ਾਂ 'ਤੇ ਸੀਨੀਅਰ ਅਧਿਕਾਰੀਆਂ ਦੀ ਅਗਵਾਈ ਹੇਠ ਪੁਲਿਸ ਪਾਰਟੀ ਇਲਾਕੇ ਵਿੱਚ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕਰ ਰਹੀ ਸੀ। ਇਸ ਦੌਰਾਨ ਮੁਖ਼ਬਰ ਖ਼ਾਸ ਤੋਂ ਮਿਲੀ ਭਰੋਸੇਯੋਗ ਸੂਚਨਾ ਦੇ ਆਧਾਰ 'ਤੇ ਨਾਕਾਬੰਦੀ ਕਰਕੇ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ। ਗ੍ਰਿਫ਼ਤਾਰ ਮੁਲਜ਼ਮਾਂ ਦੀ ਪਛਾਣ ਸੋਨੂੰ ਪੁੱਤਰ ਕੰਕਰ ਸਿੰਘ ਵਾਸੀ ਪੀਰ ਮੁਹੰਮਦ, ਜ਼ਿਲ੍ਹਾ ਫਿਰੋਜ਼ਪੁਰ ਅਤੇ ਕਰਨ ਪੁੱਤਰ ਗੁਰਪ੍ਰੀਤ ਸਿੰਘ ਵਾਸੀ ਵਾਰਿਸ ਵਾਲਾ ਝੁੱਗਾ, ਜ਼ਿਲ੍ਹਾ ਫਿਰੋਜ਼ਪੁਰ ਵਜੋਂ ਹੋਈ ਹੈ। ਤਲਾਸ਼ੀ ਦੌਰਾਨ ਉਨ੍ਹਾਂ ਦੇ ਕਬਜ਼ੇ ਵਿਚੋਂ 1 ਕਿਲੋਗ੍ਰਾਮ ਹੈਰੋਇਨ ਤੇ ਇੱਕ ਬਿਨਾਂ ਨੰਬਰੀ ਮੋਟਰਸਾਈਕਲ ਬਰਾਮਦ ਕੀਤਾ ਗਿਆ। ਪੁਲਿਸ ਨੇ ਦੋਵਾਂ ਦੋਸ਼ੀਆਂ ਖ਼ਿਲਾਫ਼ ਮੁਕੱਦਮਾ ਨੰ. 127 ਮਿਤੀ 10 ਜੂਨ 2026 ਅਧੀਨ ਧਾਰਾ 21/61/85 ਐੱਨ.ਡੀ.ਪੀ.ਐੱਸ. ਐਕਟ ਤਹਿਤ ਥਾਣਾ ਸਿਟੀ-1 ਮੋਗਾ ਵਿੱਚ ਮਾਮਲਾ ਦਰਜ ਕਰ ਲਿਆ ਹੈ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਜਾਵੇਗਾ, ਤਾਂ ਜੋ ਨਸ਼ਾ ਤਸਕਰੀ ਦੇ ਨੈੱਟਵਰਕ ਅਤੇ ਇਸ ਨਾਲ ਜੁੜੇ ਹੋਰ ਵਿਅਕਤੀਆਂ ਬਾਰੇ ਅਹਿਮ ਜਾਣਕਾਰੀਆਂ ਹਾਸਲ ਕੀਤੀਆਂ ਜਾ ਸਕਣ। ਪੁਲਿਸ ਦਾ ਕਹਿਣਾ ਹੈ ਕਿ ਨਸ਼ਾ ਤਸਕਰਾਂ ਖ਼ਿਲਾਫ਼ ਸਖ਼ਤ ਕਾਰਵਾਈ ਭਵਿੱਖ ਵਿੱਚ ਵੀ ਜਾਰੀ ਰਹੇਗੀ ਅਤੇ ਸਮਾਜ ਨੂੰ ਨਸ਼ਾ-ਮੁਕਤ ਬਣਾਉਣ ਲਈ ਹਰ ਸੰਭਵ ਯਤਨ ਕੀਤੇ ਜਾਣਗੇ।

ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਪਿੰਡ ਫੱਤੇ ਵਾਲਾ ਵਿਖੇ ਹੜ੍ਹਾਂ ਕਾਰਨ ਨੁਕਸਾਨੇ ਘਰ ਦੀ ਮੁੜ ਉਸਾਰੀ ਦੀ ਕੀਤੀ ਸ਼ੁਰੂਆਤ

ਮੱਲਾਂ ਵਾਲਾ, 12 ਜੂਨ (ਦੀਪਕ ਭਾਰਗੋ): ਮਾਨਵਤਾ ਦੇ ਮਸੀਹਾ ਵੱਜੋਂ ਜਾਣੇ ਉੱਘੇ ਸਮਾਜ ਸੇਵੀ ਡਾ ਐਸ ਪੀ ਸਿੰਘ ਉਬਰਾਏ ਦੀ ਯੋਗ ਅਗਵਾਈ ਵਿੱਚ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਸਿਆਟਲ ਸੰਗਤ ਯੂ ਐਸ ਏ ਦੇ ਵਿਸ਼ੇਸ਼ ਸਹਿਯੋਗ ਨਾਲ ਡਾ ਆਰ ਐਸ ਅਟਵਾਲ ਦੀ ਦੇਖ ਰੇਖ ਹੇਠ ਹੜ੍ਹ ਪ੍ਰਭਾਵਿਤ ਪਿੰਡਾ ਵਿੱਚ ਲੋਕ ਭਲਾਈ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦੇ ਹੋਏ ਪਿੰਡ ਫੱਤੇ ਵਾਲਾ ਵਿਖੇ ਵੀਰ ਸਿੰਘ ਪੁੱਤਰ ਅਮਰੀਕ ਸਿੰਘ ਜਿਸਦਾ ਮਕਾਨ ਹੜ੍ਹਾਂ ਕਾਰਨ ਪੂਰੀ ਤਰ੍ਹਾਂ ਨੁਕਸਾਨਿਆ ਗਿਆ ਸੀ ਉਸਦੀ ਸ਼ੁਰੂਆਤ ਸਭ ਤੋਂ ਪਹਿਲਾਂ ਗੁਰੂ ਸਾਹਿਬ ਜੀ ਦੀ ਓਟ ਆਸਰਾ ਲੈਕੇ ਅਰਦਾਸ ਕਰਨ ਉਪਰੰਤ ਮੁੱਖ ਮਹਿਮਾਨ ਵਜੋਂ ਪਹੁੰਚੇ ਜੀਰਾ ਵਿਧਾਇਕ ਸ਼੍ਰੀ ਨਰੇਸ਼ ਕਟਾਰੀਆ, ਨਗਰ ਕੌਂਸਲ ਮੱਲਾਂ ਵਾਲਾ ਦੇ ਪ੍ਰਧਾਨ ਮਹਾਂਵੀਰ ਸਿੰਘ, ਗੁਰਮਤਿ ਪ੍ਰਚਾਰ ਜੱਥਾ ਬਾਬਾ ਬਲਕਾਰ ਸਿੰਘ ਜੀ , ਬਾਬਾ ਭਾਗ ਸਿੰਘ ਜੀ, ਸਰਪੰਚ ਸੁਖਦੇਵ ਸਿੰਘ ਅਤੇ ਟਰੱਸਟ ਦੇ ਟੀਮ ਮੈਂਬਰਾਂ ਵੱਲੋਂ ਸਾਂਝੇ ਤੌਰ 'ਤੇ ਆਪਣੇ ਕਰ-ਕਮਲਾ ਨਾਲ ਨੀਂਹ ਰੱਖੀ ਗਈ ਇਸ ਮੌਕੇ ਜੀਰਾ ਵਿਧਾਇਕ ਸ਼੍ਰੀ ਨਰੇਸ਼ ਕਟਾਰੀਆ ਵੱਲੋਂ ਡਾ ਓਬਰਾਏ ਮਨੁੱਖਤਾ ਦੀ ਭਲਾਈ ਹਿੱਤ ਕੀਤੇ ਜਾ ਰਹੇ ਕੰਮਾਂ ਦੀ ਪ੍ਰਸ਼ੰਸਾ ਕੀਤੀ ਗਈ।ਟਰੱਸਟ ਦੇ ਜ਼ਿਲ੍ਹਾ ਪ੍ਰਧਾਨ ਅਮਰਜੀਤ ਕੌਰ ਛਾਬੜਾ, ਮੀਤ ਪ੍ਰਧਾਨ ਦਵਿੰਦਰ ਸਿੰਘ ਛਾਬੜਾ ਅਤੇ ਪਿੰਡ ਦੇ ਮੋਹਤਬਰਾਂ ਵੱਲੋਂ ਆਏ ਹੋਏ ਮਹਿਮਾਨਾਂ ਦਾ ਪਹੁੰਚਣ 'ਤੇ ਜੀ ਆਇਆਂ ਆਖਿਆ ਗਿਆ ਅਤੇ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਡਾ ਓਬਰਾਏ ਵੱਲੋਂ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਜਦੋਂ ਹੜ੍ਹ ਆਏ ਸਨ। ਫਿਰੋਜ਼ਪੁਰ ਜ਼ਿਲ੍ਹੇ ਅੰਦਰ ਉਦੋਂ ਤੋਂ ਹੀ ਮੋਹਰੀ ਹੋਕੇ ਰਾਸ਼ਨ, ਲੋੜੀਂਦਾ ਸਮਾਨ,ਹਜ਼ਾਰਾਂ ਕੁਇੰਟਲ ਪਸ਼ੂ ਦਾ ਅਚਾਰ ਪਹੁੰਚਾਇਆ ਗਿਆ ਸੀ ਅਤੇ ਫਿਰੋਜ਼ਪੁਰ ਜ਼ਿਲ੍ਹੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਦੀਆਂ ਜਿਹਨਾਂ ਧੀਆਂ ਦੇ ਵਿਆਹ ਰੱਖੇ ਹੋਏ ਸਨ, ਉਹਨਾਂ ਲੱਗਭੱਗ 80 ਧੀਆਂ ਨੂੰ ਉਹਨਾਂ ਦੇ ਵਿਆਹਾਂ ਮੌਕੇ ਸ਼ਗਨ ਵਜੋਂ ਇੱਕ -ਇੱਕ ਲੱਖ ਰੁਪਏ ਦੇ 80 ਲੱਖ ਰਾਸ਼ੀ ਦੇ ਚੈੱਕ ਭੇਟ ਕੀਤੇ ਗਏ ਸਨ। ਇਸ ਮੌਕੇ ਵੀਰ ਸਿੰਘ ਦੇ ਪਰਿਵਾਰ ਵੱਲੋਂ ਡਾ ਉਬਰਾਏ ਦਾ ਧੰਨਵਾਦ ਕਰਦਿਆਂ ਕਿਹਾ ਕਿ ਮੀਂਹ ਹਨੇਰੀਆਂ ਵਿੱਚ ਉਹਨਾਂ ਦਾ ਪਰਿਵਾਰ ਛੋਟੇ ਬੱਚਿਆਂ ਨਾਲ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰ ਰਿਹਾ ਸੀ ਇਸ ਮੱਦਦ ਲਈ ਉਹ ਹਮੇਸ਼ਾ ਡਾ ਓਬਰਾਏ ਦੇ ਰਿਣੀ ਰਹਿਣਗੇ । ਇਸ ਮੌਕੇ ਜ਼ਿਲ੍ਹਾ ਕੈਸ਼ੀਅਰ ਵਿਜੇ ਕੁਮਾਰ ਬਹਿਲ, ਜ਼ਿਲ੍ਹਾ ਸਲਾਹਕਾਰ ਅਤੇ ਇੰਚਾਰਜ ਜ਼ੀਰਾ ਰਣਜੀਤ ਸਿੰਘ ਰਾਏ,ਬਲਵਿੰਦਰ ਪਾਲ ਸ਼ਰਮਾ, ਤਲਵਿੰਦਰ ਕੌਰ,ਕਿਰਨ ਪੇਂਟਰ,ਰਾਮ ਸਿੰਘ ਅਤੇ ਪਿੰਡ ਦੇ ਮੋਹਤਬਰ ਬੰਦੇ ਮੌਜੂਦ ਸਨ।

ਵਾਰਡ ਨੰਬਰ 1 ਵਿੱਚ ਕੌਂਸਲਰ ਨੇ ਦਿੱਤੀ ਕਣਕ ਦੀਆਂ ਪਰਚੀਆਂ ਘਰਾਂ ਵਿੱਚ ਹੀ ਕੱਟਣ ਦੀ ਸੁਵਿਧਾ

ਕੋਟ ਈਸੇ ਖਾਂ, 12 ਜੂਨ (ਹਰਜੀਤ ਛਾਬੜਾ/ ਗੁਰਦੇਵ ਖੁਰਾਣਾ): ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਰਹਿਨੁਮਾਈ ਹੇਠ ਕੋਟ ਈਸੇ ਖਾਂ ਵਿੱਚ ਨਵੇਂ ਬਣੇ ਕੌਂਸਲਰ ਵਿਜੇ ਭਾਊ ਨੇ ਇੱਕ ਨਵਾਂ ਕੰਮ ਸ਼ੁਰੂ ਕੀਤਾ ਕਿ ਸ਼ਹਿਰ ਦੇ ਵਾਰਡ ਨੰਬਰ 1 ਵਿੱਚ ਕਣਕ ਦੀਆਂ ਪਰਚੀਆਂ ਪਹਿਲੀ ਵਾਰ ਵਾਰਡ ਦੇ ਅੰਦਰ ਹੀ ਕੱਟਣ ਦੀ ਸ਼ੁਰੂਆਤ ਕੀਤੀ, ਕਣਕ ਦੀਆਂ ਇਹ ਪਰਚੀਆਂ ਕਾਲਾ ਸਿੰਘ ਡੀਪੂ ਹੋਲਡਰ ਨੇ ਕੱਟੀਆਂ, ਜਿਸ ਕਾਰਨ ਵਾਰਡ ਵਾਸੀਆਂ ਵਿੱਚ ਖੁਸ਼ੀ ਦੀ ਲਹਿਰ ਹੈ।

ਵਾਰਡ ਦੇ ਲੋਕਾਂ ਨੇ ਇਸ ਉਪਰਾਲੇ ਲਈ ਐਮ.ਸੀ. ਵਿਜੇ ਭਾਊ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਪਹਿਲਾਂ ਉਨ੍ਹਾਂ ਨੂੰ ਪਰਚੀਆਂ ਕਟਵਾਉਣ ਲਈ ਦੂਰ ਤਕ ਜਾਣਾ ਪੈਂਦਾ ਸੀ, ਜਿਸ ਨਾਲ ਸਮੇਂ ਅਤੇ ਦਿਹਾੜੀ ਦੋਵਾਂ ਦੀ ਖਪਤ ਹੁੰਦੀ ਸੀ। ਹੁਣ ਵਾਰਡ ਦੇ ਅੰਦਰ ਹੀ ਇਹ ਸਹੂਲਤ ਮਿਲਣ ਨਾਲ ਲੋਕਾਂ ਨੂੰ ਬਹੁਤ ਰਾਹਤ ਮਿਲੀ ਹੈ। ਵਾਰਡ ਵਾਸੀਆਂ ਨੇ ਇਹ ਵੀ ਕਿਹਾ ਕਿ ਇੱਕ ਪਰਿਵਾਰ ਦੇ ਹਰ ਮੈਂਬਰ ਲਈ ਵੱਖ-ਵੱਖ ਪਰਚੀਆਂ ਕੱਟੀਆਂ ਜਾ ਰਹੀਆਂ ਹਨ, ਜਿਸ ਨਾਲ ਉਨ੍ਹਾਂ ਨੂੰ ਲੰਬੀਆਂ ਕਤਾਰਾਂ ਵਿੱਚ ਖੜ੍ਹਨਾ ਪੈਂਦਾ ਹੈ।

ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਇੱਕ ਪਰਿਵਾਰ ਲਈ ਇਕ ਹੀ ਪਰਚੀ ਜਾਰੀ ਕੀਤੀ ਜਾਵੇ ਤਾਂ ਜੋ ਸਮੇਂ ਦੀ ਬੱਚਤ ਹੋ ਸਕੇ ਅਤੇ ਪੂਰੀ ਪ੍ਰਕਿਰਿਆ ਜਿਆਦਾ ਸੁਖਾਲੀ ਬਣ ਸਕੇ।

ਇਸ ਮੌਕੇ ਵਾਰਡ ਨੰਬਰ ਦੋ ਦੇ ਕੌਂਸਲਰ ਪ੍ਰਕਾਸ਼ ਸਿੰਘ ਰਾਜਪੂਤ ਅਤੇ ਵਾਰਡ ਨੰਬਰ ਤਿੰਨ ਦੇ ਕੌਂਸਲਰ ਸ਼ਿੰਦੂ ਭੱਟੀ ਨੇ ਵਿਜੇ ਭਾਊ ਦੇ ਇਸ ਉਪਰਾਲੇ ਦੀ ਸ਼ਲਾਘਾ ਕਰਦਿਆਂ ਆਪਣੇ ਵਾਰਡਾਂ ਵਿੱਚ ਵੀ ਘਰਾਂ ਵਿੱਚ ਪਰਚੀਆਂ ਕੱਟਣ ਦਾ ਤਹੱਈਆ ਕੀਤਾ।

ਬੀਤੀ ਸ਼ਾਮ ਆਏ ਤੂਫ਼ਾਨ - ਹਨੇਰੀ ਝੱਖੜ ਦੇ ਚੱਲਦੇ ਦੋ ਮੰਜ਼ਿਲਾ ਪੋਲਟਰੀ ਫਾਰਮ ਹੋਇਆ ਢਹਿ ਢੇਰੀ

ਬਟਾਲਾ, 12 ਜੂਨ (ਸੁਖਦੇਵ ਸਿੰਘ ਰੰਧਾਵਾ ਬਲਬੀਰ ਸੋਹਲ): ਬੀਤੇ ਦਿਨੀਂ ਅਚਾਨਕ ਸ਼ਾਮ ਵੇਲੇ ਮੌਸਮ ਦੇ ਬਦਲਣ ਨਾਲ ਪਹਿਲਾ ਤੇਜ ਹਵਾਵਾਂ ਚੱਲੀਆਂ ਅਤੇ ਦੇਖਦੇ ਦੇਖਦੇ ਜਿਵੇਂ ਤੂਫ਼ਾਨ - ਹਨੇਰੀ ਝੱਖੜ ਚ ਬਦਲ ਗਈ ਅਤੇ ਉਸੇ ਦੇ ਚੱਲਦਿਆ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਘਣੀਏ ਕੇ ਬਾਂਗਰ ਵਿਖੇ ਇਕ ਸਹਾਇਕ ਧੰਦਾ ਕਰਨ ਵਾਲੇ ਕਿਸਾਨ ਦੀ ਦੋ ਮੰਜ਼ਿਲੀ ਪੋਲਟਰੀ ਫਾਰਮ ਦੀ ਇਮਾਰਤ ਇਸ ਤੂਫ਼ਾਨ ਨੇ ਆਪਣੀ ਲਪੇਟ ਵਿੱਚ ਲੈਂਦੇ ਸਭ ਦਹਿ ਢੇਰੀ ਹੋ ਗਿਆ । ਇਹੀ ਨਹੀਂ ਹਾਲਾਤ ਇੰਨ੍ਹੇ ਤਰਸਯੋਗ ਬਣੇ ਹੋਏ ਹਨ ਕਿ ਦੋ ਮੰਜ਼ਿਲਾ ਪੋਲਟਰੀ ਸ਼ੈਡ ਚ ਜੋ ਜਾਨਵਰ ਸਨ ਉਹ ਸਭ ਮਲਬੇ ਹੇਠ ਦੱਬ ਗਏ ਅਤੇ ਮਲਬਾ ਵੀ ਦੂਰ ਦੂਰ ਤੱਕ ਉਹਨਾਂ ਦੇ ਘਰਾਂ ਤੱਕ ਪੁਹਚਿਆ ਜਿੱਥੇ ਘਰਾਂ ਅਤੇ ਘਰ ਦੇ ਅੰਦਰ ਖੜੀ ਗੱਡੀ ਦਾ ਵੀ ਵਡਾ ਨੁਕਸਾਨ ਹੋਇਆ ਹੈ । ਉਥੇ ਹੀ ਪੋਲਟਰੀ ਮਲਿਕ ਕਾਬਲ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ 6 ਵਜੇ ਤੋ ਬਾਅਦ ਅਚਾਨਕ ਮੌਸਮ ਬਦਲਣਾ ਸ਼ੁਰੂ ਹੋਇਆ ਅਤੇ ਉਸ ਲਈ ਕਹਿਰ ਢਾਅ ਗਿਆ ਅਤੇ ਉਸ ਮੁਤਾਬਿਕ ਲੱਖਾ ਰੁਪਏ ਦਾ ਕਰਜ਼ ਚੁੱਕ ਉਸ ਵਲੋ ਇਕ ਮੰਜ਼ਿਲ ਸ਼ੈਡ ਤੋ ਦੋ ਮੰਜ਼ਿਲਾ ਕੀਤਾ ਸੀ ਅਤੇ ਇਸੇ ਸਹਾਇਕ ਕਿਸਾਨੀ ਧੰਦੇ ਤੋ ਆਪਣਾ ਪਰਿਵਾਰ ਚਲਾ ਰਿਹਾ ਸੀ ਸਭ ਉਸਦੀ ਅੱਖਾ ਸਾਮਣੇ ਦਹਿ ਢੇਰੀ ਹੋ ਗਿਆ ਉਸਦੀ ਪੂਰੀ ਦੋ ਮੰਜ਼ਿਲਾ ਇਮਾਰਤ ਪੋਲਟਰੀ ਸ਼ੈਡ ਇਸ ਤੂਫ਼ਾਨ ਦੇ ਚਲਦੇ ਦੇਖਦੇ ਦੇਖਦੇ ਢਹਿਢੇਰੀ ਹੋ ਗਿਆ ਉਥੇ ਹੀ ਪੋਲਟਰੀ ਮਲਿਕ ਕਾਬਲ ਸਿੰਘ ਨੇ ਦੱਸਿਆ ਕਿ ਉਸ ਦੀ ਪੋਲਟਰੀ ਫਾਰਮ ਦੀ ਸ਼ੈਡ ਅਤੇ ਉਸ ਦੇ ਅੰਦਰ ਲੱਖਾਂ ਰੁਪਏ ਦੇ ਜ਼ਿੰਦੇ ਬਰਡ ਵੀ ਸਭ ਮਲਬੇ ਹੇਠ ਦੱਬ ਖਤਮ ਹੋ ਗਏ ਅਤੇ ਸਿੱਧੇ ਤੌਰ 'ਤੇ ਉਹਨਾਂ ਦਾ 15 ਤੋ 20 ਲੱਖ ਰੁਪਏ ਦਾ ਵਡਾ ਨੁਕਸਾਨ ਹੋਇਆ ਹੈ, ਕਾਬਲ ਸਿੰਘ ਦਾ ਕਹਿਣਾ ਸੀ ਕਿ ਤੂਫ਼ਾਨ ਇਨ੍ਹਾਂ ਜ਼ਬਰਦਸਤ ਸੀ ਕਿ ਉਹਨਾਂ ਆਪ ਅੰਦਰ ਘਰ ਚ ਬੰਦ ਰਹਿ ਸਭ ਕੁਝ ਦੇਖਿਆ ਜਦਕਿ ਪੋਲਟਰੀ ਸ਼ੈਡ ਤੋ ਕੁਝ ਦੂਰੀ 'ਤੇ ਉਹਨਾਂ ਦੇ ਅਤੇ ਪਰਿਵਾਰ ਦੇ ਘਰ ਹਨ ਅਤੇ ਸਾਰਾ ਮਲਬਾ ਉਹਨਾਂ ਦੇ ਘਰਾਂ ਆਗੇ ਤਾ ਆ ਡਿੱਗਾ ਅਤੇ ਜਿਸ ਨਾਲ ਘਰਾਂ ਦਾ ਵੀ ਬਹੁਤ ਨੁਕਸਾਨ ਹੋਇਆ ਹੈ । ਪੋਲਟਰੀ ਫਾਰਮ ਮਾਲਕ ਅਤੇ ਉਸਦੇ ਗੁਆਂਢੀ ਪਿੰਡ ਵਾਸੀ ਹਰਪਿੰਦਰ ਸਿੰਘ,ਗੁਰਵਿੰਦਰ ਸਿੰਘ, ਵਰਿੰਦਰ ਸਿੰਘ, ਸਰਬਜੀਤ ਸਿੰਘ, ਗੁਰਦਿਆਲ ਸਿੰਘ ਹਰਮਿੰਦਰ ਸਿੰਘ ਹਰਮਨਜੀਤ ਸਿੰਘ ਲਵਪ੍ਰੀਤ ਸਿੰਘ ਨੇ ਜਿੱਥੇ ਹੋਏ ਨੁਕਸਾਨ ਬਾਰੇ ਦੱਸਿਆ ਉੱਥੇ ਹੀ ਉਹਨਾਂ ਪੰਜਾਬ ਸਰਕਾਰ ਅਤੇ ਪ੍ਰਸ਼ਾਸ਼ਨ ਤੋ ਅਪੀਲ ਕੀਤੀ ਕਿ ਉਕਤ ਪੀੜਤ ਕਿਸਾਨ ਤਾ ਪਹਿਲਾ ਹੀ ਕਰਜ਼ ਚੁੱਕ ਕੇ ਆਪਣਾ ਇਹ ਸਹਾਇਕ ਧੰਦਾ ਚਲਾ ਰਿਹਾ ਸੀ ਅਤੇ ਉਪਰੋ ਕੁਦਰਤ ਦਾ ਇਹ ਕਹਿਰ ਢਾਅ ਗਿਆ ਅਤੇ ਉਹਨਾਂ ਸਰਕਾਰ ਵੱਲੋਂ ਮੁਆਵਜ਼ਾ ਮਿਲਣਾ ਚਾਹੀਦਾ ਹੈ ।

ਸ਼ਿਵ ਸੈਨਾ ਵੱਲੋਂ ਤ੍ਰਿਸ਼ੂਲ ਮਾਰਚ ਕੱਢਣ ਸਬੰਧੀ ਮੋਹਾਲੀ ਵਿਖੇ ਮੀਟਿੰਗ 14 ਜੂਨ ਨੂੰ : ਰਾਹੁਲ ਖੰਨਾ

ਟਾਂਡਾ ਉੜਮੁੜ, 12 ਜੂਨ (ਅਰਜੁਨ ਜੈਨ): ਪੰਜਾਬ ਵਿੱਚ ਹਿੰਦੂਆਂ ਨਾਲ ਕੀਤੇ ਜਾ ਰਹੇ ਵਿਤਕਰੇ ਨੂੰ ਖਤਮ ਕਰਨ ਅਤੇ ਹਿੰਦੂ ਨੇਤਾਵਾਂ ਦੀ ਸੁਰੱਖਿਆ ਨੂੰ ਸਰਕਾਰ ਵੱਲੋਂ ਯਕੀਨੀ ਨਾ ਬਣਾਉਣ ਦੇ ਰੋਸ ਵਜੋਂ ਮੁੱਖ ਮੰਤਰੀ ਹਾਊਸ ਤੱਕ ਤ੍ਰਿਸ਼ੂਲ ਮਾਰਚ ਕੱਢਣ ਸਬੰਧੀ 14 ਮਾਰਚ ਨੂੰ ਮੋਹਾਲੀ ਵਿਖੇ ਰੱਖੀ ਗਈ ਮੀਟਿੰਗ ਦੀ ਕਾਮਯਾਬੀ ਲਈ ਅੱਜ ਟਾਂਡਾ ਵਿਖੇ ਸ਼ਿਵ ਸੈਨਾ ਹਿੰਦੁਸਤਾਨ ਪੰਜਾਬ ਯੂਥ ਪ੍ਰਧਾਨ ਰਾਹੁਲ ਖੰਨਾ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ। ਮੀਟਿੰਗ 'ਚ ਸ਼ਾਮਿਲ ਦੋਆਬਾ ਪ੍ਰਧਾਨ ਪ੍ਰਸ਼ਾਂਤ ਪੰਡਿਤ, ਯੁਵਾ ਨੇਤਾ ਰਾਜੂ ਖੋਸਲਾ, ਜ਼ਿਲ੍ਹਾ ਚੇਅਰਮੈਨ ਵਿਵੇਕ ਵਿਜ਼ਨ, ਜ਼ਿਲ੍ਹਾ ਪ੍ਰਧਾਨ ਪੁਨੀਤ ਢੀਂਗਰਾ, ਬਲਾਕ ਪ੍ਰਧਾਨ ਗੌਰਵ ਬੇਦੀ, ਬਲਾਕ ਵਾਈਸ ਪ੍ਰਧਾਨ ਦਿਨੇਸ਼ ਸੰਗਰ, ਬਲਾਕ ਵਾਈਸ ਚੇਅਰਮੈਨ ਨਵੀ ਅਰੋੜਾ ਅਤੇ ਸਿਟੀ ਵਾਈਸ ਪ੍ਰਧਾਨ ਅਰੁਣ ਸੇਠੀ ਤੋਂ ਇਲਾਵਾ ਹੋਰ ਸ਼ਿਵ ਸੈਨਾ ਵਰਕਰਾਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਹਾਜ਼ਰ ਇਕੱਠ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਰਾਹੁਲ ਖੰਨਾ ਨੇ ਕਿਹਾ ਕਿ ਪੰਜਾਬ ਵਿੱਚ ਹਿੰਦੂਆਂ ਨਾਲ ਹੋ ਰਹੇ ਮਤਰੇਵੇਂ ਵਿਤਕਰੇ ਨੂੰ ਖ਼ਤਮ ਕਰਨ ਅਤੇ ਹਿੰਦੂ ਨੇਤਾਵਾਂ ਤੇ ਹੋ ਰਹੇ ਹਮਲਿਆਂ ਨੂੰ ਰੋਕ ਕੇ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਕਈ ਵਾਰ ਪੰਜਾਬ ਸਰਕਾਰ ਨੂੰ ਅਪੀਲਾਂ ਕੀਤੀਆਂ ਜਾ ਚੁੱਕੀਆਂ ਹਨ, ਪਰ ਮਾਨ ਸਰਕਾਰ ਵੱਲੋਂ ਕੋਈ ਵੀ ਠੋਸ ਉਪਰਾਲੇ ਨਾ ਕਰਨ ਦੇ ਰੋਸ ਵਜੋਂ ਮੁੱਖ ਮੰਤਰੀ ਨਿਵਾਸ ਤੱਕ ਕੱਢਣ ਵਾਲੇ ਤ੍ਰਿਸ਼ੂਲ ਮਾਰਚ ਦੀ ਰਣਨੀਤੀ ਤਿਆਰ ਕਰਨ ਸੰਬੰਧੀ ਵਿਚਾਰ ਵਟਾਂਦਰਾ ਕਰਨ ਲਈ 14 ਜੂਨ ਨੂੰ ਮੋਹਾਲੀ ਵਿਖੇ ਸ਼ਿਵ ਸੈਨਾ ਹਿੰਦੁਸਤਾਨ ਦੇ ਰਾਸ਼ਟਰੀ ਪ੍ਰਧਾਨ ਪਵਨ ਗੁਪਤਾ ਦੀ ਅਗਵਾਈ ਵਿੱਚ ਰੱਖੀ ਗਈ ਮੀਟਿੰਗ ਵਿੱਚ ਸ਼ਾਮਿਲ ਹੋਣ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਰਾਹੁਲ ਖੰਨਾ ਨੇ ਕਿਹਾ ਕਿ ਪੰਜਾਬ ਦੇ ਹਿੰਦੂਆਂ ਨਾਲ ਸ਼ੁਰੂ ਤੋਂ ਹੀ ਵਿਤਕਰਾ ਕੀਤਾ ਜਾ ਰਿਹਾ ਹੈ ਅਤੇ ਇਨ੍ਹਾਂ ਦੇ ਹੱਕ ਦੇਣ ਲਈ ਸਰਕਾਰ ਬਿਲਕੁਲ ਧਿਆਨ ਨਹੀਂ ਦੇ ਰਹੀ ਜਿਸ ਕਾਰਨ ਜਿੱਥੇ ਹਿੰਦੂਆਂ ਦੇ ਮਨਾਂ ਵਿੱਚ ਵਿਤਕਰੇ ਕਾਰਨ ਹੀਨਤਾ ਦੀ ਭਾਵਨਾ ਪੈਦਾ ਹੋ ਰਹੀ ਹੈ ਉੱਥੇ ਉਨ੍ਹਾਂ ਦੇ ਮਨਾਂ ਵਿੱਚ ਰੋਸ ਦੀ ਭਾਵਨਾ ਵੀ ਵਧਦੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਹਿੰਦੂਆਂ ਦੀਆਂ ਮੰਗਾਂ ਮਨਵਾਉਣ ਅਤੇ ਕੁੰਭਕਰਨੀ ਨੀਂਦੇ ਸੁੱਤੀ ਪਈ ਪੰਜਾਬ ਸਰਕਾਰ ਨੂੰ ਜਗਾਉਣ ਲਈ ਤੇ ਤ੍ਰਿਸ਼ੂਲ ਮਾਰਚ ਕੱਢਣ ਦੀਆਂ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ।

ਸਪੈਸ਼ਲ ਇੰਟੈਂਸਿਵ ਰਿਵੀਜ਼ਨ-2026 ਨੂੰ ਸਫਲ ਬਣਾਉਣ ਲਈ ਹਲਕਾ ਅਮਲੋਹ ਦੇ ਚੋਣ ਅਮਲੇ ਦੀ ਟ੍ਰੇਨਿੰਗ ਆਯੋਜਿਤ

ਫ਼ਤਹਿਗੜ੍ਹ ਸਾਹਿਬ, 12 ਜੂਨ (ਹਰਪ੍ਰੀਤ ਕੌਰ ਟਿਵਾਣਾ): ਭਾਰਤ ਚੋਣ ਕਮਿਸ਼ਨ ਦੇ ਦਿਸ਼ਾ-ਨਿਰਦੇਸ਼ਾਂ ਅਤੇ

ਵਧੀਕ ਜ਼ਿਲ੍ਹਾ ਚੋਣ ਅਫ਼ਸਰ-ਕਮ-ਵਧੀਕ ਡਿਪਟੀ ਕਮਿਸ਼ਨਰ ਸ਼੍ਰੀਮਤੀ ਪੂਜਾ ਸਿਆਲ ਗਰੇਵਾਲ ਦੀ ਅਗਵਾਈ ਹੇਠ ਸਪੈਸ਼ਲ ਇੰਟੈਂਸਿਵ ਰਿਵੀਜ਼ਨ (ਐੱਸ.ਆਈ.ਆਰ.) 2026 ਦੀਆਂ ਤਿਆਰੀਆਂ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਜ਼ਿਲ੍ਹਾ ਪੱਧਰੀ ਮਾਸਟਰ ਟ੍ਰੇਨਰਾਂ ਵੱਲੋਂ ਵਿਧਾਨ ਸਭਾ ਹਲਕਾ ਅਮਲੋਹ ਦੇ ਸਮੂਹ ਸੁਪਰਵਾਈਜ਼ਰਾਂ, ਹਲਕਾ ਪੱਧਰੀ ਮਾਸਟਰ ਟ੍ਰੇਨਰਾਂ, ਤਕਨੀਕੀ ਸਟਾਫ, ਕਾਨੂੰਗੋ ਅਤੇ ਕਲਰਕ ਓਪਰੇਟਰਾਂ ਲਈ ਵਿਸ਼ੇਸ਼ ਟ੍ਰੇਨਿੰਗ ਸੈਸ਼ਨ ਆਯੋਜਿਤ ਕੀਤਾ ਗਿਆ। ਟ੍ਰੇਨਿੰਗ ਦੌਰਾਨ ਜ਼ਿਲ੍ਹਾ ਪੱਧਰੀ ਮਾਸਟਰ ਟ੍ਰੇਨਰਾਂ ਵੱਲੋਂ ਬੀ.ਐਲ.ਓਜ਼ ਨੂੰ ਆਉਣ ਵਾਲੀਆਂ ਸਮੱਸਿਆ ਦੇ ਹੱਲ ਲਈ ਮੌਕੇ ਤੇ ਜਵਾਬ ਦਿੱਤੇ। ਉਹਨਾਂ ਵੱਲੋਂ ਚੋਣ ਅਮਲੇ ਨੂੰ ਸਪੈਸ਼ਲ ਇੰਟੈਂਸਿਵ ਰਿਵੀਜ਼ਨ-2026 ਦੀ ਪ੍ਰਕਿਰਿਆ, ਘਰ-ਘਰ ਸਰਵੇਖਣ, ਗਣਨਾ ਫਾਰਮ ਭਰਨ, ਯੋਗ ਵੋਟਰਾਂ ਦੀ ਸ਼ਮੂਲੀਅਤ ਅਤੇ ਅਯੋਗ ਐਂਟਰੀਆਂ ਦੀ ਪਛਾਣ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਅਧਿਕਾਰੀਆਂ ਨੇ ਦੱਸਿਆ ਕਿ 25 ਜੂਨ ਤੋਂ 24 ਜੁਲਾਈ 2026 ਤੱਕ ਬੀ.ਐਲ.ਓਜ਼ ਘਰ-ਘਰ ਜਾ ਕੇ ਵੋਟਰਾਂ ਦੇ ਗਣਨਾ ਫਾਰਮ ਭਰਵਾਉਣਗੇ ਅਤੇ ਵੋਟਰ ਸੂਚੀਆਂ ਨੂੰ ਹੋਰ ਸ਼ੁੱਧ ਅਤੇ ਭਰੋਸੇਯੋਗ ਬਣਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ। ਜ਼ਿਲ੍ਹਾ ਚੋਣ ਅਧਿਕਾਰੀਆਂ ਨੇ ਟ੍ਰੇਨਿੰਗ ਦੌਰਾਨ ਜ਼ੋਰ ਦੇ ਕੇ ਕਿਹਾ ਕਿ ਚੋਣ ਅਮਲੇ ਵਿੱਚ ਤਾਇਨਾਤ ਹਰੇਕ ਅਧਿਕਾਰੀ ਤੇ ਕਰਮਚਾਰੀ ਆਪਣੀ ਡਿਊਟੀ ਨੂੰ ਪੂਰੀ ਜ਼ਿੰਮੇਵਾਰੀ ਅਤੇ ਨਿਰਪੱਖਤਾ ਨਾਲ ਨਿਭਾਏ ਅਤੇ ਇਹ ਯਕੀਨੀ ਬਣਾਏ ਕਿ ਕੋਈ ਵੀ ਯੋਗ ਵੋਟਰ ਵੋਟਰ ਸੂਚੀ ਵਿੱਚ ਸ਼ਾਮਲ ਹੋਣ ਤੋਂ ਵਾਂਝਾ ਨਾ ਰਹੇ। ਇਸ ਦੇ ਨਾਲ ਹੀ ਦੋਹਰੀ ਜਾਂ ਅਯੋਗ ਐਂਟਰੀਆਂ ਦੀ ਪਛਾਣ ਕਰਕੇ ਵੋਟਰ ਸੂਚੀਆਂ ਨੂੰ ਤਰੁੱਟੀ ਰਹਿਤ ਬਣਾਇਆ ਜਾਵੇ। ਟ੍ਰੇਨਿੰਗ ਦੌਰਾਨ ਚੋਣ ਕਮਿਸ਼ਨ ਵੱਲੋਂ ਜਾਰੀ ਨਵੇਂ ਦਿਸ਼ਾ-ਨਿਰਦੇਸ਼ਾਂ, ਲੋੜੀਂਦੇ ਦਸਤਾਵੇਜ਼ਾਂ ਦੀ ਜਾਂਚ, ਡਾਟਾ ਐਂਟਰੀ ਅਤੇ ਆਨਲਾਈਨ ਪ੍ਰਕਿਰਿਆਵਾਂ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ ਗਈ। ਉਨ੍ਹਾਂ ਸਮੂਹ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਬੀ.ਐਲ.ਓਜ਼ ਨਾਲ ਪੂਰਾ ਸਹਿਯੋਗ ਕਰਨ, ਗਣਨਾ ਫਾਰਮ ਸਮੇਂ ਸਿਰ ਭਰਨ ਅਤੇ ਸਹੀ ਜਾਣਕਾਰੀ ਮੁਹੱਈਆ ਕਰਵਾਉਣ ਤਾਂ ਜੋ ਜ਼ਿਲ੍ਹੇ ਵਿੱਚ ਸਪੈਸ਼ਲ ਇੰਟੈਂਸਿਵ ਰਿਵੀਜ਼ਨ-2026 ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਿਆ ਜਾ ਸਕੇ। ਇਸ ਮੌਕੇ ਚੋਣ ਤਹਿਸੀਲਦਾਰ ਨਿਰਮਲਾ ਰਾਣੀ ਤੋਂ ਇਲਾਵਾ ਚੋਣ ਅਮਲੇ ਵਿੱਚ ਤਾਇਨਾਤ ਹੋਰ ਅਧਿਕਾਰੀ ਤੇ ਕਰਮਚਾਰੀ ਹਾਜ਼ਰ ਸਨ।

ਨਗਰ ਨਿਗਮ ਚੰਡੀਗੜ੍ਹ

ਟੈਂਡਰ ਸੂਚਨਾ

ਲ. ਨੰ.	ਕੰਮ ਦਾ ਨਾਮ	ਬੋਲੀ ਜਮ੍ਹਾਂ ਸੂਚੀ (ਆਨਲਾਈਨ)	ਤਕਨੀਕੀ ਬੋਲੀ ਦਾ ਖੁੱਲ੍ਹਣਾ (ਆਨਲਾਈਨ)
	ਕਾਰਜਕਾਰੀ ਇੰਜੀਨੀਅਰ - ਐਮ.ਸੀ.ਪੀ.ਐਚ. ਡਿਵੀਜ਼ਨ ਨੰ. 3		
1.	ਬਾਪੂ ਧਾਮ ਕਲੋਨੀ, ਸੈਕਟਰ-26, ਚੰਡੀਗੜ੍ਹ (ਚੰਡੀਗੜ੍ਹ ਤੋਂ: ਕੈਪੀਟਲ ਹੈੱਡ - ਐਸਡਬਲਯੂਡੀ ਸਿਸਟਮ) ਵਿੱਚ ਵੱਖ-ਵੱਖ ਥਾਵਾਂ 'ਤੇ ਮੀਂਹ ਦੇ ਪਾਣੀ ਦੇ ਸੁਚਾਰੂ ਨਿਕਾਸ ਲਈ ਸੜਕਾਂ ਦੀਆਂ ਨਾਲੀਆਂ ਅਤੇ ਮਸ਼ੀਨ ਹੋਲਾਂ ਦੀ ਉਸਾਰੀ ਕਰਕੇ ਤੂਫਾਨ ਦੇ ਪਾਣੀ ਦੀ ਨਿਕਾਸੀ ਪ੍ਰਣਾਲੀ ਦਾ ਨਵੀਨੀਕਰਨ। (ਮੁੜ ਸੱਦਾ ਦਿੱਤਾ ਗਿਆ) ਅਨੁਮਾਨਿਤ ਲਾਗਤ: 42,48,788/- ਰੁਪਏ ਬਿਆਨਾ ਰਕਮ: 84,976/- ਰੁਪਏ ਸਮਾਂ ਸੀਮਾ: 06 ਮਹੀਨੇ ਟੈਂਡਰ ਫੀਸ: 3,000/- ਰੁਪਏ	13-06-2026 To 22-06-2026 upto 1.00 P.M.	22-06-2026 at 03.00 P.M.
	ਕਾਰਜਕਾਰੀ ਇੰਜੀਨੀਅਰ - ਸੜਕਾਂ ਡਿਵੀਜ਼ਨ ਨੰ. 1		
2.	ਪਾਕੇਟ-ਬੀ, ਸੈਕਟਰ 38-ਵੈਸਟ, ਚੰਡੀਗੜ੍ਹ ਵਿੱਚ ਪਾਰਕਾਂ ਦੇ ਆਲੇ-ਦੁਆਲੇ ਪੇਵਰ ਫੁੱਟਪਾਥ ਦੀ ਉਚਾਈ ਅਤੇ ਪੁਨਰ ਨਿਰਮਾਣ। ਕੈਪੀਟਲ ਹੈੱਡ: MDF। ਅਨੁਮਾਨਿਤ ਲਾਗਤ: 37.24 ਲੱਖ ਰੁਪਏ ਬਿਆਨਾ ਰਕਮ: 32,000/- ਰੁਪਏ 74,486/- ਸਮਾਂ ਹੱਦ: 03 ਮਹੀਨੇ	13.06.2026 To 22.06.2026 upto 12.00 noon	22.06.2026 at 12.00 noon
3.	ਐਸਐਸਕੇ ਬੁੜੈਲ ਚੰਡੀਗੜ੍ਹ ਵਿੱਚ ਸਫਾਈ ਕਰਮਚਾਰੀਆਂ ਲਈ ਸੈਨੀਟੇਸ਼ਨ ਬੂਥ ਦੀ ਉਸਾਰੀ। (ਮੁੜ ਸੱਦਾ)। ਕੈਪੀਟਲ ਹੈਡ : ਐਨਆਰਬੀ ਅਨੁਮਾਨਿਤ ਲਾਗਤ: 27.71 ਲੱਖ ਰੁਪਏ ਬਿਆਨਾ ਰਕਮ: 55,417/- ਰੁਪਏ ਸਮਾਂ ਹੱਦ: 03 ਮਹੀਨੇ	13.06.2026 To 22.06.2026 upto 12.00 noon	22.06.2026 at 12.00 noon

ਨੋਟ:- 1) ਟੈਂਡਰ ਨੋਟਿਸ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਦੇ ਨਾਲ ਵੈੱਬਸਾਈਟ www.chandigarh.gov.in ਜਾਂ etenders.chd.nic.in 'ਤੇ ਉਪਲਬਧ/ਅੱਪਲੋਡ ਕੀਤਾ ਜਾ ਸਕਦਾ ਹੈ।

ਕਾਰਜਕਾਰੀ ਇੰਜੀਨੀਅਰ
ਐਮ.ਸੀ.ਪੀ.ਐਚ. ਡਿਵੀਜ਼ਨ ਨੰ. 3, ਚੰਡੀਗੜ੍ਹ ਅਤੇ ਸੜਕਾਂ ਡਿਵੀਜ਼ਨ ਨੰ. 1, ਕਮਰਾ ਨੰ. 304, ਐਮ.ਸੀ. ਚੰਡੀਗੜ੍ਹ। (0) 0172-5021626

ਦੇਸ਼ ਦੇ ਅਨਾਜ ਭੰਡਾਰ ਮੰਨੇ ਜਾਣ ਵਾਲੇ ਪੰਜਾਬ ਅਤੇ ਹਰਿਆਣਾ ਵਿੱਚ ਭੂਮੀਗਤ ਪਾਣੀ ਦਾ ਸੰਕਟ ਹੁਣ ਚਿੰਤਾਜਨਕ ਪੱਧਰ 'ਤੇ ਪਹੁੰਚ ਗਿਆ ਹੈ। ਕਿਸਾਨ ਹਰ ਸਾਲ ਡੂੰਘੇ ਬੋਰ ਕਰਨ ਲਈ ਮਜਬੂਰ ਹਨ, ਸਿੰਚਾਈ ਦੀਆਂ ਲਾਗਤਾਂ ਵਿੱਚ ਤੇਜ਼ੀ ਨਾਲ ਵਾਧਾ ਹੋਇਆ ਹੈ, ਬਾਗ ਸੁੱਕ ਰਹੇ ਹਨ, ਅਤੇ ਕਈ ਖੇਤਰਾਂ ਵਿੱਚ ਪੀਣ ਵਾਲੇ ਪਾਣੀ ਦੀ ਵੀ ਘਾਟ ਹੁੰਦੀ ਜਾ ਰਹੀ ਹੈ। ਪੰਜਾਬ ਵਿੱਚ ਭੂਮੀਗਤ ਪਾਣੀ ਦੀ ਵਰਤੋਂ 156.36 ਪ੍ਰਤੀਸ਼ਤ ਤੱਕ ਪਹੁੰਚ ਗਈ ਹੈ, ਅਤੇ 111 ਬਲਾਕ ਡਾਰਕ ਜ਼ੋਨ ਵਿੱਚ ਪਾ ਦਿੱਤੇ ਗਏ ਹਨ।ਆਜ ਤਕ ਦੀ ਜ਼ਮੀਨੀ ਰਿਪੋਰਟ ਵਿੱਚ ਖੁਲਾਸਾ ਹੋਇਆ ਹੈ ਕਿ ਪੰਜਾਬ ਦੇ ਫਾਜ਼ਿਲਕਾ, ਮਾਨਸਾ ਅਤੇ ਸੰਗਰੂਰ ਤੋਂ ਲੈ ਕੇ ਹਰਿਆਣਾ ਦੇ ਚਰਖੀ ਦਾਦਰੀ, ਸੋਨੀਪਤ ਅਤੇ ਰੋਹਤਕ ਤੱਕ ਸਥਿਤੀ ਲਗਾਤਾਰ ਵਿਗੜਦੀ ਜਾ ਰਹੀ ਹੈ। ਫਾਜ਼ਿਲਕਾ ਵਿੱਚ, ਨਹਿਰਾਂ ਦੇ ਟੇਲ-ਐਂਡ ਖੇਤਰਾਂ ਤੱਕ ਪਾਣੀ ਨਾ ਪਹੁੰਚਣ ਕਾਰਨ ਕਿਸਾਨਾਂ ਨੇ ਵਿਰੋਧ ਪ੍ਰਦਰਸ਼ਨ ਸ਼ੁਰੂ ਕੀਤੇ ਹਨ। ਕਿੰਨੂ ਦੇ ਬਾਗ ਸੁੱਕਣ ਦੀ ਕਗਾਰ 'ਤੇ ਹਨ, ਅਤੇ ਪਿੰਡ ਵਾਸੀ ਪੀਣ ਵਾਲੇ ਪਾਣੀ ਤੱਕ ਪਹੁੰਚਣ ਲਈ ਵੀ ਸੰਘਰਸ਼ ਕਰ ਰਹੇ ਹਨ।

ਬਾਸਮਤੀ ਦੀ ਖੁਸ਼ਬੂ, ਭੂਮੀਗਤ ਪਾਣੀ ਖਤਮ ਹੋ ਗਿਆਬਾਸਮਤੀ ਦੀ ਕਾਸ਼ਤ, ਪੰਜਾਬ ਦੀ ਪ੍ਰਮੁੱਖ ਫਸਲ, ਕਿਸਾਨਾਂ ਲਈ ਚੰਗਾ ਮੁਨਾਫਾ ਪੈਦਾ ਕਰ ਰਹੀ ਹੈ ਅਤੇ ਦੇਸ਼ ਲਈ ਰਿਕਾਰਡ ਨਿਰਯਾਤ ਕਰ ਰਹੀ ਹੈ, ਪਰ ਭੂਮੀਗਤ ਪਾਣੀ ਇਸਦੀ ਕੀਮਤ ਅਦਾ ਕਰ ਰਿਹਾ ਹੈ। ਇੱਕ ਕਿਲੋਗ੍ਰਾਮ ਬਾਸਮਤੀ ਪੈਦਾ ਕਰਨ ਲਈ 4,000 ਤੋਂ 5,000 ਲੀਟਰ ਪਾਣੀ ਦੀ ਲੋੜ ਹੁੰਦੀ ਹੈ, ਅਤੇ ਇਸਦੀ ਸਿੰਚਾਈ ਮੁੱਖ ਤੌਰ 'ਤੇ ਭੂਮੀਗਤ ਪਾਣੀ 'ਤੇ ਨਿਰਭਰ ਕਰਦੀ ਹੈ। ਕੇਂਦਰੀ ਭੂਮੀਗਤ ਪਾਣੀ ਬੋਰਡ (2025) ਦੇ ਅਨੁਸਾਰ, ਪੰਜਾਬ ਦੇ 111 ਬਲਾਕ "ਡਾਰਕ ਜ਼ੋਨ" ਵਿੱਚ ਪਹੁੰਚ ਗਏ ਹਨ, ਭਾਵ ਭੂਮੀਗਤ ਪਾਣੀ ਦੀ ਬਹੁਤ ਜ਼ਿਆਦਾ ਵਰਤੋਂ ਕੀਤੀ ਗਈ ਹੈ। ਰਾਜ ਦੀ ਭੂਮੀਗਤ ਪਾਣੀ ਕੱਢਣ ਦੀ ਦਰ 156.36 ਪ੍ਰਤੀਸ਼ਤ ਹੈ, ਜੋ ਕਿ ਦੇਸ਼ ਵਿੱਚ ਸਭ ਤੋਂ ਵੱਧ ਹੈ। ਇਸਦਾ ਮਤਲਬ ਹੈ ਕਿ ਪੰਜਾਬ ਹਰ ਸਾਲ ਜ਼ਮੀਨ ਤੋਂ ਰੀਚਾਰਜ ਹੋਣ ਨਾਲੋਂ ਵੱਧ ਪਾਣੀ ਕੱਢ ਰਿਹਾ ਹੈ।

ਸੰਗਰੂਰ-ਮਾਨਸਾ ਵਿੱਚ ਪਾਣੀ ਦਾ ਸੰਕਟ ਵਧ ਰਿਹਾ ਹੈ

ਮਾਨਸਾ ਅਤੇ ਸੰਗਰੂਰ ਵਿੱਚ ਭੂਮੀਗਤ ਪੱਧਰ ਡਿੱਗਣ ਕਾਰਨ, ਕਿਸਾਨ 200 ਤੋਂ 300 ਫੁੱਟ ਦੀ ਡੂੰਘਾਈ 'ਤੇ ਸਬਮਰਸੀਬਲ ਪੰਪ ਲਗਾਉਣ ਲਈ ਮਜਬੂਰ ਹਨ। ਬੋਰਿੰਗ ਜਿਨ੍ਹਾਂ ਦੀ ਪਹਿਲਾਂ 30,000 ਤੋਂ 40,000 ਰੁਪਏ ਦੀ ਲਾਗਤ ਹੁੰਦੀ ਸੀ, ਹੁਣ ਇੱਕ ਤੋਂ ਦੋ ਲੱਖ ਰੁਪਏ ਦੇ ਵਿਚਕਾਰ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਪਾਣੀ ਦਾ ਪੱਧਰ ਹਰ ਸਾਲ ਘੱਟ ਰਿਹਾ ਹੈ, ਜਿਸ ਨਾਲ ਖੇਤੀ ਦੀ ਲਾਗਤ ਵੱਧ ਰਹੀ ਹੈ ਅਤੇ ਆਉਣ ਵਾਲੀਆਂ ਪੀੜ੍ਹੀਆਂ ਦਾ ਭਵਿੱਖ ਖ਼ਤਰੇ ਵਿੱਚ ਪੈ ਰਿਹਾ ਹੈ।

ਚਰਖੀ ਦਾਦਰੀ ਮਾਰੂਥਲ ਵੱਲ ਵਧ ਰਿਹਾ ਹੈ

ਸੰਕਟ ਦਾ ਸਭ ਤੋਂ ਗੰਭੀਰ ਚਿਹਰਾ ਹਰਿਆਣਾ ਦੇ ਚਰਖੀ ਦਾਦਰੀ ਵਿੱਚ ਦਿਖਾਈ ਦੇ ਰਿਹਾ ਹੈ। ਇੱਥੇ, ਧਰਤੀ ਹੇਠਲੇ ਪਾਣੀ ਦਾ ਪੱਧਰ ਹਰ ਸਾਲ 10 ਤੋਂ 15 ਫੁੱਟ ਡਿੱਗ ਰਿਹਾ ਹੈ। ਕਈ ਪਿੰਡਾਂ ਵਿੱਚ, ਜਿੱਥੇ ਕੁਝ ਸਾਲ ਪਹਿਲਾਂ 100 ਫੁੱਟ 'ਤੇ ਪਾਣੀ ਉਪਲਬਧ ਸੀ, ਹੁਣ 350 ਤੋਂ 400 ਫੁੱਟ 'ਤੇ ਬੋਰ ਕਰਨੇ ਪੈਂਦੇ ਹਨ। ਲਾਗਤ 10 ਲੱਖ ਰੁਪਏ ਤੱਕ ਪਹੁੰਚ ਰਹੀ ਹੈ, ਜੋ ਕਿ ਛੋਟੇ ਕਿਸਾਨਾਂ ਦੀ ਪਹੁੰਚ ਤੋਂ ਬਾਹਰ ਹੈ। ਕਿਸਾਨਾਂ ਦਾ ਕਹਿਣਾ ਹੈ ਕਿ ਜੇਕਰ ਇਹੀ ਸਥਿਤੀ ਜਾਰੀ ਰਹੀ ਤਾਂ ਇਹ ਖੇਤਰ ਮਾਰੂਥਲ ਵਿੱਚ ਬਦਲਣ ਦਾ ਖ਼ਤਰਾ ਹੈ। ਇਸ ਦੌਰਾਨ, ਰੋਹਤਕ ਵਿੱਚ, ਕੁਝ ਖੇਤਰਾਂ ਵਿੱਚ ਧਰਤੀ ਹੇਠਲੇ ਪਾਣੀ ਦਾ ਪੱਧਰ ਵਧਿਆ ਹੈ, ਪਰ ਪਾਣੀ ਖਾਰਾ ਹੋਣ ਕਾਰਨ, ਇਹ ਨਾ ਤਾਂ ਪੀਣ ਯੋਗ ਹੈ ਅਤੇ ਨਾ ਹੀ ਸਿੰਚਾਈ ਯੋਗ ਹੈ। ਇਸ ਦੌਰਾਨ, ਸੋਨੀਪਤ ਦੇ ਕੁੰਡਲੀ, ਰਾਏ, ਮੁਰਥਲ, ਗੰਨੌਰ ਅਤੇ ਖਰਖੋਦਾ ਖੇਤਰਾਂ ਵਿੱਚ ਸਾਫ਼ ਪੀਣ ਵਾਲੇ ਪਾਣੀ ਦਾ ਸੰਕਟ ਹੋਰ ਡੂੰਘਾ ਹੋ ਗਿਆ ਹੈ।

39 ਡਾਰਕ ਜ਼ੋਨਾਂ ਦੀ ਪਛਾਣ ਕੀਤੀ ਗਈ

ਹਰਿਆਣਾ ਦੇ ਵਿਕਾਸ ਅਤੇ ਪੰਚਾਇਤ ਮੰਤਰੀ, ਕ੍ਰਿਸ਼ਨ ਲਾਲ ਪੰਵਾਰ, ਨੇ ਕਿਹਾ ਕਿ ਰਾਜ ਵਿੱਚ 39 ਡਾਰਕ ਜ਼ੋਨਾਂ ਦੀ ਪਛਾਣ ਕੀਤੀ ਗਈ ਹੈ। ਸਰਕਾਰ ਨਹਿਰਾਂ ਦੇ ਨੇੜੇ ਨਵੇਂ ਟਿਊਬਵੈੱਲ ਲਗਾਉਣ, ਤਲਾਬਾਂ ਦੀ ਸਫਾਈ ਅਤੇ ਪਾਣੀ ਸੰਭਾਲ ਪ੍ਰੋਜੈਕਟਾਂ 'ਤੇ ਕੰਮ ਕਰ ਰਹੀ ਹੈ। ਇਸ ਦੌਰਾਨ, ਕੇਂਦਰੀ ਵਣਜ ਮੰਤਰਾਲੇ ਦੇ ਵਧੀਕ ਸਕੱਤਰ ਨਿਤਿਨ ਕੁਮਾਰ ਯਾਦਵ ਦਾ ਕਹਿਣਾ ਹੈ ਕਿ ਭਾਰਤ ਰਿਕਾਰਡ ਮਾਤਰਾ ਵਿੱਚ ਬਾਸਮਤੀ ਚੌਲ ਨਿਰਯਾਤ ਕਰ ਰਿਹਾ ਹੈ, ਪਰ ਕੁਦਰਤੀ ਸਰੋਤਾਂ ਦੀ ਕੀਮਤ 'ਤੇ ਵਿਕਾਸ ਪ੍ਰਾਪਤ ਨਹੀਂ ਕੀਤਾ ਜਾ ਸਕਦਾ।

ਮਾਹਿਰਾਂ ਦਾ ਕਹਿਣਾ ਹੈ ਕਿ ਸਿਰਫ਼ ਯੋਜਨਾਵਾਂ ਅਤੇ ਐਲਾਨਾਂ ਨਾਲ ਸਥਿਤੀ ਨਹੀਂ ਬਦਲੇਗੀ। ਜੇਕਰ ਫਸਲ ਵਿਭਿੰਨਤਾ, ਭੂਮੀਗਤ ਪਾਣੀ ਰੀਚਾਰਜ, ਇੱਕ ਮਜ਼ਬੂਤ ਨਹਿਰੀ ਨੈੱਟਵਰਕ, ਅਤੇ ਪਾਣੀ ਦੀ ਜ਼ਿਆਦਾ ਵਰਤੋਂ ਵਾਲੀਆਂ ਫਸਲਾਂ ਲਈ ਆਰਥਿਕ ਸੁਰੱਖਿਆ ਵਰਗੇ ਤੁਰੰਤ ਕਦਮ ਨਹੀਂ ਚੁੱਕੇ ਜਾਂਦੇ ਹਨ, ਤਾਂ ਦੇਸ਼ ਦੀਆਂ ਸਭ ਤੋਂ ਉਪਜਾਊ ਖੇਤੀ ਜ਼ਮੀਨਾਂ ਦਾ ਸਾਹਮਣਾ ਕਰ ਰਿਹਾ ਪਾਣੀ ਸੰਕਟ ਹੋਰ ਵੀ ਵਿਗੜ ਸਕਦਾ ਹੈ।

ਐਂਟੀ-ਏਜਿੰਗ ਦਵਾਈ ਦਾ ਪਹਿਲਾ ਮਨੁੱਖੀ ਟ੍ਰਾਇਲ

ਗਲਾਕੋਮਾ ਵਾਲੇ ਮਰੀਜ਼ ਦੀ ਪੁਤਲੀ ਵਿੱਚ ਟੀਕਾ ਲਗਾਇਆ ਗਿਆ

ਬੋਸਟਨ-ਮੈਡੀਕਲ ਸਾਇੰਸ ਦੇ ਸਭ ਤੋਂ ਮਹੱਤਵਪੂਰਨ ਟੀਚਿਆਂ ਵਿੱਚੋਂ ਇੱਕ, ਬੁਢਾਪੇ ਨੂੰ ਉਲਟਾਉਣ ਲਈ ਇੱਕ ਦਵਾਈ ਦਾ ਪਹਿਲਾ ਮਨੁੱਖੀ ਟ੍ਰਾਇਲ ਸ਼ੁਰੂ ਹੋ ਗਿਆ ਹੈ। ਇਹ ਪਹਿਲੀ ਵਾਰ ਹੈ ਜਦੋਂ ਬੁਢਾਪੇ ਦੇ ਪ੍ਰਭਾਵਾਂ ਨੂੰ ਉਲਟਾਉਣ ਵਾਲਾ ਟੀਕਾ ਕਿਸੇ ਮਨੁੱਖ ਨੂੰ ਲਗਾਇਆ ਗਿਆ ਹੈ।

ਬੋਸਟਨ-ਅਧਾਰਤ ਬਾਇਓਟੈਕ ਸਟਾਰਟਅੱਪ, ਲਾਈਫ ਬਾਇਓਸਾਇੰਸਜ਼ ਨੇ ਘੋਸ਼ਣਾ ਕੀਤੀ ਕਿ ਇਸਦੇ ਪਹਿਲੇ ਮਰੀਜ਼ ਨੂੰ ਇੱਕ ਸੈਲੂਲਰ ਰੀਪ੍ਰੋਗਰਾਮਿੰਗ ਟੀਕਾ ਮਿਲਿਆ ਹੈ। ਟ੍ਰਾਇਲ ਦੇ ਹਿੱਸੇ ਵਜੋਂ, ਗਲਾਕੋਮਾ ਤੋਂ ਪੀੜਤ ਮਰੀਜ਼ ਦੀ ਇੱਕ ਅੱਖ ਦੀ ਪੁਤਲੀ ਵਿੱਚ ਟੀਕਾ ਲਗਾਇਆ ਗਿਆ ਸੀ।

ਇਸ ਟ੍ਰਾਇਲ ਦਾ ਮੁੱਖ ਉਦੇਸ਼ ਬੁਢਾਪੇ ਕਾਰਨ ਕਮਜ਼ੋਰ ਸੈੱਲਾਂ ਨੂੰ ਮੁੜ ਸੁਰਜੀਤ ਕਰਨਾ ਅਤੇ ਕਿਰਿਆਸ਼ੀਲ ਕਰਨਾ ਹੈ। ਵਿਗਿਆਨੀ ਅਗਲੇ ਛੇ ਮਹੀਨਿਆਂ ਲਈ ਇਸਦੀ ਪ੍ਰਭਾਵਸ਼ੀਲਤਾ ਅਤੇ ਮਾੜੇ ਪ੍ਰਭਾਵਾਂ ਦੀ ਨਿਗਰਾਨੀ ਕਰਨਗੇ।

ਡਾਕਟਰ ਅਤੇ ਵਿਗਿਆਨੀ ਹੁਣ ਕਈ ਮਹੀਨਿਆਂ ਲਈ ਮਰੀਜ਼ ਦੀ ਨੇੜਿਓਂ ਨਿਗਰਾਨੀ ਕਰਨਗੇ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਇਹ ਤਕਨਾਲੋਜੀ ਮਨੁੱਖੀ ਸਰੀਰ ਲਈ ਪੂਰੀ ਤਰ੍ਹਾਂ ਸੁਰੱਖਿਅਤ ਹੈ।

ਇਸ ਥੈਰੇਪੀ ਵਿੱਚ ਪਹਿਲਾਂ ਮਰੀਜ਼ ਦੀ ਅੱਖ ਵਿੱਚ ਇੱਕ ਸਿੰਗਲ ਜੀਨ ਥੈਰੇਪੀ ਦਾ ਟੀਕਾ ਲਗਾਉਣਾ ਸ਼ਾਮਲ ਹੈ। ਇਸ ਤੋਂ ਬਾਅਦ ਕੁਝ ਹਫ਼ਤਿਆਂ ਲਈ ਐਂਟੀਬਾਇਓਟਿਕਸ ਦਾ ਇੱਕ ਵਿਸ਼ੇਸ਼ ਕੋਰਸ ਕੀਤਾ ਜਾਵੇਗਾ।

ਇਹ ਐਂਟੀਬਾਇਓਟਿਕ, ਇੱਕ ਵਾਰ ਸਰੀਰ ਦੇ ਅੰਦਰ ਜਾਣ ਤੋਂ ਬਾਅਦ, ਤਿੰਨ ਥੈਰੇਪੀਟਿਕ ਜੀਨਾਂ ਲਈ "ਆਨ ਸਵਿੱਚ" ਵਜੋਂ ਕੰਮ ਕਰਦਾ ਹੈ ਜੋ ਸੈੱਲਾਂ ਨੂੰ ਮੁੜ-ਪ੍ਰੋਗਰਾਮ ਕਰਨਾ (ਪੁਨਰ ਸੁਰਜੀਤ ਕਰਨਾ) ਸ਼ੁਰੂ ਕਰਦੇ ਹਨ। ਚੂਹਿਆਂ ਅਤੇ ਬਾਂਦਰਾਂ 'ਤੇ ਕੀਤੇ ਗਏ ਪਿਛਲੇ ਟੈਸਟਾਂ ਨੇ ਉਨ੍ਹਾਂ ਦੀ ਨਜ਼ਰ ਨੂੰ ਸਫਲਤਾਪੂਰਵਕ ਬਹਾਲ ਕੀਤਾ ਹੈ।

ਇਸ ਥੈਰੇਪੀ ਲਈ ਮਨੁੱਖੀ ਅੱਖ ਨੂੰ ਇਸ ਲਈ ਚੁਣਿਆ ਗਿਆ ਸੀ ਕਿਉਂਕਿ ਅੱਖ ਸਰੀਰ ਦੇ ਬਾਕੀ ਹਿੱਸਿਆਂ ਤੋਂ ਅਲੱਗ ਅਤੇ ਸੁਰੱਖਿਅਤ ਹੈ। ਇਹ ਮਾੜੇ ਪ੍ਰਭਾਵਾਂ ਦੀ ਨਿਗਰਾਨੀ ਕਰਨਾ ਵੀ ਆਸਾਨ ਬਣਾਉਂਦਾ ਹੈ।

ਜੇਕਰ ਟ੍ਰਾਇਲ ਸਫਲ ਹੁੰਦਾ ਹੈ, ਤਾਂ ਬੁਢਾਪੇ ਦੀ ਥੈਰੇਪੀ ਵਿੱਚ ਇੱਕ ਨਵਾਂ ਯੁੱਗ

ਲਾਈਫ ਬਾਇਓਸਾਇੰਸਜ਼ ਦੇ ਸੀਈਓ ਜੈਰੀ ਮੈਕਲਾਫਲਿਨ ਨੇ ਕਿਹਾ ਕਿ ਇਹ ਨਾ ਸਿਰਫ਼ ਉਸਦੀ ਕੰਪਨੀ ਜਾਂ ਬੁਢਾਪੇ ਦੇ ਜੀਵ ਵਿਗਿਆਨ ਲਈ, ਸਗੋਂ ਸਮੁੱਚੇ ਤੌਰ 'ਤੇ ਡਾਕਟਰੀ ਵਿਗਿਆਨ ਲਈ ਇੱਕ ਸੰਭਾਵੀ ਤੌਰ 'ਤੇ ਵੱਡਾ ਅਤੇ ਪਰਿਵਰਤਨਸ਼ੀਲ ਪਲ ਹੈ।

ਜੇਕਰ ਇਹ ਕਲੀਨਿਕਲ ਟ੍ਰਾਇਲ ਸਫਲ ਹੁੰਦਾ ਹੈ, ਤਾਂ ਬੁਢਾਪੇ ਦੀ ਥੈਰੇਪੀ ਵਿੱਚ ਇੱਕ ਨਵਾਂ ਯੁੱਗ ਸ਼ੁਰੂ ਹੋ ਸਕਦਾ ਹੈ। ਟੀਚਾ ਪੂਰੇ ਸਰੀਰ ਵਿੱਚ ਸੈੱਲਾਂ ਨੂੰ ਮੁੜ ਸੁਰਜੀਤ ਕਰਨਾ ਅਤੇ ਕਿਰਿਆਸ਼ੀਲ ਕਰਨਾ ਹੈ, ਜਿਸ ਨਾਲ ਡੀਐਨਏ ਦੇ ਕੰਮ ਕਰਨ ਦੇ ਤਰੀਕੇ ਵਿੱਚ ਸੁਧਾਰ ਹੁੰਦਾ ਹੈ ਅਤੇ ਸਾਡੀ ਉਮਰ ਦੇ ਨਾਲ-ਨਾਲ ਆਪਣੇ ਆਪ ਨੂੰ ਪ੍ਰਗਟ ਕਰਦਾ ਹੈ।

ਅਰਬਪਤੀਆਂ ਅਤੇ ਫਾਰਮਾਸਿਊਟੀਕਲ ਕੰਪਨੀਆਂ ਦੁਆਰਾ ਨਿਵੇਸ਼

ਐਮਾਜ਼ਾਨ ਦੇ ਸੰਸਥਾਪਕ ਜੈਫ ਬੇਜੋਸ ਅਤੇ ਓਪਨਏਆਈ ਦੇ ਸੈਮ ਅਲਟਮੈਨ ਸਮੇਤ ਕਈ ਵੱਡੇ ਨਿਵੇਸ਼ਕਾਂ ਨੇ ਇਸ ਤਕਨਾਲੋਜੀ ਵਿੱਚ ਨਿਵੇਸ਼ ਕੀਤਾ ਹੈ। ਏਲੀ ਲਿਲੀ ਅਤੇ ਮਰਕ ਵਰਗੀਆਂ ਫਾਰਮਾਸਿਊਟੀਕਲ ਕੰਪਨੀਆਂ ਵੀ ਇਸ ਵਿਚਾਰ ਵਿੱਚ ਆਪਣਾ ਨਿਵੇਸ਼ ਵਧਾ ਰਹੀਆਂ ਹਨ। ਮਨੁੱਖੀ ਅਜ਼ਮਾਇਸ਼ਾਂ ਤੋਂ ਪਹਿਲਾਂ, ਇਹ ਖੋਜ ਚੂਹਿਆਂ ਅਤੇ ਬਾਂਦਰਾਂ ਤੱਕ ਸੀਮਤ ਸੀ, ਪਰ ਹੁਣ ਇਹ ਮਨੁੱਖਾਂ ਤੱਕ ਫੈਲ ਗਈ ਹੈ।

ਅਕਾਲੀ ਆਗੂ ਬੰਟੀ ਰੋਮਾਣਾ ਨੂੰ ਕੈਨੇਡਾ ਵਿੱਚ ਦਾਖਲ ਹੋਣ ਤੋਂ ਰੋਕਿਆ ਗਿਆ

ਫਰੀਦਕੋਟ - ਸ਼੍ਰੋਮਣੀ ਅਕਾਲੀ ਦਲ ਦੇ ਉਪ ਪ੍ਰਧਾਨ ਅਤੇ ਫਰੀਦਕੋਟ ਹਲਕੇ ਦੇ ਇੰਚਾਰਜ ਪਰਮਬੰਸ ਸਿੰਘ ਬੰਟੀ ਰੋਮਾਣਾ ਨੂੰ ਕੈਨੇਡਾ ਵਿੱਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ, ਜਿਸ ਕਾਰਨ ਉਨ੍ਹਾਂ ਨੂੰ ਟੋਰਾਂਟੋ ਹਵਾਈ ਅੱਡੇ ਤੋਂ ਭਾਰਤ ਵਾਪਸ ਆਉਣਾ ਪਿਆ। ਰਿਪੋਰਟਾਂ ਅਨੁਸਾਰ, ਉਨ੍ਹਾਂ ਨੂੰ ਵੀਰਵਾਰ ਰਾਤ ਨੂੰ ਟੋਰਾਂਟੋ ਹਵਾਈ ਅੱਡੇ 'ਤੇ ਕੈਨੇਡੀਅਨ ਅਧਿਕਾਰੀਆਂ ਨੇ ਰੋਕ ਲਿਆ। ਇਸ ਘਟਨਾ 'ਤੇ ਪ੍ਰਤੀਕਿਰਿਆ ਦਿੰਦੇ ਹੋਏ, ਬੰਟੀ ਰੋਮਾਣਾ ਨੇ ਕਿਹਾ ਕਿ ਉਨ੍ਹਾਂ ਨੂੰ ਕੈਨੇਡਾ ਵਿੱਚ ਦਾਖਲ ਹੋਣ ਤੋਂ ਰੋਕਿਆ ਗਿਆ ਸੀ, ਜਿਸ ਤੋਂ ਬਾਅਦ ਉਹ ਭਾਰਤ ਵਾਪਸ ਆ ਰਹੇ ਹਨ। ਸ਼ਿਕਾਇਤ ਵਿੱਚ ਮੁੱਖ ਮੰਤਰੀ ਦੇ ਨਿਵਾਸ ਸਥਾਨ ਦੀ ਘੇਰਾਬੰਦੀ ਦਾ ਜ਼ਿਕਰ ਹੈ ਬੰਟੀ ਰੋਮਾਣਾ ਨੇ ਕਿਹਾ ਕਿ ਉਨ੍ਹਾਂ ਵਿਰੁੱਧ ਕੈਨੇਡੀਅਨ ਇਮੀਗ੍ਰੇਸ਼ਨ ਮੰਤਰਾਲੇ ਅਤੇ ਹਵਾਈ ਅੱਡਾ ਅਥਾਰਟੀ ਕੋਲ ਸ਼ਿਕਾਇਤ ਦਰਜ ਕਰਵਾਈ ਗਈ ਸੀ। ਸ਼ਿਕਾਇਤ ਵਿੱਚ ਉਨ੍ਹਾਂ ਵਿਰੁੱਧ ਦਾਇਰ ਕੀਤੇ ਗਏ ਵੱਖ-ਵੱਖ ਮਾਮਲਿਆਂ ਦਾ ਜ਼ਿਕਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਮੁੱਖ ਮੰਤਰੀ ਦੇ ਨਿਵਾਸ ਸਥਾਨ ਦੀ ਘੇਰਾਬੰਦੀ ਅਤੇ ਸਿਟੀ ਕੌਂਸਲ ਚੋਣਾਂ ਨਾਲ ਸਬੰਧਤ ਮਾਮਲੇ ਸ਼ਾਮਲ ਹਨ। ਸ਼ਿਕਾਇਤ ਵਿੱਚ ਇਨ੍ਹਾਂ ਮਾਮਲਿਆਂ ਵਿੱਚ ਅਦਾਲਤੀ ਸੁਣਵਾਈਆਂ ਦੇ ਵੇਰਵੇ ਵੀ ਦਿੱਤੇ ਗਏ ਹਨ।

ਟੋਰਾਂਟੋ ਹਵਾਈ ਅੱਡੇ ਤੋਂ ਡਿਪੋਰਟ, ਪੰਜਾਬ ਵਿੱਚ ਦਰਜ ਮਾਮਲਿਆਂ ਦੀ ਸ਼ਿਕਾਇਤ 'ਤੇ ਕਾਰਵਾਈ

ਉਨ੍ਹਾਂ ਕਿਹਾ ਕਿ ਉਨ੍ਹਾਂ ਵਿਰੁੱਧ ਦਾਇਰ ਕੀਤੇ ਗਏ ਸਾਰੇ ਮਾਮਲੇ ਰਾਜਨੀਤਿਕ ਗਤੀਵਿਧੀਆਂ ਅਤੇ ਸਰਕਾਰ ਵਿਰੁੱਧ ਪ੍ਰਦਰਸ਼ਨਾਂ ਨਾਲ ਸਬੰਧਤ ਹਨ। ਇਨ੍ਹਾਂ ਵਿੱਚੋਂ ਕੋਈ ਵੀ ਮਾਮਲਾ ਅਪਰਾਧਿਕ ਪ੍ਰਕਿਰਤੀ ਦਾ ਨਹੀਂ ਹੈ। ਬੰਟੀ ਰੋਮਾਣਾ ਦੇ ਅਨੁਸਾਰ, ਸ਼ਿਕਾਇਤ ਵਿੱਚ ਇਹ ਵੀ ਦਾਅਵਾ ਕੀਤਾ ਗਿਆ ਹੈ ਕਿ ਉਹ ਇੱਕ ਰਾਜਨੀਤਿਕ ਦੌਰੇ 'ਤੇ ਕੈਨੇਡਾ ਆਇਆ ਸੀ, ਜਿਸਦੀ ਕੈਨੇਡੀਅਨ ਨਿਯਮਾਂ ਤਹਿਤ ਆਗਿਆ ਨਹੀਂ ਹੈ। ਇਸ ਸ਼ਿਕਾਇਤ ਦੇ ਆਧਾਰ 'ਤੇ, ਕੈਨੇਡੀਅਨ ਅਧਿਕਾਰੀਆਂ ਨੇ ਉਸਨੂੰ ਆਪਣੇ ਦੇਸ਼ ਵਿੱਚ ਦਾਖਲ ਹੋਣ ਤੋਂ ਇਨਕਾਰ ਕਰ ਦਿੱਤਾ।

ਆਪ ਰਾਜਨੀਤਿਕ ਵਿਰੋਧੀਆਂ ਨੂੰ ਦਬਾਉਣ ਵਿੱਚ ਲੱਗੀ ਹੋਈ ਹੈ - ਬੰਟੀ ਰੋਮਾਣਾ

ਇਸ ਮਾਮਲੇ ਵਿੱਚ, ਬੰਟੀ ਰੋਮਾਣਾ ਨੇ ਦੋਸ਼ ਲਗਾਇਆ ਕਿ ਉਸਦੇ ਖਿਲਾਫ ਇਹ ਸ਼ਿਕਾਇਤ ਮਨੀਲਾ ਸਥਿਤ ਇੱਕ ਵਿਅਕਤੀ ਦੁਆਰਾ ਦਾਇਰ ਕੀਤੀ ਗਈ ਸੀ। ਇਹ ਕਾਰਵਾਈ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਇਸ਼ਾਰੇ 'ਤੇ ਕੀਤੀ ਗਈ ਸੀ, ਕਿਉਂਕਿ ਸਰਕਾਰ ਭਾਰਤੀ ਪ੍ਰਵਾਸੀਆਂ ਤੋਂ ਸ਼੍ਰੋਮਣੀ ਅਕਾਲੀ ਦਲ ਨੂੰ ਮਿਲ ਰਹੇ ਸਮਰਥਨ ਤੋਂ ਨਾਰਾਜ਼ ਹੈ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਨੂੰ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਆਪਣੇ ਰਾਜਨੀਤਿਕ ਵਿਰੋਧੀਆਂ ਨੂੰ ਦਬਾਉਣ ਵਿੱਚ ਆਪਣੇ ਤਾਨਾਸ਼ਾਹੀ ਪਹੁੰਚ ਦੇ ਨਤੀਜਿਆਂ ਦਾ ਸਾਹਮਣਾ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ।

ਅੱਜ ਦਾ ਵਿਚਾਰ

ਹਰ ਦਰਦ ਦਾ ਇਲਾਜ ਦਵਾਖਾਨੇ ਵਿੱਚ ਨਹੀਂ ਹੁੰਦਾ, ਕੁੱਝ ਦਰਦ ਪਰਿਵਾਰ ਅਤੇ ਦੋਸਤਾਂ ਨਾਲ ਹੱਸਣ ਖੇਡਣ ਤੇ ਬੈਠਣ ਨਾਲ ਹੀ ਦੂਰ ਹੋ ਜਾਂਦੇ ਨੇ।

ਅਮਰੀਕਾ-ਇਰਾਨ ਟਕਰਾਅ ਵਧਣ ਨਾਲ ਕੱਚਾ ਤੇਲ 150 ਡਾਲਰ ਪ੍ਰਤੀ ਬੈਰਲ ਤੱਕ ਪਹੁੰਚਣ ਦੇ ਆਸਾਰ: ਰਿਪੋਰਟ

ਜੇਕਰ ਅਮਰੀਕਾ ਅਤੇ ਇਰਾਨ ਦਰਮਿਆਨ ਚੱਲ ਰਹੀ ਤਲਖ਼ੀ ਹੋਰ ਵਧਦੀ ਹੈ, ਤਾਂ ਕੌਮਾਂਤਰੀ ਬਾਜ਼ਾਰ ਵਿੱਚ ਕੱ

ਮੋਗਾ ਵਿੱਚ ਨਗਰ ਨਿਗਮ ਨੂੰ ਲੱਗ ਰਿਹਾ ਕਰੋੜਾਂ ਦਾ ਚੂਨਾ

ਮੋਗਾ, 12 ਜੂਨ (ਨਿਸ਼ੀ ਮਨਚੰਦਾ): ਮੋਗਾ ਵਿੱਚ ਨਗਰ ਨਿਗਮ ਨੂੰ ਕਰੋੜਾਂ ਰੁਪਏ ਦਾ ਚੂਨਾ ਲੱਗ ਰਿਹਾ ਹੈ, ਕਿਉਂਕਿ ਮੋਗਾ ਦੇ ਵਿੱਚ ਜੀਟੀ ਰੋਡ ਉੱਤੇ ਬਿਲਡਿੰਗਾਂ ਬਣ ਰਹੀਆਂ ਹਨ, ਦੱਸਣ ਯੋਗ ਗੱਲ ਇਹ ਹੈ ਕਿ ਇਹ ਬਿਲਡਿੰਗ ਆ ਜਿੰਨੀਆਂ ਵੀ ਬਣ ਰਹੀਆਂ ਹਨ, ਉਹ ਸਿਰਫ ਡੇਢ ਮੰਜ਼ਿਲ ਪਾਸ ਹੈ, ਜਦ ਕਿ ਪਾਰਟੀਆਂ ਨੇ ਨਗਰ ਨਿਗਮ ਦੇ ਅਧਿਕਾਰੀਆਂ ਨੂੰ ਹੱਥਾਂ ਵਿੱਚ ਲੈ ਕੇ ਪੰਜ ਪੰਜ ਮੰਜਲੀ ਇਮਾਰਤ ਤਿਆਰ ਕਰ ਲਈਆਂ ਹਨ, ਅਤੇ ਅਧਿਕਾਰੀ ਚੁੱਪ ਕਰਕੇ ਬੈਠੇ ਹੋਏ ਹਨ, ਕਿਉਂਕਿ ਅਧਿਕਾਰੀਆਂ ਨੇ ਪੈਸੇ ਲੈ ਦੇ ਕੇ ਸਮਝੌਤਾ ਕੀਤਾ ਹੋਇਆ ਹੈ, ਪ੍ਰੈਸ ਨਾਲ ਗੱਲਬਾਤ ਕਰਦੇ ਹੋਏ ਕੁਝ ਬੁੱਧੀਜੀਵੀ ਲੋਕਾਂ ਦਾ ਕਹਿਣਾ ਹੈ ਕਿ ਨਗਰ ਨਿਗਮ ਪੂਰੀ ਤਰ੍ਹਾਂ ਲੋਕਾਂ ਨਾਲ ਰਲ ਚੁੱਕਾ ਹੈ, ਜਿਸ ਨਾਲ ਕਰੋੜਾਂ ਰੁਪਏ ਦਾ ਚੂਨਾ ਨਗਰ ਨਿਗਮ ਨੂੰ ਲੱਗ ਰਿਹਾ ਹੈ ਕਿਉਂਕਿ ਥੋੜੇ ਪੈਸੇ ਜਮਾ ਕਰਵਾ ਕੇ ਇਹ ਲੋਕ ਪੰਜ ਮੰਜਲੀ ਇਹ ਇਮਾਰਤ ਤਿਆਰ ਕਰਵਾ ਰਹੇ ਹਨ, ਜੋ ਕਿ ਬਿਲਕੁਲ ਗਲਤ ਹੈ ਦੂਸਰੀ ਗੱਲ ਇਹ ਹੈ ਇਹਨਾਂ ਲੋਕਾਂ ਨੇ ਨੈਸ਼ਨਲ ਹਾਈਵੇ ਅਥੋਰਟੀ ਤੋਂ ਕੋਈ ਮਨਜ਼ੂਰੀ ਨਹੀਂ ਲਈ ਹੋਈ ਹੈ, ਸਿਰਫ 10,000 ਦੇ ਕੇ ਅਪਲਾਈ ਫਾਰ ਦੀ ਪਰਚੀ ਲਈ ਹੈ, ਜਦ ਕਿ ਕਿਸੇ ਵੀ ਹਾਈਵੇ ਉੱਤੇ ਮਨਜ਼ੂਰੀ ਲੈਣੀ ਜਰੂਰੀ ਹੁੰਦੀ ਹੈ ਅਤੇ ਮੋਗਾ ਦੇ ਵਿੱਚ ਬਹੁਤ ਇਮਾਰਤਾਂ ਇਸ ਤਰ੍ਹਾਂ ਹੀ ਬਣ ਰਹੀਆਂ ਹਨ ਕਿ ਡੇਢ ਡੇਢ ਮੰਜ਼ਿਲ ਦਾ ਨਕਸ਼ਾ ਪਾਸ ਕਰਵਾਇਆ ਅਤੇ ਮੰਜ਼ਿਲਾਂ ਕਈ ਕਈ ਬਣਾਈਆਂ ਹੋਈਆਂ ਹਨ, ਜਦ ਅਸੀਂ ਇਸ ਪ੍ਰਤੀ ਅਸੀਂ ਐਮਟੀਪੀ ਨਗਰ ਨਿਗਮ ਹਰਕਿਰਨ ਕੌਰ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਹਨਾਂ ਨੇ ਕਿਹਾ ਇਹ ਮੈਂ ਆਪਣੇ ਹੇਠਲੇ ਸਟਾਫ ਨਾਲ ਇਸ ਪ੍ਰਤੀ ਗੱਲ ਕਰਦੀ ਹਾਂ, ਅਗਰ ਸਾਨੂੰ ਕੁਛ ਵੀ ਗਲਤ ਲੱਗਦਾ ਹੈ ਤਾਂ ਉਸ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਕਿਸੇ ਨੂੰ ਵੀ ਬਖਸ਼ਿਆ ਨਹੀਂ ਜਾਏਗਾ, ਬਾਕੀ ਤੁਹਾਨੂੰ ਇਹਨਾਂ ਦੀ ਮਿਲੀ ਭੁਗਤ ਤਾਂ ਪਤਾ ਤਾਂ ਚੱਲ ਹੀ ਗਈ ਹੋਵੇਗੀ, ਇਸ ਤੋਂ ਬਾਅਦ ਮੋਗਾ ਨਗਰ ਨਿਗਮ ਦੇ ਏਟੀਪੀ ਦਮਨ ਨਾਲ ਗੱਲਬਾਤ ਹੋਈ ਤਾਂ ਉਹਨਾਂ ਦਾ ਕਹਿਣਾ ਹੈ ਕਿ ਕੀ ਅਗਰ ਕੋਈ ਇਮਾਰਤ ਬਣੀ ਹੈ ਤਾਂ ਸਾਡੇ ਧਿਆਨ ਵਿੱਚ ਲਿਆਂਦਾ ਜਾਵੇ ਪਰ ਬਹੁਤ ਇਮਾਰਤਾਂ ਇਸ ਤਰ੍ਹਾਂ ਹੀ ਬਣ ਰਹੀਆਂ ਹਨ, ਕਿਉਂਕਿ ਇਹਨਾਂ ਲੋਕਾਂ ਦੇ ਇਸ਼ਾਰੇ ਨਾਲ ਇਮਾਰਤਾ ਬਣ ਰਹੀਆਂ ਹਨ ਸਮਾਂ ਆਉਣ ਤੇ ਅਸੀਂ ਸਾਰਾ ਭੇਦ ਇਹਨਾਂ ਦੇ ਖੋਲਾਂਗੇ ਅਤੇ ਦੁੱਧ ਦਾ ਦੁੱਧ ਪਾਣੀ ਦਾ ਪਾਣੀ ਕਰਾਂਗੇ।

ਠੇਕਾ ਕਾਮਿਆਂ ਦਾ ਧਰਨਾ ਚੌਥੇ ਦਿਨ ਵਿੱਚ ਦਾਖ਼ਲ, ਮੰਗਾਂ ਪੂਰੀਆਂ ਨਾ ਹੋਣ ਤੱਕ ਸੰਘਰਸ਼ ਜਾਰੀ

ਤਲਵਾੜਾ, 12 ਜੂਨ (ਜਗਮੋਹਨ ਸ਼ਰਮਾ): ਮੁਕੇਰੀਆਂ ਹਾਈਡਲ ਪ੍ਰੋਜੈਕਟ ਤਲਵਾੜਾ ਅਧੀਨ ਵੱਖ-ਵੱਖ ਕੰਪਨੀਆਂ

ਅਤੇ ਸੁਸਾਇਟੀਆਂ ਰਾਹੀਂ ਪਾਵਰਕੌਮ ਵਿੱਚ ਕੰਮ ਕਰ ਰਹੇ ਆਊਟਸੋਰਸ ਠੇਕਾ ਕਾਮਿਆਂ ਵੱਲੋਂ 9 ਜੂਨ ਤੋਂ ਮੁਕੰਮਲ ਕੰਮ ਬੰਦ ਕਰਕੇ ਸ਼ੁਰੂ ਕੀਤਾ ਗਿਆ ਦਿਨ-ਰਾਤ ਦਾ ਧਰਨਾ ਅੱਜ ਚੌਥੇ ਦਿਨ ਵਿੱਚ ਦਾਖਲ ਹੋ ਗਿਆ। ਠੇਕਾ ਕਾਮਿਆਂ ਦਾ ਕਹਿਣਾ ਹੈ ਕਿ ਜਦੋਂ ਤੱਕ 24 ਮਈ ਨੂੰ ਸਰਕਾਰ ਅਤੇ ਕਰਮਚਾਰੀ ਜਥੇਬੰਦੀਆਂ ਵਿਚਾਲੇ ਹੋਏ ਲਿਖਤੀ ਸਮਝੌਤੇ ਦਾ ਨੋਟੀਫਿਕੇਸ਼ਨ ਜਾਰੀ ਨਹੀਂ ਹੁੰਦਾ, ਉਦੋਂ ਤੱਕ ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ।ਇਹ ਸੰਘਰਸ਼ ਪਾਵਰਕੌਮ ਅਤੇ ਟਰਾਂਸਕੋ ਤਾਲਮੇਲ ਕਮੇਟੀ ਪੰਜਾਬ ਦੇ ਸੱਦੇ 'ਤੇ ਚਲਾਇਆ ਜਾ ਰਿਹਾ ਹੈ। ਜਥੇਬੰਦੀ ਦੇ ਆਗੂਆਂ ਨੇ ਦੋਸ਼ ਲਗਾਇਆ ਕਿ ਪੰਜਾਬ ਸਰਕਾਰ ਅਤੇ ਪਾਵਰਕੌਮ ਮੈਨੇਜਮੈਂਟ 24 ਮਈ ਨੂੰ ਹੋਏ ਲਿਖਤੀ ਸਮਝੌਤੇ ਨੂੰ ਲਾਗੂ ਕਰਨ ਤੋਂ ਮੁੱਕਰ ਰਹੀਆਂ ਹਨ, ਜਿਸ ਕਾਰਨ ਸੂਬੇ ਭਰ ਦੇ ਆਊਟਸੋਰਸ ਠੇਕਾ ਵਰਕਰਾਂ ਨੂੰ ਅਣਮਿੱਥੇ ਸਮੇਂ ਲਈ ਸੰਘਰਸ਼ ਦਾ ਰਾਹ ਅਪਣਾਉਣਾ ਪਿਆ ਹੈ।ਇਸ ਮੌਕੇ ਮੁਕੇਰੀਆਂ ਹਾਈਡਲ ਪ੍ਰੋਜੈਕਟ ਤਲਵਾੜਾ ਦੇ ਸੂਬਾ ਵਰਕਿੰਗ ਕਮੇਟੀ ਮੈਂਬਰ ਅਤੇ ਸਰਕਲ ਪ੍ਰਧਾਨ ਹਰਦੇਵ ਸਿੰਘ ਨੇ ਕਿਹਾ ਕਿ ਸਰਕਾਰ ਵੱਲੋਂ ਕਰਮਚਾਰੀਆਂ ਨਾਲ ਕੀਤੇ ਸਮਝੌਤਿਆਂ ਨੂੰ ਲਾਗੂ ਨਾ ਕਰਨ ਕਾਰਨ ਠੇਕਾ ਕਾਮਿਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜਦੋਂ ਤੱਕ ਮੰਗਾਂ ਨੂੰ ਪੂਰਾ ਨਹੀਂ ਕੀਤਾ ਜਾਂਦਾ, ਉਦੋਂ ਤੱਕ ਧਰਨਾ ਲਗਾਤਾਰ ਦਿਨ-ਰਾਤ ਜਾਰੀ ਰਹੇਗਾ।ਹਰਦੇਵ ਸਿੰਘ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ 15 ਜੂਨ ਨੂੰ ਪਾਵਰਕੌਮ ਅਤੇ ਟਰਾਂਸਕੋ ਦੇ ਸਮੂਹ ਆਊਟਸੋਰਸ ਠੇਕਾ ਕਾਮੇ ਬਿਜਲੀ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਦੀ ਰਿਹਾਇਸ਼ ਦੇ ਬਾਹਰ ਵਿਸ਼ਾਲ ਰੋਸ ਧਰਨਾ ਦੇਣਗੇ। ਉਨ੍ਹਾਂ ਚੇਤਾਵਨੀ ਦਿੱਤੀ ਕਿ ਜੇਕਰ ਸਰਕਾਰ ਵੱਲੋਂ ਕਰਮਚਾਰੀਆਂ ਦੀਆਂ ਜਾਇਜ਼ ਮੰਗਾਂ ਦਾ ਜਲਦ ਹੱਲ ਨਾ ਕੀਤਾ ਗਿਆ ਤਾਂ ਸੰਘਰਸ਼ ਨੂੰ ਹੋਰ ਤੇਜ਼ ਅਤੇ ਵੱਡੇ ਪੱਧਰ 'ਤੇ ਉਲੀਕਿਆ ਜਾਵੇਗਾ।ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਹੋਣ ਵਾਲੇ ਕਿਸੇ ਵੀ ਤਿੱਖੇ ਸੰਘਰਸ਼ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਅਤੇ ਪਾਵਰਕੌਮ ਮੈਨੇਜਮੈਂਟ ਦੀ ਹੋਵੇਗੀ।

ਜਗਦੀਸ਼ ਬਾਵਾ ਦਾ ਬੈਰਾਗੀ ਵੈਲਫੇਅਰ ਬੋਰਡ ਦੇ ਚੇਅਰਮੈਨ ਬਣਨ 'ਤੇ ਸਨਮਾਨ

ਹਾਈ ਕਮਾਂਡ ਵੱਲੋਂ ਸੌਂਪੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਵਾਂਗਾ : ਜਗਦੀਸ਼ ਬਾਵਾ

ਪਟਿਆਲਾ, 12 ਜੂਨ (ਗੁਰਦੀਪ ਢਿੱਲੋਂ): ਪਿਛਲੇ ਦਿਨੀਂ ਆਮ ਆਦਮੀ

ਪਾਰਟੀ ਵੱਲੋਂ ਬੈਰਾਗੀ ਵੈਲਫੇਅਰ ਬੋਰਡ ਦੇ ਕੀਤੇ ਵਿਸਥਾਰ ਵਿਚ ਜਗਦੀਸ਼ ਬਾਵਾ ਨੂੰ ਉਨ੍ਹਾਂ ਦੀਆਂ ਪਾਰਟੀ ਪ੍ਰਤੀ ਕੀਤੀਆਂ ਜਾ ਰਹੀਆਂ ਅਣਥੱਕ ਕੋਸ਼ਿਸ਼ਾਂ ਨੂੰ ਦੇਖਦਿਆਂ ਪਟਿਆਲਾ ਜ਼ਿਲ੍ਹੇ ਦਾ ਚੇਅਰਮੈਨ ਨਿਯੁਕਤ ਕੀਤਾ ਹੈ। ਉਨ੍ਹਾਂ ਦੀ ਇਸ ਨਿਯੁਕਤੀ 'ਤੇ ਖੁਸ਼ੀ ਦਾ ਇਜਹਾਰ ਕਰਦਿਆਂ ਭੁਪਿੰਦਰ ਸਿੰਘ ਰਾਮਗੜ੍ਹੀਆਂ ਤੇ ਸਤਪਾਲ ਪਰਾਸ਼ਰ ਨੇ ਉਨ੍ਹਾਂ ਨੂੰ ਉੱਚੇਚੇ ਤੌਰ 'ਤੇ ਸਨਮਾਨਿਤ ਕੀਤਾ। ਇਸ ਮੌਕੇ ਆਪਣੇ ਸੰਖੇਪ ਸੰਬੋਧਨ ਵਿਚ ਭੁਪਿੰਦਰ ਸਿੰਘ ਰਾਮਗੜ੍ਹੀਆ ਅਤੇ ਸਤਪਾਲ ਪਰਾਸ਼ਰ ਨੇ ਕਿਹਾ ਕਿ ਜਗਦੀਸ਼ ਬਾਵਾ ਦੀ ਨਿਯੁਕਤੀ ਆਮ ਆਦਮੀ ਪਾਰਟੀ ਹਾਈ ਕਮਾਂਡ ਵੱਲੋਂ ਲਿਆ ਸ਼ਲਾਘਾਯੋਗ ਫ਼ੈਸਲਾ ਹੈ ਕਿਉਂਕਿ ਜਗਦੀਸ਼ ਬਾਵਾ ਪਟਿਆਲਾ ਦਿਹਾਤੀ ਹਲਕੇ ਵਿਚ ਮਜਬੂਤ ਜਨ ਅਧਾਰ ਰੱਖਣ ਵਾਲੇ ਆਗੂ ਹਨ। ਉਨ੍ਹਾਂ ਦੀ ਇਸ ਨਿਯੁਕਤੀ ਨਾਲ ਅਗਾਮੀ ਵਿਧਾਨ ਸਭਾ ਚੋਣਾਂ ਵਿਚ ਪਾਰਟੀ ਨੂੰ ਭਰਪੂਰ ਲਾਹਾ ਮਿਲੇਗਾ। ਸਨਮਾਨ ਪ੍ਰਾਪਤ ਕਰਨ ਉਪਰੰਤ ਜਗਦੀਸ਼ ਬਾਵਾ ਨੇ ਕਿਹਾ ਕਿ ਉਹ ਪਾਰਟੀ ਦੇ ਭਰੋਸੇ ਨੂੰ ਆਂਚ ਨਹੀਂ ਆਉਣ ਦੇਣਗੇ ਅਤੇ ਉਸ ਵੱਲੋਂ ਪ੍ਰਗਟਾਏ ਭਰੋਸੇ 'ਤੇ ਖਰੇ ਉਤਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਮੈਂ ਮਿਲੀ ਹੋਈ ਜ਼ਿੰਮੇਵਾਰੀ ਨੂੰ ਇਮਾਨਦਾਰੀ, ਸਮਰਪਿਤ ਭਾਵਨਾ ਅਤੇ ਤਨਦੇਹੀ ਨਾਲ ਨਿਭਾਵਾਂਗਾ।

ਉਨ੍ਹਾਂ ਅੱਗੇ ਕਿਹਾ ਕਿ ਬੋਰਡ ਦੇ ਸੂਬਾ ਪ੍ਰਧਾਨ ਗੁਰਮੀਤ ਦਾਸ ਬਾਵਾ ਨਾਲ ਸਲਾਹ ਮਸ਼ਵਰੇ ਉਪਰੰਤ ਜਲਦੀ ਹੀ ਸਮੂਹ ਭਾਈਚਾਰੇ ਦਾ ਇੱਕ ਵਿਸ਼ਾਲ ਪ੍ਰੋਗਰਾਮ ਉਲੀਕਿਆ ਜਾਵੇਗਾ, ਜਿਸ ਵਿਚ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂਆਂ ਦੀ ਸ਼ਮੂਲੀਅਤ ਯਕੀਨੀ ਬਣਾਈ ਜਾਵੇਗੀ। ਅੰਤ ਵਿਚ ਉਨ੍ਹਾਂ ਦੀ ਨਿਯੁਕਤੀ 'ਤੇ ਵਧਾਈਆਂ ਦੇਣ ਵਾਲਿਆਂ ਅਤੇ ਸਨਮਾਨ ਕਰਨ ਵਾਲਿਆਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਨਾਲ ਬੈਰਾਗੀ ਵੈਲਫੇਅਰ ਬੋਰਡ ਦੇ ਹੋਰ ਸਰਗਰਮ ਕਾਰਕੁੰਨ ਵੀ ਮੌਜੂਦ ਸਨ।

ਨਗਰ ਕੌਂਸਲ ਭੋਗਪੁਰ ਵੱਲੋਂ ਹਸਪਤਾਲਾਂ ਦੀ ਚੈਕਿੰਗ

ਭੋਗਪੁਰ 12 ਜੂਨ (ਅਮਰਜੀਤ ਸਿੰਘ ਸੈਣੀ): ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਗਰ ਕੌਂਸਲ ਭੋਗਪੁਰ ਦੁਆਰਾ ਸ਼ਹਿਰ ਦੀ ਸਾਫ ਸਫਾਈ ਲਈ ਅਵਸੱਥਾ ਕਮੇਟੀ ਦਾ ਗਠਨ ਕੀਤਾ ਗਿਆ, ਜਿਸ ਵਿੱਚ ਵੱਖ ਵੱਖ ਮਹਿਕਮੇ ਦੇ ਨੁਮਾਇੰਦੇ ਮੈਂਬਰ ਬਣਾਏ ਗਏ, ਨਗਰ ਕੌਂਸਲ ਪ੍ਰਧਾਨ ਰਾਜ ਕੁਮਾਰ ਰਾਜਾ, ਕਾਰਜ ਸਾਧਕ ਅਫਸਰ ਰਾਜੀਵ ਉਬਰਾਏ ਦੇ ਦੇਸਾਂ ਨਿਰਦੇਸਾਂ ਅਨੁਸਾਰ ਸੋਲਡ ਵੇਸਟ ਮੈਨੇਜਮੈਂਟ ਰੂਲਜ 2026 ਤਹਿਤ ਸ਼ਹਿਰ ਅੰਦਰ ਪੈਂਦੇ ਪ੍ਰਾਈਵੇਟ ਹਸਪਤਾਲਾਂ ਦੀ ਚੈਕਿੰਗ ਕੀਤੀ ਗਈ. ਚੈਕਿੰਗ ਦੌਰਾਨ ਹਸਪਤਾਲਾਂ ਵਿੱਚ ਘਰੇਲੂ ਕੂੜੇ ਵਿੱਚ ਮੈਡੀਕਲ ਵੇਸਟ ਮਿਕਸ ਪਾਇਆ ਗਿਆ, ਜਿਸ ਤੇ ਹਸਪਤਾਲ ਨੂੰ ਸੋਲਡ ਵੇਸਟ ਮੈਨੇਜਮੈਂਟ ਰੂਲਜ 2026 ਦੇ ਤਹਿਤ ਇਸ ਵਾਰੇ ਜਾਗਰੂਕ ਵੀ ਕੀਤਾ ਗਿਆ ਇਸ ਚੈਕਿੰਗ ਮੌਕੇ ਸੀਐਚਜੀ ਕਾਲਾ ਬੱਕਰਾ ਐਸਐਮਓ ਬਲਜੀਤ ਪਾਲ

ਸਿੰਘ ਦੀ ਮਦਦ ਨਾਲ ਭੇਜੇ ਮਾਨਵ ਸ਼ਰਮਾ ਬੀ ਈ ਈ ਅਫਸਰ ਤੇ ਹਰਜੀਤ ਸਿੰਘ ਹੈਲਥ ਇੰਸਪੈਕਟਰ ਤੇ ਦਫਤਰ ਨਗਰ ਕੌਂਸਲ ਦਾ ਸਟਾਫ ਸੁਨੀਤਾ ਰਾਣੀ ਸੀਐਫ ਕਮ ਪੀਸੀ ਤੇ ਅਸ਼ੋਕ ਕੁਮਾਰ ਸਫਾਈ ਕਰਮਚਾਰੀ ਮੌਜੂਦ ਰਹੇ।

ਉੱਤਰ ਰੇਲਵੇ

ਇਲੈਕਟ੍ਰੋਨਿਕ ਟੈਂਡਰ ਈ-ਪ੍ਰਣਾਲੀ ਦੇ ਅੰਤਰਗਤ ਮਦਾਂ ਦੀ ਆਪੂਰਤੀ ਲਈ ਟੈਂਡਰ ਮੰਗ

ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਉਪ ਮੁੱਖ ਸਾਮਗਰੀ ਪ੍ਰਬੰਧਕ, ਉੱਤਰ ਰੇਲਵੇ ਜਗਾਧਰੀ ਵਰਕਸ਼ਾਪ-135002 ਦੁਵਾਰਾ ਫਰਮਾਂ ਨੂੰ ਹੇਠਾ ਲਿਖੇ ਮਦਾਂ ਦੇ ਲਈ ਈ-ਟੈਂਡਰਾ ਦੇ ਦੁਵਾਰਾ ਤੋਂ ਮੰਗ ਕੀਤੀ ਜਾਂਦੀ ਹੈ :-

ਲ. ਨੰ:	ਟੈਂਡਰ ਨੰਬਰ	ਸੰਖੇਪ ਵੇਰਵਾ	ਮਾਤਰਾ	ਬੰਦ ਹੋਣ ਦੀ ਮਿਤੀ
01	61265720	ਸਪਲਾਈ, ਇੰਸਟਾਲੇਸ਼ਨ ਐਂਡ ਕਮੀਸ਼ਨਿੰਗ ਆਫ ਇੰਟਰ ਕੋਚ ਗੈਂਗਵੇ । (ਟੈਂਡਰ ਸ਼ਰਤਾਂ ਵਿਚ ਤਬਦੀਲੀ)	11 ਨਗ	25 ਜੂਨ 2026

ਟੈਂਡਰ ਸ਼ਰਤਾਂ : 1. ਪੂਰੀ ਜਾਣਕਾਰੀ IREPS ਵੇਬ ਸਾਈਟ ਯਾਨਿ www.ireps.gov.in ਉਤੇ ਦੇਖੀ ਜਾਂ ਸਕਦੀ ਹੈ।
2. ਮੈਨੂੰਅਲ ਟੈਂਡਰ ਸਵੀਕਾਰ ਨਹੀਂ ਕੀਤੀ ਜਾਵੇਗੀ।
ਟੈਂਡਰ ਨੋਟਿਸ ਨੰ: 61265720 2027/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਠਾਣੇਦਾਰ ਤਰਸੇਮ ਸਿੰਘ ਦਾ ਡੀ.ਜੀ. ਪੀ. ਡਿਸਕ ਨਾਲ ਸਨਮਾਨ

ਸ੍ਰੀ ਮੁਕਤਸਰ ਸਾਹਿਬ, 12 ਜੂਨ (ਐਚ ਐਸ ਕਪੂਰ): ਸ੍ਰੀ ਮੁਕਤਸਰ ਸਾਹਿਬ ਪੁਲਿਸ ਵਿੱਚ ਡਿਊਟੀ ਨਿਭਾ ਰਹੇ ਜ਼ਿਲ੍ਹਾ ਟਰੈਫਿਕ ਇੰਚਾਰਜ ਏਐਸਆਈ ਤਰਸੇਮ ਸਿੰਘ ਨੂੰ ਉਨ੍ਹਾਂ ਦੀ ਵਧੀਆ ਕਾਰਗੁਜ਼ਾਰੀ, ਇਮਾਨਦਾਰੀ ਅਤੇ ਆਪਣੀ ਡਿਊਟੀ ਪ੍ਰਤੀ ਸਮਰਪਿਤ ਸੇਵਾਵਾਂ ਦੇ ਮੱਦੇਨਜ਼ਰ ਡੀਜੀਪੀ ਕਮੈਂਡੇਸ਼ਨ ਡਿਸਕ (DGP Commendation Disc) ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਅਭਿਮੰਨਿਊ ਰਾਣਾ, ਆਈ.ਪੀ.ਐਸ., ਵੱਲੋਂ ਏਐਸਆਈ ਤਰਸੇਮ ਸਿੰਘ ਨੂੰ ਡੀਜੀਪੀ ਕਮੈਂਡੇਸ਼ਨ ਡਿਸਕ ਲਗਾ ਕੇ ਸਨਮਾਨਿਤ ਕੀਤਾ ਗਿਆ।

ਸਮਾਗਮ ਦੌਰਾਨ ਐਸਆਈ ਗੁਰਦੀਪ ਸਿੰਘ, ਮੁੱਖ ਅਫਸਰ ਥਾਣਾ ਬਰੀਵਾਲਾ, ਵੀ ਹਾਜ਼ਰ ਸਨ। ਇਸ ਮੌਕੇ ਹਾਜ਼ਰ ਅਧਿਕਾਰੀਆਂ ਵੱਲੋਂ ਏਐਸਆਈ ਤਰਸੇਮ ਸਿੰਘ ਨੂੰ ਇਸ ਪ੍ਰਾਪਤੀ ਲਈ ਵਧਾਈ ਦਿੱਤੀ ਗਈ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਮਿਹਨਤ ਅਤੇ ਲਗਨ ਨਾਲ ਆਪਣੀਆਂ ਸੇਵਾਵਾਂ ਨਿਭਾਉਣ ਲਈ ਪ੍ਰੇਰਿਤ ਕੀਤਾ ਗਿਆ।

ਵਪਾਰ ਵਿੰਗ ਤੇ ਸਰਕਾਰੀ ਵਿਭਾਗ ਦੇ ਅਧਿਕਾਰੀਆਂ ਨੇ ਦੁਕਾਨਦਾਰਾਂ ਦੀਆਂ ਸਮੱਸਿਆਵਾਂ ਸੁਣੀਆਂ

ਟਾਂਡਾ ਉੜਮੁੜ, 12 ਜੂਨ (ਅਰਜੁਨ ਜੈਨ): ਵਪਾਰ ਵਿੰਗ ਟਾਂਡਾ ਅਤੇ ਸਰਕਾਰੀ ਵਿਭਾਗ ਦੇ ਅਧਿਕਾਰੀਆਂ ਨੇ ਅੱਜ ਵਪਾਰ ਵਿੰਗ ਡ੍ਰਿਪਨ ਦੇ ਜ਼ਿਲ੍ਹਾ ਪ੍ਰਧਾਨ ਅਤੇ ਟਾਂਡਾ ਦੇ ਚੇਅਰਮੈਨ ਪ੍ਰੇਮ ਜੈਨ ਦੀ ਅਗਵਾਈ ਹੇਠ ਬੀਡੀਪੀਓ ਮਾਰਕੀਟ ਦੇ ਦੁਕਾਨਦਾਰਾਂ ਨਾਲ ਮੀਟਿੰਗ ਕੀਤੀ ਅਤੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ। ਪ੍ਰਸ਼ਾਸਨ ਵੱਲੋਂ ਐਸਡੀਐਮ ਲਵਪ੍ਰੀਤ ਸਿੰਘ ਔਲਖ, ਡੀਐਸਪੀ ਦਵਿੰਦਰ ਸਿੰਘ ਬਾਜਵਾ, ਕਮੇਟੀ ਹਾਊਸ ਆਕਾਸ਼ ਮਰਵਾਹਾ (ਨਗਰ ਕੌਂਸਲ), ਬੀਡੀਪੀਓ ਦਫ਼ਤਰ, ਜੀਐਸਟੀ ਵਿਭਾਗ ਤੇ ਬਿਜਲੀ ਵਿਭਾਗ ਦੇ ਅਧਿਕਾਰੀ, 'ਆਪ' ਆਗੂ ਹਰਮੀਤ ਸਿੰਘ ਔਲਖ, ਮਾਸਟਰ ਮਹਿੰਦਰ ਸਿੰਘ ਕੁਰਾਲਾ, ਸੰਗਠਨ ਇੰਚਾਰਜ ਕੇਸ਼ਵ ਸੈਣੀ, ਬਲਾਕ ਕਮੇਟੀ ਚੇਅਰਮੈਨ ਸੁਖਵਿੰਦਰ ਸਿੰਘ ਝਾਵਰ, ਐਮਸੀ ਸੋਨੂੰ ਖੰਨਾ ਇਸ ਮੀਟਿੰਗ ਵਿੱਚ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

ਮੀਟਿੰਗ ਦੌਰਾਨ ਦੁਕਾਨਦਾਰਾਂ ਨੇ ਆਪਣੀਆਂ ਚਿੰਤਾਵਾਂ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਮਾਰਕੀਟ ਵਿੱਚ ਪੀਣ ਵਾਲੇ ਪਾਣੀ ਅਤੇ ਬਾਥਰੂਮ ਦੀਆਂ ਸਹੂਲਤਾਂ ਦੀ ਘਾਟ ਹੈ। ਉਨ੍ਹਾਂ ਇਹ ਵੀ ਦੱਸਿਆ ਕਿ ਜਦੋਂ ਮੀਂਹ ਪੈਂਦਾ ਹੈ ਤਾਂ ਮਾਰਕੀਟ ਦੇ ਉੱਪਰ ਬਣੇ ਪੁਲ ਤੋਂ ਪਾਣੀ ਓਵਰਫਲੋ ਹੋ ਕੇ ਮਾਰਕੀਟ ਵਿੱਚ ਆ ਜਾਂਦਾ ਹੈ, ਜਿਸ ਕਾਰਨ ਦੁਕਾਨਾਂ ਦੇ ਸਾਹਮਣੇ ਪਾਣੀ ਕਈ ਦਿਨਾਂ ਤੱਕ ਬਿਨਾਂ ਕਿਸੇ ਨਿਕਾਸੀ ਦੇ ਖੜ੍ਹਾ ਰਹਿੰਦਾ ਹੈ, ਜਿਸ ਕਾਰਨ ਦੁਕਾਨਦਾਰਾਂ ਨੂੰ ਕਾਫ਼ੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਇਹ ਵੀ ਮੰਗ ਕੀਤੀ ਕਿ ਬੀਡੀਪੀਓ ਦਫ਼ਤਰ ਬਾਜ਼ਾਰ ਵਿੱਚ ਕੁਝ ਦੁਕਾਨਾਂ ਨੂੰ ਹੋਰ ਲੋਕਾਂ ਨੂੰ ਦੁਬਾਰਾ ਅਲਾਟ ਕ

ਪੰਜਾਬ ਦੇ ਰਾਜਪਾਲ ਨੇ ਉਚ-ਪੱਧਰੀ ਮੀਟਿੰਗਾਂ ਕੀਤੀਆਂ

ਉਪ ਰਾਸ਼ਟਰਪਤੀ ਸੀ.ਪੀ. ਰਾਧਾਕ੍ਰਿਸ਼ਨਨ, ਕੇਂਦਰੀ ਮੰਤਰੀਆਂ ਗਜੇਂਦਰ ਸਿੰਘ ਸ਼ੇਖਾਵਤ, ਡਾ. ਮਨਸੁਖ ਮੰਡਾਵੀਆ ਅਤੇ ਅਰਜੁਨ ਰਾਮ ਮੇਘਵਾਲ ਨਾਲ ਕੀਤੀ ਮੁਲਾਕਾਤ

ਨਵੀਂ ਦਿੱਲੀ/ਚੰਡੀਗੜ੍ਹ, 12 ਜੂਨ (ਅੰਮ੍ਰਿਤਪਾਲ ਸਿੰਘ) : ਪੰਜਾਬ ਦੇ ਰਾਜਪਾਲ ਅਤੇ ਕੇਂਦਰ ਸ਼ਾਸਤ ਪ੍ਰਦੇਸ਼ ਪ੍ਰਸ਼ਾਸਕ ਸ੍ਰੀ ਗੁਲਾਬ ਚੰਦ ਕਟਾਰੀਆ ਨੇ ਅੱਜ ਨਵੀਂ ਦਿੱਲੀ ਵਿੱਚ ਉਪ ਰਾਸ਼ਟਰਪਤੀ ਅਤੇ ਵੱਖ-ਵੱਖ ਕੇਂਦਰੀ ਮੰਤਰੀਆਂ ਨਾਲ ਸ਼ਾਸਨ, ਸੱਭਿਆਚਾਰ, ਖੇਡਾਂ ਅਤੇ ਕਾਨੂੰਨੀ ਬੁਨਿਆਦੀ ਢਾਂਚੇ ਨਾਲ ਸਬੰਧਤ ਮੁੱਦਿਆਂ 'ਤੇ ਚਰਚਾ ਕਰਨ ਲਈ ਮਹੱਤਵਪੂਰਨ ਮੀਟਿੰਗਾਂ ਕੀਤੀਆਂ।ਸ਼੍ਰੀ ਕਟਾਰੀਆ ਨੇ ਭਾਰਤ ਦੇ ਉਪ ਰਾਸ਼ਟਰਪਤੀ ਸ੍ਰੀ ਸੀ.ਪੀ. ਰਾਧਾਕ੍ਰਿਸ਼ਨਨ ਨਾਲ ਸ਼ਿਸ਼ਟਾਚਾਰ ਮੁਲਾਕਾਤ ਕੀਤੀ। ਮੀਟਿੰਗ ਦੌਰਾਨ, ਉਨ੍ਹਾਂ ਨੇ ਉਪ ਰਾਸ਼ਟਰਪਤੀ ਨੂੰ ਪੰਜਾਬ ਅਤੇ ਚੰਡੀਗੜ੍ਹ ਨਾਲ ਸਬੰਧਤ ਵੱਖ-ਵੱਖ ਵਿਕਾਸ ਪਹਿਲਕਦਮੀਆਂ ਅਤੇ ਪ੍ਰਸ਼ਾਸਕੀ ਤਰਜੀਹਾਂ ਬਾਰੇ ਜਾਣਕਾਰੀ ਦਿੱਤੀ ਅਤੇ ਜਨਤਕ ਹਿੱਤ ਦੇ ਮਹੱਤਵਪੂਰਨ ਮੁੱਦਿਆਂ 'ਤੇ ਚਰਚਾ ਕੀਤੀ। ਇਸ ਤੋਂ ਬਾਅਦ, ਸ਼੍ਰੀ ਕਟਾਰੀਆ ਨੇ ਕੇਂਦਰੀ ਸੱਭਿਆਚਾਰ ਅਤੇ ਸੈਰ-ਸਪਾਟਾ ਮੰਤਰੀ, ਸ਼੍ਰੀ ਗਜੇਂਦਰ ਸਿੰਘ ਸ਼ੇਖਾਵਤ ਨਾਲ ਮੁਲਾਕਾਤ ਕਰਕੇ ਭਾਰਤ ਸਰਕਾਰ ਦੇ ਸੱਭਿਆਚਾਰ ਮੰਤਰਾਲੇ ਦੀ ਅਜਾਇਬ ਘਰ ਗ੍ਰਾਂਟ ਸਕੀਮ ਦੇ ਤਹਿਤ ਚੰਡੀਗੜ੍ਹ ਵਿੱਚ ਸਰਕਾਰੀ ਅਜਾਇਬ ਘਰ ਅਤੇ ਆਰਟ ਗੈਲਰੀ ਦੇ ਅਪਗ੍ਰੇਡੇਸ਼ਨ ਲਈ ਸਹਾਇਤਾ ਦੀ ਬੇਨਤੀ ਕੀਤੀ। ਉਨ੍ਹਾਂ ਨੇ ਵਿਸ਼ਵ-ਪ੍ਰਸਿੱਧ ਆਰਕੀਟੈਕਟ ਲੇ ਕੋਰਬੁਜ਼ੀਅਰ ਦੁਆਰਾ ਡਿਜ਼ਾਈਨ ਕੀਤੀ ਗਈ ਇਸ ਵੱਕਾਰੀ ਗ੍ਰੇਡ-1 ਵਿਰਾਸਤੀ ਸੰਸਥਾ ਦੀ ਸੰਭਾਲ ਅਤੇ ਆਧੁਨਿਕੀਕਰਨ ਦੀ ਜ਼ਰੂਰਤ 'ਤੇ ਜ਼ੋਰ ਦਿੱਤਾ। ਪ੍ਰਸਤਾਵਿਤ ਪ੍ਰੋਜੈਕਟ ਦਾ ਉਦੇਸ਼ ਅਜਾਇਬ ਘਰ ਦੇ ਅਨਮੋਲ ਖਜ਼ਾਨਿਆਂ ਦੀ ਸੰਭਾਲ ਨੂੰ ਮਜ਼ਬੂਤ ?ਕਰਨਾ, ਇਸਦੀ ਆਰਕੀਟੈਕਚਰਲ ਵਿਰਾਸਤ ਨੂੰ ਸੁਰੱਖਿਅਤ ਰੱਖਣਾ ਅਤੇ ਆਧੁਨਿਕ ਅਜਾਇਬ ਘਰ ਦੇ ਮਿਆਰਾਂ ਅਨੁਸਾਰ ਸੈਲਾਨੀਆਂ ਦੀਆਂ ਸਹੂਲਤਾਂ ਵਿੱਚ ਸੁਧਾਰ ਕਰਨਾ ਹੈ। ਇੱਕ ਹੋਰ ਮੀਟਿੰਗ ਵਿੱਚ, ਸ਼੍ਰੀ ਕਟਾਰੀਆ ਨੇ ਕੇਂਦਰੀ ਯੁਵਾ ਮਾਮਲਿਆਂ ਅਤੇ ਖੇਡ ਮੰਤਰੀ, ਡਾ. ਮਨਸੁਖ ਮੰਡਾਵੀਆ ਨਾਲ ਮੁਲਾਕਾਤ ਕੀਤੀ, ਅਤੇ ਚੰਡੀਗੜ੍ਹ ਵਿੱਚ ਪ੍ਰਮੁੱਖ ਅੰਤਰਰਾਸ਼ਟਰੀ ਖੇਡ ਸਮਾਗਮਾਂ, ਜਿਵੇਂ ਕਿ ਏਸ਼ੀਅਨ ਰੀਲੇਅ ਚੈਂਪੀਅਨਸ਼ਿਪ 2027, 21ਵੀਂ ਏਸ਼ੀਅਨ ਰੋਲਰ ਸਕੇਟਿੰਗ ਚੈਂਪੀਅਨਸ਼ਿਪ 2027, ਅਤੇ ਨਵੰਬਰ 2026 ਵਿੱਚ ਹੋਣ ਵਾਲੀ ਦੂਜੀ ਅੰਤਰਰਾਸ਼ਟਰੀ ਚੰਡੀਗੜ੍ਹ ਮੈਰਾਥਨ ਦੀ ਮੇਜ਼ਬਾਨੀ ਲਈ ਪ੍ਰਸਤਾਵਾਂ 'ਤੇ ਚਰਚਾ ਕੀਤੀ। ਉਨ੍ਹਾਂ ਨੇ ਸੈਕਟਰ 42 ਦੇ ਸਪੋਰਟਸ ਕੰਪਲੈਕਸ ਵਿਖੇ ਇੱਕ ਅਤਿ-ਆਧੁਨਿਕ ਅੰਤਰਰਾਸ਼ਟਰੀ ਬਹੁ-ਮੰਤਵੀ ਇਨਡੋਰ ਸਪੋਰਟਸ ਹਾਲ ਦੀ ਸਥਾਪਨਾ ਲਈ ਸਮਰਥਨ ਦੀ ਬੇਨਤੀ ਵੀ ਕੀਤੀ। ਕੇਂਦਰੀ ਖੇਡ ਮੰਤਰੀ ਨੇ ਚੰਡੀਗੜ੍ਹ ਵਿੱਚ ਖੇਡ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਖੇਡ ਉੱਤਮਤਾ ਨੂੰ ਉਤਸ਼ਾਹਿਤ ਕਰਨ ਲਈ ਹਰ ਸੰਭਵ ਸਹਾਇਤਾ ਦਾ ਭਰੋਸਾ ਦਿੱਤਾ। ਸ਼੍ਰੀ ਕਟਾਰੀਆ ਨੇ ਪੰਜਾਬ ਵਿੱਚ ਖੇਡ ਬੁਨਿਆਦੀ ਢਾਂਚੇ ਨੂੰ ਹੋਰ ਮਜ਼ਬੂਤ ?ਕਰਨ ਲਈ ਸਹਿਯੋਗ ਦੀ ਵੀ ਬੇਨਤੀ ਕੀਤੀ। ਬਾਅਦ ਵਿੱਚ, ਸ਼੍ਰੀ ਕਟਾਰੀਆ ਨੇ ਕੇਂਦਰੀ ਕਾਨੂੰਨ ਅਤੇ ਨਿਆਂ ਮੰਤਰੀ ਸ਼੍ਰੀ ਅਰਜੁਨ ਰਾਮ ਮੇਘਵਾਲ ਨਾਲ ਮੁਲਾਕਾਤ ਕੀਤੀ ਅਤੇ ਕਾਨੂੰਨੀ ਭਾਈਚਾਰੇ ਨਾਲ ਸਬੰਧਤ ਵੱਖ-ਵੱਖ ਮੁੱਦਿਆਂ, ਖਾਸ ਕਰਕੇ ਉਦੈਪੁਰ ਬਾਰ ਐਸੋਸੀਏਸ਼ਨ ਦੁਆਰਾ ਉਠਾਈਆਂ ਗਈਆਂ ਮੰਗਾਂ @ਤੇ ਚਰਚਾ ਕੀਤੀ। ਮੀਟਿੰਗ ਵਿੱਚ ਕਾਨੂੰਨੀ ਅਤੇ ਨਿਆਂਇਕ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਵਕੀਲਾਂ ਦੀਆਂ ਚਿੰਤਾਵਾਂ ਨੂੰ ਦੂਰ ਕਰਨ ਦੇ ਉਪਾਵਾਂ 'ਤੇ ਵਿਚਾਰ-ਵਟਾਂਦਰਾ ਕੀਤਾ ਗਿਆ। ਇਹ ਮੀਟਿੰਗਾਂ ਸ਼੍ਰੀ ਕਟਾਰੀਆ ਦੇ ਪੰਜਾਬ ਅਤੇ ਚੰਡੀਗੜ੍ਹ ਵਿੱਚ ਸੱਭਿਆਚਾਰਕ ਵਿਰਾਸਤ ਦੀ ਸੰਭਾਲ, ਖੇਡਾਂ ਨੂੰ ਉਤਸ਼ਾਹਿਤ ਕਰਨ ਅਤੇ ਜਨਤਕ ਸੰਸਥਾਵਾਂ ਦੀ ਮਜ਼ਬੂਤੀ ਲਈ ਭਾਰਤ ਸਰਕਾਰ ਤੋਂ ਵਿਆਪਕ ਸਮਰਥਨ ਪ੍ਰਾਪਤ ਕਰਨ ਦੇ ਨਿਰੰਤਰ ਯਤਨਾਂ ਨੂੰ ਦਰਸਾਉਂਦੀਆਂ ਹਨ।

ਖਾਣ-ਪੀਣ ਦੀਆਂ ਵਧਦੀਆਂ ਕੀਮਤਾਂ 'ਤੇ ਕਾਬੂ ਪਾਉਣ ਲਈ ਲਿਬਰਲ ਸਰਕਾਰ ਨੇ ਐਲਾਨੀ ਨਵੀਂ ਰਾਸ਼ਟਰੀ ਫੂਡ ਰਣਨੀਤੀ

ਓਟਵਾ, 12 ਜੂਨ (ਚ.ਨ.ਸ.) : ਪ੍ਰਧਾਨ ਮੰਤਰੀ ਮਾਰਕ ਕਾਰਨੀ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਨੇ ਕੈਨੇਡਾ ਵਿੱਚ ਖਾਣ-ਪੀਣ ਦੀਆਂ ਵਧਦੀਆਂ ਕੀਮਤਾਂ ਨੂੰ ਘਟਾਉਣ ਅਤੇ ਸਥਾਨਕ ਉਤਪਾਦਨ ਨੂੰ ਉਤਸ਼ਾਹਿਤ ਕਰਨ ਲਈ 3 ਅਰਬ ਡਾਲਰ ਤੋਂ ਵੱਧ ਦੀ ਰਾਸ਼ਟਰੀ ਫੂਡ ਸੁਰੱਖਿਆ ਰਣਨੀਤੀ ਦਾ ਐਲਾਨ ਕੀਤਾ ਹੈ। ਸਰਕਾਰ ਵੱਲੋਂ ਪੇਸ਼ ਕੀਤੀ ਗਈ ਇਸ 10 ਸਾਲਾ ਯੋਜਨਾ ਦਾ ਮਕਸਦ ਦੇਸ਼ ਵਿੱਚ ਭੋਜਨ ਦੀ ਖਰੀਦ, ਵੰਡ, ਆਵਾਜਾਈ ਅਤੇ ਪ੍ਰੋਸੈਸਿੰਗ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਹੈ, ਤਾਂ ਜੋ ਕਿਸਾਨਾਂ, ਛੋਟੇ ਵਪਾਰੀਆਂ ਅਤੇ ਖਪਤਕਾਰਾਂ ਨੂੰ ਸਿੱਧਾ ਲਾਭ ਮਿਲ ਸਕੇ। ਯੋਜਨਾ ਤਹਿਤ ਇੱਕ ਅਰਬ ਡਾਲਰ ਖੁਰਾਕ ਟਰਮੀਨਲਾਂ ਅਤੇ ਵੰਡ ਕੇਂਦਰਾਂ ਦੇ ਵਿਕਾਸ ਲਈ ਰੱਖੇ ਗਏ ਹਨ। ਇਸ ਨਾਲ ਛੋਟੇ ਅਤੇ ਸੁਤੰਤਰ ਗ੍ਰੋਸਰੀ ਸਟੋਰਾਂ ਨੂੰ ਵੱਡੀਆਂ ਰਿਟੇਲ ਚੇਨਾਂ ਨਾਲ ਮੁਕਾਬਲਾ ਕਰਨ ਵਿੱਚ ਮਦਦ ਮਿਲੇਗੀ ਅਤੇ ਉਹ ਕਿਸਾਨਾਂ ਤੋਂ ਸਿੱਧਾ ਸਮਾਨ ਖਰੀਦ ਸਕਣਗੇ। ਇਸ ਤੋਂ ਇਲਾਵਾ 750 ਮਿਲੀਅਨ ਡਾਲਰ ਗ੍ਰੀਨਹਾਊਸ ਅਤੇ ਹਾਈਡ੍ਰੋਪੋਨਿਕ ਤਕਨੀਕਾਂ ਦੇ ਵਿਕਾਸ ਲਈ ਖਰਚੇ ਜਾਣਗੇ, ਜਿਸ ਨਾਲ ਸਾਲ ਭਰ ਫਲਾਂ ਅਤੇ ਸਬਜ਼ੀਆਂ ਦਾ ਉਤਪਾਦਨ ਵਧਾਇਆ ਜਾ ਸਕੇਗਾ, ਖਾਸ ਕਰਕੇ ਪਿੰਡਾਂ ਅਤੇ ਉੱਤਰੀ ਇਲਾਕਿਆਂ ਵਿੱਚ। ਪ੍ਰਧਾਨ ਮੰਤਰੀ ਕਾਰਨੀ ਨੇ ਕਿਹਾ ਕਿ ਭਾਵੇਂ ਕੈਨੇਡਾ ਦੁਨੀਆ ਦੇ ਸਭ ਤੋਂ ਵੱਡੇ ਖੇਤੀਬਾੜੀ ਨਿਰਯਾਤਕਾਂ ਵਿੱਚੋਂ ਇੱਕ ਹੈ, ਪਰ ਆਮ ਲੋਕਾਂ ਨੂੰ ਇਸਦਾ ਲਾਭ ਗਰੋਸਰੀ ਦੀਆਂ ਦੁਕਾਨਾਂ @ਤੇ ਨਹੀਂ ਦਿਸਦਾ। ਉਨ੍ਹਾਂ ਦੱਸਿਆ ਕਿ 2019 ਤੋਂ ਬਾਅਦ ਗ੍ਰੋਸਰੀ ਦੀਆਂ ਕੀਮਤਾਂ ਵਿੱਚ ਲਗਭਗ 35 ਫੀ ਸਦੀ ਵਾਧਾ ਹੋ ਚੁੱਕਿਆ ਹੈ ਅਤੇ ਇੱਕ ਔਸਤ ਕੈਨੇਡੀਅਨ ਪਰਿਵਾਰ ਹਰ ਸਾਲ ਕਰੀਬ 10,000 ਡਾਲਰ ਖਾਣ-ਪੀਣ @ਤੇ ਖਰਚ ਕਰ ਰਿਹਾ ਹੈ। ਸਰਕਾਰ ਦਾ ਕਹਿਣਾ ਹੈ ਕਿ ਕੈਨੇਡਾ ਆਪਣੀਆਂ ਤਾਜ਼ੀਆਂ ਫਲਾਂ ਦੀਆਂ ਲੋੜਾਂ ਦਾ ਲਗਭਗ 90 ਫੀ ਸਦੀ ਅਤੇ ਸਬਜ਼ੀਆਂ ਦੀਆਂ ਲੋੜਾਂ ਦਾ 70 ਫੀ ਸਦੀ ਤੋਂ ਵੱਧ ਹਿੱਸਾ ਦਰਾਮਦ ਕਰਦਾ ਹੈ। ਨਵੀਂ ਰਣਨੀਤੀ ਦਾ ਉਦੇਸ਼ ਇਸ ਨਿਰਭਰਤਾ ਨੂੰ ਘਟਾ ਕੇ ਦੇਸ਼ ਵਿੱਚ ਹੀ ਵੱਧ ਉਤਪਾਦਨ ਅਤੇ ਪ੍ਰੋਸੈਸਿੰਗ ਨੂੰ ਉਤਸ਼ਾਹਿਤ ਕਰਨਾ ਹੈ।

ਨਸੀਰੂਦੀਨ ਸ਼ਾਹ, ਦਿਲਜੀਤ ਦੋਸਾਂਝ, ਵੇਦਾਂਗ ਰੈਨਾ ਅਤੇ ਸ਼ਰਵਰੀ ਅਭਿਨੀਤ, "ਮੈਂ ਵਾਪਸ ਆਉਂਗਾ" ਸਿਰਫ਼ ਇੱਕ ਪ੍ਰੇਮ ਕਹਾਣੀ ਨਹੀਂ ਹੈ, ਸਗੋਂ ਭਾਰਤ-ਪਾਕਿਸਤਾਨ ਵੰਡ ਦੇ ਦਰਦ ਦੀ ਕਹਾਣੀ ਹੈ, ਜੋ ਕਿ ਇੱਕ ਪੂਰੀ ਪੀੜ੍ਹੀ ਲਈ ਅੰਤਮ ਸਦਮਾ ਹੈ। ਫਿਰ ਵੀ, ਉਸ ਭਿਆਨਕ ਸਮੇਂ ਦੇ ਚਿੱਤਰਣ ਦੇ ਬਾਵਜੂਦ, ਇਸ ਫਿਲਮ ਵਿੱਚ ਨਫ਼ਰਤ ਦਾ ਇੱਕ ਨਿਸ਼ਾਨ ਵੀ ਨਹੀਂ ਹੈ। ਪੂਰੀ ਸਮੀਖਿਆ ਪੜ੍ਹੋ।

ਇਮਤਿਆਜ਼ ਦੀ ਸਭ ਤੋਂ ਵਧੀਆ ਪ੍ਰੇਮ ਕਹਾਣੀ ਵਿੱਚ ਵੰਡ ਹੈ ਟਰੈਜਡੀ

ਐਕਟਿੰਗ ਦੀ ਮਾਸਟਰ ਕਲਾਸ ਹੈ ਫ਼ਿਲਮ "ਮੈਂ ਵਾਪਸ ਆਉਂਗਾ"

ਜਦੋਂ ਕਹਾਣੀ ਦੀਆਂ ਭਾਵਨਾਵਾਂ ਦਿਲ ਨੂੰ ਬਰਫੀਲੇ ਤੂਫ਼ਾਨ ਵਾਂਗ ਮਾਰਦੀਆਂ ਹਨ, ਜਿਸ ਨਾਲ ਬਚਣ ਲਈ ਕੋਈ ਜਗ੍ਹਾ ਨਹੀਂ ਰਹਿੰਦੀ। ਜਦੋਂ ਇਹ ਅਪ੍ਰਸੰਗਿਕ ਹੋ ਜਾਂਦਾ ਹੈ ਕਿ ਤੁਸੀਂ ਆਪਣੇ ਆਪ ਨੂੰ ਕਿੰਨੀ ਮਜ਼ਬੂਤੀ ਨਾਲ ਫੜਦੇ ਹੋ। ਜਦੋਂ ਅਣ-ਪ੍ਰਗਟ ਭਾਵਨਾਵਾਂ ਤੁਹਾਡੇ ਦਿਲ ਦੇ ਕੋਨੇ-ਕੋਨੇ ਵਿੱਚ ਉੱਠਣ ਲੱਗਦੀਆਂ ਹਨ, ਜਿੱਥੇ ਤੁਹਾਨੂੰ ਪਤਾ ਵੀ ਨਹੀਂ ਸੀ ਕਿ ਉਹ ਮੌਜੂਦ ਹਨ - ਤਾਂ ਤੁਸੀਂ ਇੱਕ ਸੱਚਮੁੱਚ ਇੱਕ ਸ਼ਾਨਦਾਰ ਪ੍ਰੇਮ ਕਹਾਣੀ 'ਤੇ ਠੋਕਰ ਖਾਂਦੇ ਹੋ। ਅਤੇ ਇਮਤਿਆਜ਼ ਦੀ "ਮੈਂ ਵਾਪਸੀ ਆਉਂਗਾ" ਉਹ ਪ੍ਰੇਮ ਕਹਾਣੀ ਹੈ। ਨਸੀਰੂਦੀਨ ਸ਼ਾਹ ਇੱਕ ਬਜ਼ੁਰਗ ਸਰਦਾਰ ਦੀ ਭੂਮਿਕਾ ਨਿਭਾਉਂਦੇ ਹਨ ਜੋ ਵੰਡ ਦੌਰਾਨ ਪੰਜਾਬ ਆਉਂਦਾ ਹੈ। ਸਰਗੋਧਾ ਵਿੱਚ ਉਸਦਾ ਘਰ ਅਤੇ ਜ਼ਮੀਨ, ਜਿਸਨੂੰ 1947 ਵਿੱਚ ਪਾਕਿਸਤਾਨ ਵਿੱਚ ਮਿਲਾ ਲਿਆ ਗਿਆ ਸੀ, ਅਜੇ ਵੀ ਉਸਦੇ ਦਿਲ ਵਿੱਚ ਵੱਸਦਾ ਹੈ। ਜਿਵੇਂ-ਜਿਵੇਂ ਉਸਦੀ ਸਿਹਤ ਵਿਗੜਦੀ ਜਾਂਦੀ ਹੈ, ਸਰਦਾਰ ਜੀ ਨੂੰ ਆਪਣਾ ਪਹਿਲਾ ਪਿਆਰ ਯਾਦ ਆਉਣ ਲੱਗਦਾ ਹੈ। ਉਸਦਾ ਉਪਨਾਮ ਕੀਨੂ ਸੀ। ਨੌਜਵਾਨ ਕੀਨੂ (ਵੇਦਾਂਗ ਰੈਨਾ) ਆਪਣੇ ਕਾਲਜ ਦੇ ਸਾਥੀ, ਜੀਆ (ਸ਼ਰਵਰੀ) ਨਾਲ ਪਿਆਰ ਵਿੱਚ ਪੈ ਜਾਂਦਾ ਹੈ। ਆਪਣੇ ਪਿਆਰ ਨੂੰ ਯਾਦ ਕਰਦੇ ਹੋਏ, ਸਰਦਾਰ ਜੀ ਮੌਤ ਦੇ ਕੰਢੇ ਖੜ੍ਹਾ ਹੈ, ਪਰ ਉਹ ਸਾਹ ਨਹੀਂ ਲੈ ਸਕਦਾ। ਸਰਦਾਰ ਜੀ ਦਾ ਪੋਤਾ, ਨਿਰਵੈਰ (ਦਿਲਜੀਤ ਦੋਸਾਂਝ), ਇੱਕ ਉਲਝਿਆ ਹੋਇਆ ਆਦਮੀ ਹੈ ਜੋ ਆਪਣੀ ਪ੍ਰੇਮਿਕਾ (ਬਨੀਤਾ ਸੰਧੂ) ਨਾਲ ਆਪਣੇ ਰਿਸ਼ਤੇ ਵਿੱਚ ਵਚਨਬੱਧਤਾ ਤੋਂ ਡਰਦਾ ਹੈ। ਉਸਦੀ ਵਿਦੇਸ਼ ਵਿੱਚ ਇੱਕ ਉੱਚ-ਤਨਖਾਹ ਵਾਲੀ ਨੌਕਰੀ ਹੈ, ਪਰ ਉਹ ਆਪਣੇ ਜਨੂੰਨ ਨੂੰ ਸੰਤੁਸ਼ਟ ਕਰਨ ਲਈ ਸਟੈਂਡ-ਅੱਪ ਕਾਮੇਡੀ ਵਿੱਚ ਹੱਥ ਅਜ਼ਮਾਉਂਦਾ ਹੈ। ਉਹ ਆਪਣੇ ਦਾਦਾ ਜੀ ਦੀ ਖ਼ਬਰ ਸੁਣ ਕੇ ਵਾਪਸ ਆਉਂਦਾ ਹੈ, ਅਤੇ ਸਾਡੀ ਕਹਾਣੀ ਉਲਝ ਜਾਂਦੀ ਹੈ। ਸਰਦਾਰ ਜੀ ਅਜੀਬ ਬਿਆਨ ਦੇਣਾ ਸ਼ੁਰੂ ਕਰ ਦਿੰਦੇ ਹਨ: ਚੰਦਰਮਾ 'ਤੇ ਇੱਕ ਮੋਚ ਹੈ। ਮੰਗਲ ਦੇ ਲੋਕ ਚੰਦਰਮਾ ਨੂੰ ਜਿੱਤਣ ਦੀ ਕੋਸ਼ਿਸ਼ ਕਰ ਰਹੇ ਹਨ। ਹਿਟਲਰ ਵੀ ਮੰਗਲ ਤੋਂ ਸੀ, ਅਤੇ ਚੀਨ ਦੀ ਮਹਾਨ ਕੰਧ ਚੰਦਰਮਾ ਤੋਂ ਦਿਖਾਈ ਦਿੰਦੀ ਹੈ। ਜਦੋਂ ਨਿਰਵੈਰ ਸਰਦਾਰ ਜੀ ਦੇ ਸ਼ਬਦਾਂ ਨੂੰ ਸਮਝਣਾ ਅਤੇ ਵਿਸ਼ਲੇਸ਼ਣ ਕਰਨਾ ਸ਼ੁਰੂ ਕਰਦਾ ਹੈ, ਤਾਂ ਉਸਨੂੰ ਅਹਿਸਾਸ ਹੁੰਦਾ ਹੈ ਕਿ ਇਹ ਪ੍ਰਤੀਕ - ਚੰਦਰਮਾ, ਮੰਗਲ ਅਤੇ ਅੱਗ - ਕਿੰਨੇ ਸ਼ਕਤੀਸ਼ਾਲੀ ਅਤੇ ਸਹੀ ਹਨ। ਉਸਨੂੰ ਅਹਿਸਾਸ ਹੁੰਦਾ ਹੈ ਕਿ ਉਸਦੇ ਦਾਦਾ ਜੀ ਦੀ ਜ਼ਿੰਦਗੀ ਕਿਸੇ ਅਧੂਰੇ ਕੰਮ ਲਈ ਲਟਕ ਰਹੀ ਹੈ, ਅਤੇ ਉਹ ਇਸਨੂੰ ਪੂਰਾ ਕਰਨ ਲਈ ਸਰਗੋਧਾ ਜਾਣਾ ਚਾਹੁੰਦਾ ਹੈ। ਇਹ ਕਾਰੋਬਾਰ ਕੀਨੂ ਅਤੇ ਜੀਆ ਦੀ ਪ੍ਰੇਮ ਕਹਾਣੀ ਨਾਲ ਜੁੜਿਆ ਹੋਇਆ ਹੈ। ਭਾਰਤ ਅਤੇ ਪਾਕਿਸਤਾਨ ਦੀ ਵੰਡ ਇਸ ਪ੍ਰੇਮ ਕਹਾਣੀ ਵਿੱਚ ਇੱਕ ਦੁਖਾਂਤ ਬਣ ਗਈ। ਨਿਰਵੈਰ ਆਪਣੇ ਦਾਦਾ ਜੀ ਦੀਆਂ ਯਾਦਾਂ ਨੂੰ ਖੋਲ੍ਹਣ ਲਈ ਨਿਕਲਦਾ ਹੈ, ਵੰਡ ਦੌਰਾਨ ਉਸਦੇ ਪਰਿਵਾਰ ਨਾਲ ਵਾਪਰੀਆਂ ਘਟਨਾਵਾਂ ਬਾਰੇ ਜਾਣ ਕੇ। ਉਸਨੂੰ ਸਰਦਾਰ ਜੀ ਦੇ ਆਖਰੀ ਸਾਹਾਂ ਵਾਲੀ ਗੰਢ ਨੂੰ ਖੋਲ੍ਹਣਾ ਪੈਂਦਾ ਹੈ, ਤਾਂ ਜੋ ਇੰਨੀ ਲੰਬੀ ਅਤੇ ਦੁਖਦਾਈ ਜ਼ਿੰਦਗੀ ਜੀਉਣ ਤੋਂ ਬਾਅਦ, ਉਹ ਘੱਟੋ ਘੱਟ ਇਸ ਦੁਨੀਆਂ ਤੋਂ ਸ਼ਾਂਤੀ ਨਾਲ ਵਿਦਾ ਹੋ ਸਕੇ। ਕੀ ਨਿਰਵੈਰ, ਜੋ ਵਚਨਬੱਧਤਾ ਨਾਲ ਘੁੱਟਿਆ ਹੋਇਆ ਸੀ, ਉਸ ਗੰਢ ਨੂੰ ਖੋਲ੍ਹਣ ਦੇ ਯੋਗ ਹੋਵੇਗਾ? ਕੀ ਉਹ ਕੀਨੂ ਅਤੇ ਜੀਆ ਦੀ ਪ੍ਰੇਮ ਕਹਾਣੀ ਵਿੱਚ ਗੰਢ ਨੂੰ ਖੋਲ੍ਹਣ ਦੇ ਯੋਗ ਹੋਵੇਗਾ? ਇਹ "ਮੈਂ ਵਾਪਸ ਆਵਾਂਗਾ" ਦੀ ਕਹਾਣੀ ਹੈ। ਇਮਤਿਆਜ਼ ਅਲੀ ਦੀ ਫਿਲਮ ਵਿੱਚ ਇੱਕ ਨਹੀਂ ਬਲਕਿ ਦੋ ਪ੍ਰੇਮ ਕਹਾਣੀਆਂ ਹਨ - ਕੀਨੂ ਅਤੇ ਜੀਆ, ਅਤੇ ਨਾਲ ਹੀ ਸਰਦਾਰ ਜੀ ਅਤੇ ਸਰਗੋਧਾ ਵਿਚਕਾਰ ਇੱਕ ਪ੍ਰੇਮ ਕਹਾਣੀ। ਦੋਵਾਂ ਕਹਾਣੀਆਂ ਵਿੱਚ ਦੁਖਾਂਤ ਇੱਕੋ ਜਿਹਾ ਹੈ: ਵੰਡ। ਜਦੋਂ ਕੀਨੂ ਪਿਆਰ ਵਿੱਚ ਪਾਗਲ ਸੀ, ਲੋਕ ਇੱਕੋ ਸਮੇਂ ਵੰਡ ਦੀ ਨਫ਼ਰਤ ਤੋਂ ਪਾਗਲ ਸਨ। 'ਮੈਂ ਵਾਪਸੀ ਆਉਂਗਾ' ਤੁਹਾਨੂੰ ਵੰਡ ਦਾ ਉਹ ਪੱਖ ਦਿਖਾਉਂਦੀ ਹੈ ਜੋ ਪੰਜਾਬ ਦੀ ਇੱਕ ਪੂਰੀ ਪੀੜ੍ਹੀ ਨੇ ਨਿੱਜੀ ਤੌਰ 'ਤੇ ਅਨੁਭਵ ਕੀਤਾ। ਅਤੇ ਨਿੱਜੀ ਤੋਂ ਵੱਧ ਕੁਝ ਵੀ ਸਰਵ ਵਿਆਪਕ ਨਹੀਂ ਹੈ। ਇਮਤਿਆਜ਼ ਦੀ ਫਿਲਮ ਵੰਡ ਨੂੰ ਇਸਦੇ ਰਾਜਨੀਤਿਕ ਅਤੇ ਧਾਰਮਿਕ ਰੂਪਾਂ ਵਿੱਚ ਨਹੀਂ ਦਰਸਾਉਂਦੀ, ਜੋ ਅਸੀਂ ਅਜਿਹੀਆਂ ਕਹਾਣੀਆਂ ਵਿੱਚ ਅਕਸਰ ਦੇਖਿਆ ਹੈ। ਇਸ ਕਹਾਣੀ ਵਿੱਚ ਕੋਈ ਦਿਖਾਈ ਦੇਣ ਵਾਲਾ ਖਲਨਾਇਕ ਨਹੀਂ ਹੈ। 'ਮੈਂ ਵਾਪਸੀ ਆਉਂਗਾ' ਵਿੱਚ ਖਲਨਾਇਕ ਵੰਡ ਹੈ, ਅਤੇ ਇਹ ਕਹਾਣੀ ਦੇ ਮੁੱਖ ਪਾਤਰ ਜਾਂ ਪਾਤਰਾਂ ਦੀ ਪਹੁੰਚ ਤੋਂ ਬਹੁਤ ਪਰੇ ਹੈ। ਆਪਣੇ ਇੱਕ ਸਟੈਂਡ-ਅੱਪ ਐਕਟ ਵਿੱਚ, ਨਿਰਵੈਰ ਰੈਡਕਲਿਫ ਲਾਈਨ ਦੀ ਕਹਾਣੀ ਸੁਣਾਉਂਦਾ ਹੈ, ਜਿਸਨੇ ਭਾਰਤ ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ। ਕਿਵੇਂ ਇੱਕ ਆਦਮੀ, ਦਿੱਲੀ ਦੇ ਬੰਗਲੇ ਵਿੱਚ ਬੈਠਾ, ਇੱਕ ਦੇਸ਼ ਨੂੰ ਪੰਜ ਹਫ਼ਤਿਆਂ ਵਿੱਚ ਦੋ ਹਿੱਸਿਆਂ ਵਿੱਚ ਵੰਡਣ ਵਾਲੀ ਇੱਕ ਲਕੀਰ ਖਿੱਚਦਾ ਸੀ। ਕੀਨੂ ਅਤੇ ਜੀਆ ਦੀ ਪ੍ਰੇਮ ਕਹਾਣੀ ਵਿੱਚ, ਤੁਸੀਂ ਦੰਗੇ ਦੇਖਦੇ ਹੋ ਜੋ ਵੰਡ ਦੇ ਸਿਰਫ਼ ਸੰਕੇਤ 'ਤੇ ਭੜਕੇ ਸਨ, ਇੱਥੋਂ ਤੱਕ ਕਿ ਲਕੀਰ ਖਿੱਚਣ ਤੋਂ ਪਹਿਲਾ

ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ ਜੀ ਵਿਖੇ ਬੇਅਦਬੀ ਦੀ ਕੋਸ਼ਿਸ਼ ਨਿੰਦਣਯੋਗ: ਪੰਡੋਰੀ

ਅੰਮ੍ਰਿਤਸਰ, 12 ਜੂਨ (ਬਬਲੂ ਮਹਾਜਨ) : ਸ਼੍ਰੋਮਣੀ ਅਕਾਲੀ ਦਲ ਬੀ ਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਅਤੇ ਵਾਰਡ ਨੰਬਰ 43 ਦੇ ਕੌਂਸਲਰ ਇੰਦਰਜੀਤ ਸਿੰਘ ਪੰਡੋਰੀ ਨੇ ਸੱਚਖੰਡ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਧੀਨ ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ ਵਿਖੇ ਹੋਈ ਬੇਅਦਬੀ ਦੀ ਕੋਸ਼ਿਸ਼ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਸਮੁੱਚੀ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀਆਂ ਹਨ ਅਤੇ ਇਨ੍ਹਾਂ ਨੂੰ ਕਿਸੇ ਵੀ ਹਾਲਤ ਵਿੱਚ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਪੰਡੋਰੀ ਨੇ ਕਿਹਾ ਕਿ ਗੁਰਦੁਆਰੇ ਅਤੇ ਧਾਰਮਿਕ ਅਸਥਾਨ ਸ਼ਰਧਾ ਅਤੇ ਆਸਥਾ ਦੇ ਕੇਂਦਰ ਹਨ, ਜਿੱਥੇ ਇਸ ਤਰ੍ਹਾਂ ਦੀਆਂ ਨਾਪਾਕ ਹਰਕਤਾਂ ਕਰਨ ਵਾਲੇ ਅਨਸਰ ਸਮਾਜ ਵਿੱਚ ਫੁੱਟ ਪਾਉਣ ਅਤੇ ਅਮਨ-ਸ਼ਾਂਤੀ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰਦੇ ਹਨ। ਉਨ੍ਹਾਂ ਕਿਹਾ ਕਿ ਦੋਸ਼ੀਆਂ ਦੀ ਪਛਾਣ ਕਰਕੇ ਉਨ੍ਹਾਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ, ਤਾਂ ਜੋ ਭਵਿੱਖ ਵਿੱਚ ਕੋਈ ਵੀ ਅਜਿਹੀ ਘਟਨਾ ਕਰਨ ਦੀ ਹਿੰਮਤ ਨਾ ਕਰ ਸਕੇ।ਉਨ੍ਹਾਂ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਨੂੰ ਅਪੀਲ ਕੀਤੀ ਕਿ ਸੂਬੇ ਦੇ ਸਮੂਹ ਗੁਰਦੁਆਰਿਆਂ ਅਤੇ ਧਾਰਮਿਕ ਸਥਾਨਾਂ ਦੀ ਸੁਰੱਖਿਆ ਹੋਰ ਮਜ਼ਬੂਤ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਬੇਅਦਬੀ ਦੀਆਂ ਘਟਨਾਵਾਂ ਨੇ ਸੰਗਤਾਂ ਵਿੱਚ ਚਿੰਤਾ ਪੈਦਾ ਕੀਤੀ ਹੈ ਅਤੇ ਇਨ੍ਹਾਂ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਕਦਮ ਚੁੱਕਣੇ ਸਮੇਂ ਦੀ ਲੋੜ ਹਨ।

ਨਸ਼ਾ ਵਿਰੋਧੀ ਪ੍ਰੋਗਰਾਮ ਦੌਰਾਨ ਹਰਭਜਨ ਸਿੰਘ ਈ.ਟੀ.ਓ. ਨੇ ਨੌਜਵਾਨਾਂ ਨੂੰ ਨਸ਼ਿਆਂ ਖ਼ਿਲਾਫ਼ ਡਟ ਕੇ ਖੜ੍ਹਨ ਦਾ ਦਿੱਤਾ ਸੱਦਾ

ਯੁੱਧ ਨਸ਼ਿਆਂ ਵਿਰੁੱਧ ਲੜਾਈ ਵਿੱਚ ਲੋਕ ਵੱਡੀ ਤਦਾਦ ਵਿੱਚ ਆਏ ਅੱਗੇ

ਜੰਡਿਆਲਾ ਗੁਰੂ, 12 ਜੂਨ (ਰਾਮ ਸ਼ਰਨਜੀਤ ਸਿੰਘ) : ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਜਾ ਰਹੀ ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਉਦੇਸ਼ ਨਾਲ ਅੱਜ ਜੰਡਿਆਲਾ ਗੁਰੂ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਵਿਰੋਧੀ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਦੀ ਅਗਵਾਈ ਹੇਠ ਪਿੰਡਾਂ ਦੇ ਸਰਪੰਚਾਂ, ਯੂਥ ਕਲੱਬਾਂ, ਯੂਨੀਅਨਾਂ ਦੇ ਨੁਮਾਇੰਦਿਆਂ ਅਤੇ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨਾਲ ਇੱਕ ਵਿਸ਼ੇਸ਼ ਮੀਟਿੰਗ ਵੀ ਕੀਤੀ ਗਈ।ਮੀਟਿੰਗ ਨੂੰ ਸੰਬੋਧਨ ਕਰਦਿਆਂ ਕੈਬਨਿਟ ਮੰਤਰੀ ਸ੍ਰ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਪੰਜਾਬ ਸਰਕਾਰ ਨਸ਼ਿਆਂ ਨੂੰ ਜੜ੍ਹੋਂ ਖਤਮ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਇਸ ਮੁਹਿੰਮ ਨੂੰ ਲੋਕ ਲਹਿਰ ਬਣਾਉਣ ਲਈ ਸਮਾਜ ਦੇ ਹਰ ਵਰਗ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਨੌਜਵਾਨ ਸਾਡੇ ਦੇਸ਼ ਅਤੇ ਪੰਜਾਬ ਦਾ ਭਵਿੱਖ ਹਨ ਅਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰੱਖਣਾ ਸਾਡੀ ਸਾਂਝੀ ਜ਼ਿੰਮੇਵਾਰੀ

ਹੈ।ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਨਸ਼ਿਆਂ ਦੇ ਖ਼ਿਲਾਫ਼ ਡੱਟ ਕੇ ਖੜ੍ਹਣ ਅਤੇ ਆਪਣੇ ਪਿੰਡਾਂ ਅਤੇ ਇਲਾਕਿਆਂ ਵਿੱਚ ਜਾਗਰੂਕਤਾ ਫੈਲਾਉਣ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਜੇਕਰ ਅਸੀਂ ਸਾਰੇ ਮਿਲ ਕੇ ਇੱਕਜੁੱਟ ਹੋ ਕੇ ਇਸ ਸਮਾਜਿਕ ਬੁਰਾਈ ਵਿਰੁੱਧ ਸੰਘਰਸ਼ ਕਰੀਏ ਤਾਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਦਾ ਸੁਪਨਾ ਜ਼ਰੂਰ ਸਾਕਾਰ ਹੋ ਸਕਦਾ ਹੈ।ਲੋਕ ਨਿਰਮਾਣ ਮੰਤਰੀ ਨੇ ਸਰਪੰਚਾਂ, ਯੂਨੀਅਨਾਂ ਅਤੇ ਡਿਫੈਂਸ ਕਮੇਟੀਆਂ ਦੇ ਮੈਂਬਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ-ਆਪਣੇ ਖੇਤਰਾਂ ਵਿੱਚ ਨਸ਼ਾ ਵਿਰੋਧੀ ਗਤੀਵਿਧੀਆਂ ਨੂੰ ਹੋਰ ਤੇਜ਼ ਕਰਨ, ਨੌਜਵਾਨਾਂ ਨੂੰ ਖੇਡਾਂ, ਸਿੱਖਿਆ ਅਤੇ ਸਮਾਜਿਕ ਕਾਰਜਾਂ ਨਾਲ ਜੋੜਨ ਅਤੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਲੋਕਾਂ ਨੂੰ ਜਾਗਰੂਕ ਕਰਨ। ਉਨ੍ਹਾਂ ਦੱਸਿਆ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਹੁਣ ਤੱਕ 60 ਹਜ਼ਾਰ ਨਸ਼ਾ ਤਸਕਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ 90 ਹਜ਼ਾਰ ਤੋਂ ਵੱਧ ਨਸ਼ਾ ਪੀੜਤ ਵਿਅਕਤੀਆਂ ਦਾ ਇਲਾਜ ਨਸ਼ਾ ਛੁਡਾਊ ਕੇਂਦਰਾਂ ਵਿਖੇ ਸਰਕਾਰ ਵੱਲੋਂ ਮੁਫਤ ਵਿੱਚ ਕਰਵਾਇਆ ਗਿਆ ਹੈ। ਉਨ੍ਹਾਂ ਦੱਸਿਆ ਕਿ ਹਰੇਕ ਪਿੰਡ ਵਿੱਚ ਈ-ਰਿਕਸ਼ਾ ਚਲਾਏ ਗਏ ਹਨ ਜਿੰਨਾਂ ਵਿੱਚ ਇਕ ਸ਼ਿਕਾਇਤ ਬਕਸਾ ਵੀ ਲਗਾਇਆ ਗਿਆ ਹੈ ਜਿਸ ਵਿੱਚ ਲੋਕ ਨਸ਼ਾ ਤਸਕਰਾਂ ਖਿਲਾਫ ਬਿਨਾਂ ਆਪਣੀ ਪਹਿਚਾਣ ਦੱਸੇ ਸ਼ਿਕਾਇਤ ਦਰਜ ਸਕ ਸਕਣਗੇ। ਉਨ੍ਹਾਂ ਕਿਹਾ ਕਿ ਸ਼ਿਕਾਇਤ ਬਕਸੇ ਵਿੱਚ ਜਿਸ ਵੀ ਨਸ਼ਾ ਤਸਕਰ ਦੀ ਸੂਚਨਾ ਮਿਲੇਗੀ ਦੇ ਖਿਲਾਫ ਤੁਰੰਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਇਸ ਮੀਟਿੰਗ ਵਿੱਚ ਨਸ਼ਾ ਮੁਕਤੀ ਮੋਰਚਾ ਦਿਹਾਤੀ ਦੇ ਪ੍ਰਧਾਨ ਕੁਲਦੀਪ ਸਿੰਘ, ਵਾਈਸ ਪ੍ਰਧਾਨ ਨਿਰਵੈਲ ਸਿੰਘ, ਕੌਂਸਲਰ ਸਤਿੰਦਰ ਸਿੰਘ, ਕੌਂਸਲਰ ਰਾਜ ਕੁਮਾਰ ਮਲਹੋਤਰਾ, ਬੀ:ਡੀ:ਪੀ:ਓ ਸ੍ ਮਲਕੀਤ ਸਿੰਘ, ਚੇਅਰਮੈਨ ਗੁਰਵਿੰਦਰ ਸਿੰਘ, ਸੂਬੇਦਾਰ ਸ਼ਨਾਖ ਸਿੰਘ, ਬਲਾਕ ਪ੍ਰਧਾਨ ਕੇਵਲ ਸਿੰਘ, ਸਰਪੰਚ ਅਮਰੀਕ ਸਿੰਘ, ਤਹਿਸੀਲਦਾਰ ਅਕਵਿੰਦਰ ਕੌਰ, ਐਸ:ਸੀ ਵਿੰਗ ਦੇ ਹਲਕਾ ਇੰਚਾਰਜ ਮਨਜੀਤ ਸਿੰਘ, ਸਮਸ਼ੇਰ ਸਿੰਘ, ਅਜੈਬੀਰ ਸਿੰਘ, ਮੌਲਾ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਵਾਲੰਟੀਅਰਜ, ਡਿਫੈਂਸ ਕਮੇਟੀਆਂ ਦੇ ਮੈਂਬਰ ਅਤੇ ਸਰਪੰਚ ਹਾਜਰ ਸਨ।

ਰਾਜਿੰਦਰ ਸਿੰਘ ਨੇ ਚੋਣ ਤਹਿਸੀਲਦਾਰ ਅੰਮ੍ਰਿਤਸਰ ਦਾ ਅਹੁਦਾ ਸੰਭਾਲਿਆ

ਅੰਮ੍ਰਿਤਸਰ, 12 ਜੂਨ (ਬਬਲੂ ਮਹਾਜਨ): ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਹੁਕਮਾਂ ਅਨੁਸਾਰ ਰਾਜਿੰਦਰ ਸਿੰਘ ਨੇ ਅੱਜ ਚੋਣ ਤਹਿਸੀਲਦਾਰ, ਅੰਮ੍ਰਿਤਸਰ ਵਜੋਂ ਆਪਣਾ ਅਹੁਦਾ ਸੰਭਾਲ ਲਿਆ। ਇਸ ਮੌਕੇ ਰਾਜਿੰਦਰ ਸਿੰਘ ਨੇ ਕਿਹਾ ਕਿ ਭਾਰਤ ਚੋਣ ਕਮਿਸ਼ਨ ਅਤੇ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਜਾਰੀ ਹਦਾਇਤਾਂ ਦੀ ਪੂਰੀ ਤਨਦੇਹੀ ਨਾਲ ਪਾਲਣਾ ਨੂੰ ਯਕੀਨੀ ਬਣਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਵੋਟਰ ਸੂਚੀਆਂ ਦੀ ਸ਼ੁੱਧਤਾ, ਨਵੇਂ ਯੋਗ ਵੋਟਰਾਂ ਦੀ ਰਜਿਸਟ੍ਰੇਸ਼ਨ, ਵੋਟਰ ਜਾਗਰੂਕਤਾ ਗਤੀਵਿਧੀਆਂ ਅਤੇ ਚੋਣ ਪ੍ਰਕਿਰਿਆ ਨੂੰ ਪਾਰਦਰਸ਼ੀ, ਨਿਰਪੱਖ ਅਤੇ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨਾ ਉਨ੍ਹਾਂ ਦੀ ਪ੍ਰਮੁੱਖ ਤਰਜੀਹ ਹੋਵੇਗੀ।ਉਨ੍ਹਾਂ ਕਿਹਾ ਕਿ ਲੋਕਤੰਤਰ ਨੂੰ ਮਜ਼ਬੂਤ ਕਰਨ ਵਿੱਚ ਹਰ ਯੋਗ ਨਾਗਰਿਕ ਦੀ ਭਾਗੀਦਾਰੀ ਬਹੁਤ ਮਹੱਤਵਪੂਰਨ ਹੈ ਅਤੇ ਇਸ ਲਈ ਚੋਣ ਵਿਭਾਗ ਵੱਲੋਂ ਵੋਟਰਾਂ ਨੂੰ ਵੱਧ ਤੋਂ ਵੱਧ ਸਹੂਲਤਾਂ ਪ੍ਰਦਾਨ ਕੀਤੀਆਂ ਜਾਣਗੀਆਂ। ਉਨ੍ਹਾਂ ਸਮੂਹ ਅਧਿਕਾਰੀਆਂ ਅਤੇ ਕਰਮਚਾਰੀਆਂ ਨੂੰ ਟੀਮ ਭਾਵਨਾ ਨਾਲ ਕੰਮ ਕਰਨ ਅਤੇ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਹਰ ਕਾਰਜ ਨੂੰ ਸਮੇਂ ਸਿਰ ਮੁਕੰਮਲ ਕਰਨ ਲਈ ਪ੍ਰੇਰਿਤ ਕੀਤਾ।ਅਹੁਦਾ ਸੰਭਾਲਣ ਮੌਕੇ ਦਫ਼ਤਰ ਦੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਰਾਜਿੰਦਰ ਸਿੰਘ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਨਵੀਂ ਜ਼ਿੰਮੇਵਾਰੀ ਲਈ ਸ਼ੁਭਕਾਮਨਾਵਾਂ ਦਿੱਤੀਆਂ। ਇਸ ਮੌਕੇ ਚੋਣ ਸ਼ਾਖਾ ਨਾਲ ਸਬੰਧਤ ਅਧਿਕਾਰੀ ਅਤੇ ਕਰਮਚਾਰੀ ਵੀ ਹਾਜ਼ਰ ਸਨ।

ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਜੋੜ ਮੇਲਾ ਮਨਾਇਆ

ਚੋਗਾਵਾਂ, 12 ਜੂਨ (ਸੁਬੇਗ਼ ਸਿੰਘ ਸੋਨਾ): ਗੁਰਦੁਆਰਾ ਸ਼ਹੀਦ ਬਾਬਾ ਦੀਪ ਸਿੰਘ ਸਾਹਿਬ ਜੀ (ਛਾਉਣੀ ਨਿਹੰਗ ਸਿੰਘ) ਹਲਕਾ ਰਾਜਾਸਾਂਸੀ ਦੇ ਅਧੀਨ ਆਉਂਦੇ ਪਿੰਡ ਡੱਗਰੂਤ ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਸ਼ਹੀਦੀ ਜੋੜ ਮੇਲਾ ਮੌਜੂਦਾ ਮੁਖੀ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ ਨਨਕਾਣਾ ਸਾਹਿਬ ਵਾਲਿਆਂ ਦੀ ਅਗਵਾਈ ਹੇਠ ਗੁਰਦੁਆਰਾ ਸਾਹਿਬ ਦੇ ਮੁਖੀ ਬਾਬਾ ਮਾਨ ਸਿੰਘ ਵੱਲੋਂ ਸਮੂਹ ਪਿੰਡ ਅਤੇ ਇਲਾਕੇ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮਨਾਇਆ ਗਿਆ। ਸ਼੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਸੱਜੇ ਸੁੰਦਰ ਧਾਰਮਿਕ ਦੀਵਾਨਾਂ ਵਿੱਚ ਭਾਈ ਸੁਖਬੀਰ ਸਿੰਘ ਕਵੀਸ਼ਰੀ ਅਤੇ ਦਸ਼ਮੇਸ਼ ਤਰਨਾ ਦਲ ਦੇ ਜਥਿਆਂ, ਅਤੇ ਰਾਗੀ ਢਾਡੀ ਅਤੇ ਕਵੀਸ਼ਰੀ ਜਥੇ ਵੱਲੋਂ ਆਈ ਹੋਈ ਸੰਗਤ ਨੂੰ ਸੂਰਬੀਰ ਯੋਧਿਆਂ ਦਾ ਗੁਰ ਇਤਿਹਾਸ ਸੁਣਾ ਕੇ ਨਿਹਾਲ ਕੀਤਾ ਗਿਆ। ਜੋੜ ਮੇਲੇ ਵਿੱਚ ਦਸ਼ਮੇਸ਼ ਤਰਨਾ ਦਲ ਮਿਸਲ ਬਾਬਾ ਮਾਨ ਸਿੰਘ, ਜਥੇਦਾਰ ਬਾਬਾ ਪ੍ਰਗਟ ਸਿੰਘ, ਜਥੇਦਾਰ ਬਲਬੀਰ ਸਿੰਘ ਭਕਨਾ, ਜਥੇਦਾਰ ਗੁਰਨਾਮ ਸਿੰਘ ਵਡਾਲਾ ਭਿੱਟੇਵੱਡ, ਹਲਕਾ ਇੰਚਾਰਜ ਮੈਡਮ ਸੋਨੀਆ ਮਾਨ, ਜ਼ਿਲ੍ਹਾ ਪ੍ਰੀਸ਼ਦ ਦੇ ਵਾਇਸ ਚੇਅਰਮੈਨ ਲਖਬੀਰ ਸਿੰਘ, ਸਰਪੰਚ ਗੱਜਣ ਸਿੰਘ, ਜੋਬਨ ਝੰਜੋਟੀ, ਸਰਪੰਚ ਕੁਲਦੀਪ ਸਿੰਘ, ਯੂਥ ਪ੍ਰਧਾਨ ਗੁਰ ਸਿਮਰਨ ਸਿੰਘ, ਸਰਪੰਚ ਦਰਬਾਰਾ ਸਿੰਘ, ਰਣਜੀਤ ਸਿੰਘ ਸੋਨਾ ਆਦਿ ਨੇ ਹਾਜ਼ਰੀ ਭਰੀ। ਬਾਬਾ ਮਾਨ ਸਿੰਘ ਵੱਲੋਂ ਸਿੰਘ ਸਾਹਿਬ ਜਥੇਦਾਰ ਬਾਬਾ ਮੇਜਰ ਸਿੰਘ ਸੋਢੀ, ਹਲਕਾ ਇੰਚਾਰਜ ਸੋਨੀਆ ਮਾਨ ਤੇ ਹੋਰਨਾਂ ਨੂੰ ਸਿਰੋਪਾਉ ਪਾਂ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਠੰਡੇ ਮਿੱਠੇ ਜਲ ਦੀਆਂ ਛਬੀਲਾਂ ਅਤੇ ਗੁਰੂ ਕੇ ਲੰਗਰ ਅਤੁੱਟ ਵਰਤੇ। ਸ਼ਾਮ ਨੂੰ ਗੁਰੂ ਦੀਆਂ ਲਾਡਲੀਆਂ ਫੌਜਾਂ ਵੱਲੋਂ ਮਹੱਲਾ ਖੇਡਿਆ ਗਿਆ। ਜਿਸ ਵਿੱਚ ਘੋੜ ਸਵਾਰੀ, ਨੇਜ਼ੇਬਾਜੀ ਅਤੇ ਗਤਕੇ ਦੇ ਜੌਹਰ ਵਿਖਾਏ ਗਏ।

ਬੇਅਦਬੀ ਦੀ ਕੋਸ਼ਿਸ਼ ਸਿੱਖ ਕੌਮ ਦੀਆਂ ਭਾਵਨਾਵਾਂ 'ਤੇ ਹਮਲਾ: ਗਿਆਨੀ ਰਾਮ ਸਿੰਘ ਭਿੰਡਰਾਂ ਵਾਲੇ

ਅੰਮ੍ਰਿਤਸਰ, 12 ਜੂਨ (ਬਬਲੂ ਮਹਾਜਨ): ਦਮਦਮੀ ਟਕਸਾਲ ਦੇ ਮੁਖੀ ਸਿੰਘ ਸਾਹਿਬ ਗਿਆਨੀ ਰਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਅਧੀਨ ਗੁਰਦੁਆਰਾ ਬਾਬਾ ਗੁਰਬਖਸ਼ ਸਿੰਘ ਵਿਖੇ ਹੋਈ ਬੇਅਦਬੀ ਦੀ ਕੋਸ਼ਿਸ਼ ਦੀ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਇਸ ਨੂੰ ਸਿੱਖ ਕੌਮ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਵਾਲੀ ਮੰਦਭਾਗੀ ਘਟਨਾ ਕਰਾਰ ਦਿੱਤਾ ਹੈ।ਜਾਰੀ ਬਿਆਨ ਵਿੱਚ ਗਿਆਨੀ ਰਾਮ ਸਿੰਘ ਖਾਲਸਾ ਭਿੰਡਰਾਂ ਵਾਲਿਆਂ ਨੇ ਕਿਹਾ ਕਿ ਗੁਰਦੁਆਰੇ ਅਤੇ ਗੁਰੂ ਘਰ ਸੰਗਤਾਂ ਦੀ ਆਸਥਾ ਅਤੇ ਸ਼ਰਧਾ ਦੇ ਕੇਂਦਰ ਹਨ। ਅਜਿਹੇ ਪਵਿੱਤਰ ਅਸਥਾਨਾਂ ਵਿੱਚ ਬੇਅਦਬੀ ਕਰਨ ਦੀ ਕੋਸ਼ਿਸ਼ ਕਿਸੇ ਵੀ ਹਾਲਤ ਵਿੱਚ ਸਵੀਕਾਰ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਇਹ ਘਟਨਾ ਸਿਰਫ਼ ਇੱਕ ਧਾਰਮਿਕ ਸਥਾਨ ਨਾਲ ਜੁੜਿਆ ਮਾਮਲਾ ਨਹੀਂ, ਸਗੋਂ ਸਮੁੱਚੀ ਸਿੱਖ ਕੌਮ ਦੇ ਜਜ਼ਬਾਤਾਂ ਨਾਲ ਸੰਬੰਧਿਤ ਹੈ, ਜਿਸ ਕਾਰਨ ਹਰ ਸਿੱਖ ਦੇ ਮਨ ਵਿੱਚ ਗਹਿਰਾ ਦੁੱਖ ਅਤੇ ਰੋਸ ਪਾਇਆ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਬੇਅਦਬੀ ਦੀਆਂ ਲਗਾਤਾਰ ਵਾਪਰ ਰਹੀਆਂ ਘਟਨਾਵਾਂ ਚਿੰਤਾ ਦਾ ਵਿਸ਼ਾ ਹਨ ਅਤੇ ਇਨ੍ਹਾਂ ਦੇ ਪਿੱਛੇ ਕੰਮ ਕਰ ਰਹੀਆਂ ਤਾਕਤਾਂ ਨੂੰ ਬੇਨਕਾਬ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾਂ ਸਰਕਾਰ ਅਤੇ ਜਾਂਚ ਏਜੰਸੀਆਂ ਨੂੰ ਅਪੀਲ ਕੀਤੀ ਕਿ ਇਸ ਮਾਮਲੇ ਦੀ ਨਿਰਪੱਖ ਅਤੇ ਗੰਭੀਰ ਜਾਂਚ ਕਰਕੇ ਦੋਸ਼ੀਆਂ ਦੀ ਪਛਾਣ ਕੀਤੀ ਜਾਵੇ ਅਤੇ ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦਿੱਤੀ ਜਾਵੇ, ਤਾਂ ਜੋ ਭਵਿੱਖ ਵਿੱਚ ਕੋਈ ਵੀ ਅਜਿਹੀ ਘਿਨੌਣੀ ਹਰਕਤ ਕਰਨ ਦੀ ਜੁਰਅਤ ਨਾ ਕਰ ਸਕੇ। ਉਨ੍ਹਾਂ ਸਮੂਹ ਸਿੱਖ ਸੰਗਤ ਨੂੰ ਸ਼ਾਂਤੀ, ਸੰਜਮ ਅਤੇ ਗੁਰਮਤਿ ਅਨੁਸਾਰ ਚੱਲਣ ਦੀ ਅਪੀਲ ਕਰਦਿਆਂ ਕਿਹਾ ਕਿ ਕੌਮ ਨੂੰ ਇਕਜੁੱਟ ਹੋ ਕੇ ਗੁਰੂ ਘਰਾਂ ਦੀ ਪਵਿੱਤਰਤਾ ਅਤੇ ਮਰਿਆਦਾ ਦੀ ਰੱਖਿਆ ਲਈ ਹਮੇਸ਼ਾ ਤਤਪਰ ਰਹਿਣਾ ਚਾਹੀਦਾ ਹੈ। ਉਨ੍ਹਾਂ ਵਿਸ਼ਵਾਸ ਪ੍ਰਗਟਾਇਆ ਕਿ ਸੱਚਾਈ ਸਾਹਮਣੇ ਆਵੇਗੀ ਅਤੇ ਦੋਸ਼ੀਆਂ ਨੂੰ ਕਾਨੂੰਨ ਅਨੁਸਾਰ ਬਣਦੀ ਸਜ਼ਾ ਜ਼ਰੂਰ ਮਿਲੇਗੀ।

ਅੰਮ੍ਰਿਤਸਰ ਰੇਲਵੇ ਸਟੇਸ਼ਨ ਬਾਹਰ ਰਿਸ਼ਵਤਖੋਰੀ ਦੇ ਦੋਸ਼ਾਂ 'ਤੇ ਵਿਵਾਦ, ਮੁਲਾਜ਼ਮਾਂ ਨੇ ਦੋਸ਼ ਨਕਾਰੇ

ਅੰਮ੍ਰਿਤਸਰ, 12 ਜੂਨ (ਬਬਲੂ ਮਹਾਜਨ) : ਰੇਲਵੇ ਸਟੇਸ਼ਨ ਦੇ ਬਾਹਰ ਇੱਕ ਨੌਜਵਾਨ ਵੱਲੋਂ ਜੀਆਰਪੀ ਪੁਲਿਸ ਦੇ ਕੁਝ ਮੁਲਾਜ਼ਮਾਂ ਤੇ ਰਿਸ਼ਵਤ ਲੈਣ ਦੇ ਦੋਸ਼ ਲਗਾਉਣ ਤੋਂ ਬਾਅਦ ਮਾਮਲਾ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਸੋਸ਼ਲ ਮੀਡੀਆ ਤੇ ਦੋ ਵੀਡੀਓਜ਼ ਤੇਜ਼ੀ ਨਾਲ ਵਾਇਰਲ ਹੋ ਰਹੀਆਂ ਹਨ, ਜਿਨ੍ਹਾਂ ਵਿੱਚੋਂ ਇੱਕ 33"ੇ ਫੁਟੇਜ ਹੈ ਜਦਕਿ ਦੂਜੀ ਵੀਡੀਓ ਖ

ਮੰਤਰੀ ਸੌਂਦ ਨੇ ਆਮ ਆਦਮੀ ਕਲੀਨਿਕਾਂ ਤੋਂ ਕੀਤਾ ਲਾਈਵ ਪ੍ਰਸਾਰਣ

ਲੁਧਿਆਣਾ, 12 ਜੂਨ (ਵਿਸ਼ਾਲ ਸ਼ਰਮਾ): ਆਮ ਆਦਮੀ ਕਲੀਨਿਕਾਂ ਨੂੰ ਲੈ ਕੇ ਕਾਂਗਰਸ ਵੱਲੋਂ ਕੀਤੇ ਜਾ ਰਹੇ ਝੂਠੇ ਦਾਵਿਆਂ ਦਾ ਪੰਜਾਬ ਦੇ ਕੈਬਨਿਟ ਮੰਤਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਸ਼ੁੱਕਰਵਾਰ ਨੂੰ ਕਰਾਰਾ ਜਵਾਬ ਦਿੱਤਾ। ਮੰਤਰੀ ਸੌਂਦ ਖੁਦ ਖੰਨਾ ਦੇ ਵੱਖ-ਵੱਖ ਆਮ ਆਦਮੀ ਕਲੀਨਿਕਾਂ ਵਿੱਚ ਪਹੁੰਚੇ, ਜਿੱਥੇ ਉਨ੍ਹਾਂ ਨੇ ਪ੍ਰਬੰਧਾਂ ਦਾ ਜਾਇਜ਼ਾ ਲਿਆ, ਮਰੀਜ਼ਾਂ ਨਾਲ ਗੱਲਬਾਤ ਕੀਤੀ ਅਤੇ ਆਪਣੇ ਪੂਰੇ ਦੌਰੇ ਦਾ ਸੋਸ਼ਲ ਮੀਡੀਆ 'ਤੇ ਲਾਈਵ ਪ੍ਰਸਾਰਣ ਕੀਤਾ। ਇਸ ਦੌਰਾਨ ਉਨ੍ਹਾਂ ਕਾਂਗਰਸ ਵੱਲੋਂ ਲਗਾਏ ਜਾ ਰਹੇ ਦੋਸ਼ਾਂ ਨੂੰ ਝੂਠਾ ਅਤੇ ਬੇਬੁਨਿਆਦ ਕਰਾਰ ਦਿੱਤਾ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਵੱਲੋਂ ਫੈਲਾਏ ਜਾ ਰਹੇ ਝੂਠ ਦੀ ਸੱਚਾਈ ਲੋਕਾਂ ਸਾਹਮਣੇ ਲਿਆਉਣਾ ਜ਼ਰੂਰੀ ਸੀ ਅਤੇ ਅੱਜ ਲੋਕਾਂ ਨੇ ਖੁਦ ਦੇਖ ਲਿਆ ਹੈ ਕਿ ਕਲੀਨਿਕ ਪੂਰੀ ਤਰ੍ਹਾਂ ਚੱਲ ਰਹੇ ਹਨ ਅਤੇ ਮਰੀਜ਼ਾਂ ਨੂੰ ਨਿਯਮਿਤ ਸਿਹਤ ਸੇਵਾਵਾਂ ਮਿਲ ਰਹੀਆਂ ਹਨ। ਗੌਰਤਲਬ ਹੈ ਕਿ ਹਾਲ ਹੀ ਵਿੱਚ ਖੰਨਾ ਕਾਂਗਰਸ ਦੇ ਸੋਸ਼ਲ ਮੀਡੀਆ ਪੇਜ 'ਤੇ ਇੱਕ ਵੀਡੀਓ ਵਾਇਰਲ ਕੀਤੀ ਗਈ ਸੀ, ਜਿਸ ਵਿੱਚ ਦਾਅਵਾ ਕੀਤਾ ਗਿਆ ਸੀ ਕਿ ਇਲਾਕੇ ਦੇ ਆਮ ਆਦਮੀ ਕਲੀਨਿਕ ਬੰਦ ਹਨ ਅਤੇ ਲੋਕਾਂ ਨੂੰ ਸਿਹਤ ਸਹੂਲਤਾਂ ਨਹੀਂ ਮਿਲ ਰਹੀਆਂ। ਇਸ ਵੀਡੀਓ ਤੋਂ ਬਾਅਦ ਕੈਬਨਿਟ ਮੰਤਰੀ ਸੌਂਦ ਖੁਦ ਮੈਦਾਨ ਵਿੱਚ ਉਤਰੇ ਅਤੇ ਕਾਂਗਰਸ ਦੇ ਝੂਠੇ ਦਾਅਵਿਆਂ ਦੀ ਹਕੀਕਤ ਲੋਕਾਂ ਸਾਹਮਣੇ ਰੱਖੀ। ਦੌਰੇ ਦੌਰਾਨ ਮੰਤਰੀ ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸਿਹਤ ਸੇਵਾਵਾਂ ਨੂੰ ਲੋਕਾਂ ਦੇ ਘਰਾਂ ਤੱਕ ਪਹੁੰਚਾਉਣ ਦਾ ਕੰਮ ਕਰ ਰਹੀ ਹੈ। ਆਮ ਆਦਮੀ ਕਲੀਨਿਕ ਅੱਜ ਲੱਖਾਂ ਪਰਿਵਾਰਾਂ ਲਈ ਰਾਹਤ ਦਾ ਕੇਂਦਰ ਬਣ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕਾਂਗਰਸ ਕੋਲ ਲੋਕਾਂ ਨੂੰ ਦੱਸਣ ਲਈ ਕੋਈ ਪ੍ਰਾਪਤੀ ਨਹੀਂ ਹੈ, ਇਸ ਲਈ ਉਹ ਝੂਠੀਆਂ ਅਤੇ ਗੁੰਮਰਾਹਕੁੰਨ ਵੀਡੀਓਜ਼ ਬਣਾ ਕੇ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਨਿਰੀਖਣ ਦੌਰਾਨ ਮੰਤਰੀ ਨੇ ਦਵਾਈਆਂ ਦੇ ਸਟੋਰਾਂ ਦਾ ਵੀ ਜਾਇਜ਼ਾ ਲਿਆ ਅਤੇ ਉਪਲੱਬਧ ਦਵਾਈਆਂ ਬਾਰੇ ਜਾਣਕਾਰੀ ਹਾਸਲ ਕੀਤੀ। ਉਨ੍ਹਾਂ ਦੱਸਿਆ ਕਿ ਆਮ ਆਦਮੀ ਕਲੀਨਿਕਾਂ ਵਿੱਚ 100 ਤੋਂ ਵੱਧ ਲੋੜੀਂਦੀਆਂ ਦਵਾਈਆਂ ਮੁਫ਼ਤ ਦਿੱਤੀਆਂ ਜਾ ਰਹੀਆਂ ਹਨ ਅਤੇ ਕਈ ਤਰ੍ਹਾਂ ਦੇ ਮੈਡੀਕਲ ਟੈਸਟ ਵੀ ਬਿਨਾਂ ਕਿਸੇ ਖਰਚੇ ਦੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਸੋਚ ਸਦਕਾ ਅੱਜ ਗਰੀਬ ਅਤੇ ਮੱਧ ਵਰਗ ਦੇ ਪਰਿਵਾਰਾਂ ਨੂੰ ਬਿਨਾਂ ਆਰਥਿਕ ਬੋਝ ਦੇ ਵਧੀਆ ਸਿਹਤ ਸਹੂਲਤਾਂ ਮਿਲ ਰਹੀਆਂ ਹਨ। ਇਸ ਮੌਕੇ ਮੰਤਰੀ ਦੇ ਨਾਲ ਖੰਨਾ ਦੇ ਐਸ.ਐਮ.ਓ ਡਾ. ਮਨਿੰਦਰ ਸਿੰਘ ਭਸੀਨ, ਮਾਨੂਪੁਰ ਦੇ ਐਸ.ਐਮ.ਓ ਡਾ. ਸੁਦੀਪ ਸਿੱਧੂ, ਮੰਤਰੀ ਦੇ ਓ.ਐਸ.ਡੀ ਕਰਨ ਅਰੋੜਾ, ਕੌਂਸਲਰ ਹਰੀਸ਼ ਗੁਪਤਾ, ਕੌਂਸਲਰ ਰਾਜਿੰਦਰ ਸਿੰਘ ਜੀਤ ਅਤੇ ਹੋਰ ਪਾਰਟੀ ਆਗੂ ਵੀ ਮੌਜੂਦ ਸਨ।

ਲੁਧਿਆਣਾ ਪੁਲਿਸ ਨੇ ਖੋਹ ਕੀਤੇ ਮੋਬਾਇਲ ਫ਼ੋਨ ਮਾਲਕਾਂ ਨੂੰ ਕੀਤੇ ਵਾਪਸ

ਲੁਧਿਆਣਾ, 12 ਜੂਨ (ਵਿਸ਼ਾਲ ਸ਼ਰਮਾ) : ਸ਼ਹਿਰ ਵਿੱਚ ਵੱਡੇ ਉਦਯੋਗਾਂ ਦੀ ਮੌਜੂਦਗੀ ਕਾਰਨ, ਦੇਸ਼ ਦੇ ਵੱਖ-ਵੱਖ ਰਾਜਾਂ ਦੇ ਲੋਕ ਇੱਥੇ ਸਖ਼ਤ ਮਿਹਨਤ ਕਰਕੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਆਉਂਦੇ ਹਨ ਆਪਣੇ ਪਰਿਵਾਰਾਂ ਦਾ ਪਾਲਣ ਪੋਸ਼ਣ ਕਰਦੇ ਹਨ। ਆਪਣੀਆਂ ਜ਼ਰੂਰਤਾਂ ਅਨੁਸਾਰ ਲਗਨ ਅਤੇ ਜਨੂੰਨ ਨਾਲ ਉਹ ਦੇਸ਼ ਦੀ ਤਰੱਕੀ ਵਿੱਚ ਵੀ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਹਾਲਾਂਕਿ ਕੁਝ ਸਮੇਂ ਤੋਂ ਸ਼ਿਕਾਇਤਾਂ ਮਿਲ ਰਹੀਆਂ ਸਨ ਕਿ ਕਈ ਸ਼ਰਾਰਤੀ ਆਨਸਰ ਜਾਂ ਨਸ਼ੇੜੀ ਉਨ੍ਹਾਂ ਦੇ ਮੋਬਾਈਲ ਫੋਨ ਖੋਹ ਲੈਂਦੇ ਹਨ, ਜਿਸ ਨਾਲ ਉਨ੍ਹਾਂ ਨੂੰ ਵਿੱਤੀ ਨੁਕਸਾਨ ਦੇ ਨਾਲ-ਨਾਲ ਮਾਨਸਿਕ ਪੀੜਾ ਵੀ ਹੁੰਦੀ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ, ਸਵਪਨ ਸ਼ਰਮਾ ਪੁਲਿਸ ਕਮਿਸ਼ਨਰ ਲੁਧਿਆਣਾ ਦੇ ਨਿਰਦੇਸ਼ਾਂ ਹੇਠ ਲੁਧਿਆਣਾ ਸ਼ਹਿਰ ਦੇ ਵੱਖ-ਵੱਖ ਖੇਤਰਾਂ ਤੋਂ ਜਨਤਾ ਦੇ ਖੋਹ ਜਾਂ ਗੁੰਮ ਹੋਏ ਮੋਬਾਈਲ ਫੋਨਾਂ ਨੂੰ ਤਕਨੀਕੀ ਤੌਰ 'ਤੇ ਟਰੇਸ ਕਰਨ ਲਈ ਇੱਕ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਗਈ ਸੀ ਜਿਨ੍ਹਾਂ ਦੇ ਆਈ.ਐਮ.ਈ.ਆਈ ਨੰਬਰ ਸੀ.ਈ.ਆਈ.ਆਰ ਪੋਰਟਲ 'ਤੇ ਬਲਾਕ ਕੀਤੇ ਗਏ ਸਨ। ਇਸ ਪਹਿਲਕਦਮੀ ਦੇ ਸਕਾਰਾਤਮਕ ਨਤੀਜੇ ਸਾਹਮਣੇ ਆਏ ਹਨ, ਅਤੇ ਵੱਖ-ਵੱਖ ਥਾਂਵਾਂ ਦੇ 369 ਮੋਬਾਈਲ ਫੋਨ ਟਰੇਸ ਕਰ ਬਰਾਮਦ ਕੀਤੇ ਗਏ ਹਨ। ਇਹਨਾਂ ਟਰੇਸ ਕੀਤੇ ਗਏ ਮੋਬਾਈਲ ਫੋਨਾਂ ਵਿਚ ਮਹਿੰਗੇ ਸਮਾਰਟਫੋਨ ਹਨ। ਜਨਤਾ ਦੀਆਂ ਚਿੰਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ, ਪੁਲਿਸ ਦੇ ਯਤਨਾਂ ਰਾਹੀਂ, ਇਹ ਬਰਾਮਦ ਕੀਤੇ ਮੋਬਾਈਲ ਫੋਨ ਅੱਜ ਉਨ੍ਹਾਂ ਦੇ ਸਹੀ ਮਾਲਕਾਂ ਨੂੰ ਸੌਂਪ ਦਿੱਤੇ ਗਏ। ਪੁਲਿਸ ਕਮਿਸ਼ਨਰੇਟ ਲੁਧਿਆਣਾ ਜਨਤਾ ਨੂੰ ਅਪੀਲ ਕਰਦਾ ਹੈ ਕਿ ਜਦੋਂ ਵੀ ਕੋਈ ਆਪਣਾ ਮੋਬਾਈਲ ਫੋਨ ਗੁਆ ਦਿੰਦਾ ਹੈ ਜਾਂ ਉਸ ਨਾਲ ਖੋਹ ਹੁੰਦੀ ਹੈ ਤਾਂ ਉਹ ਇਸਦੀ ਸੂਚਨਾ ਆਪਣੇ ਨੇੜਲੇ ਪੁਲਿਸ ਸਟੇਸ਼ਨ/ਸਾਂਝ ਕੇਂਦਰ ਨੂੰ ਦੇਣ ਤਾਂ ਜੋ ਸ਼ਰਾਰਤੀ ਅਨਸਰ ਇਨ੍ਹਾਂ ਮੋਬਾਈਲ ਫੋਨਾਂ ਦੀ ਦੁਰਵਰਤੋਂ ਨਾ ਕਰ ਸਕਣ।

ਲਾਈਨਮੈਨਾਂ 'ਤੇ ਲਾਠੀਚਾਰਜ, ਦਲਿਤਾਂ ਉੱਤੇ ਤਸ਼ੱਦਦ ਵਿਰੁੱਧ ਬਸਪਾ ਵੱਲੋਂ ਪੰਜਾਬ ਭਰ 'ਚ ਰਾਜਪਾਲ ਦੇ ਨਾਮ ਮੰਗ ਪੱਤਰ

ਲੁਧਿਆਣਾ, 12 ਜੂਨ (ਰਵਿੰਦਰ ਸਿੰਘ ਨਿੱਝਰ): ਬਹੁਜਨ ਸਮਾਜ ਪਾਰਟੀ ਨੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਹੱਲਾ ਬੋਲਦਿਆਂ ਅੱਜ ਪੰਜਾਬ ਭਰ 'ਚ ਗਵਰਨਰ ਦੇ ਨਾਮ 'ਤੇ ਡੀਸੀਆਂ ਨੂੰ ਮੰਗ ਪੱਤਰ ਦਿੱਤੇ। ਲੁਧਿਆਣਾ 'ਚ ਸੂਬਾ ਸਕੱਤਰ ਭਾਗ ਸਿੰਘ ਸਰੀਂਹ, ਦੇਹਾਤੀ ਦੇ ਇੰਚਾਰਜ ਪ੍ਰਗਣ ਬਿਲਗਾ ਅਤੇ ਸ਼ਹਿਰੀ ਦੇ ਇੰਚਾਰਜ ਜੀਤ ਰਾਮ ਬਸਰਾ ਦੀ ਅਗਵਾਈ 'ਚ ਲੁਧਿਆਣਾ ਦੇ ਡੀਸੀ ਰਾਹੀਂ ਪੰਜਾਬ ਦੇ ਗਵਰਨਰ ਨੂੰ ਮੰਗ ਪੱਤਰ ਦਿੱਤਾ ਗਿਆ। ਤਿੰਨਾਂ ਆਗੂਆਂ ਨੇ ਦੱਸਿਆ ਕਿ ਸੂਬਾ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਦੇ ਹੁਕਮਾਂ 'ਤੇ ਪਟਿਆਲਾ 'ਚ ਰੁਜ਼ਗਾਰ ਪ੍ਰਾਪਤੀ ਲਈ ਪੁਲਿਸ ਤਸ਼ੱਦਦ ਦਾ ਸ਼ਿਕਾਰ ਹੋਏ ਅਪ੍ਰੈਂਟਿਸ਼ਿਪ ਲਾਈਨਮੈਨਾਂ ਨੂੰ ਰੁਜ਼ਗਾਰ ਦਿਵਾਉਣ ਦੀ ਮੰਗ, ਮਲੌਟ ਜਿਲ੍ਹੇ ਦੇ ਪਿੰਡ ਝੋਰੜ ਦੇ ਦਲਿਤ ਨੌਜਵਾਨਾਂ 'ਤੇ ਤਾਲਿਬਾਨੀ ਜੁਰਮ, ਤਰਨਤਾਰਨ ਦੇ ਪਿੰਡ ਵੇਈਪੋਈ 'ਚ ਮਾਮੂਲੀ ਗੱਲ ਤੋਂ ਬਾਅਦ ਦਲਿਤ ਪਰਿਵਾਰਾਂ ਦੀ ਕੁੱਟਮਾਰ ਤੋਂ ਬਾਅਦ ਉਨ੍ਹਾਂ ਦੇ ਘਰਾਂ ਨੂੰ ਅੱਗ ਦੇ ਹਵਾਲੇ ਕਰਨ, ਡਾ ਰਮਨਦੀਪ ਸਿੰਘ ਦੀ ਲੁੱਟ ਤੇ ਕੁੱਟ, ਐਮ ਡੀ ਦੇ ਅਖੀਰਲੇ ਸਾਲ ਦੇ ਵਿਦਆਰਥੀ ਡਾ ਯੋਗੇਸ਼ ਦੀ ਖੁਦਕੁਸ਼ੀ, ਬੀਟੈੱਕ ਦੇ ਵਿਦਆਰਥੀ ਵਰੁਣਪ੍ਰੀਤ ਸਿੰਘ ਦੀ ਹੋਸਟਲ 'ਚ ਸ਼ੱਕੀ ਹਾਲਾਤਾਂ 'ਚ ਹੋਈ ਮੌਤ ਤੋਂ ਇਲਾਵਾ ਸਰਕਾਰੀ ਮੁਲਾਜਮਾਂ ਤੇ ਪੈਨਸ਼ਨਰਾਂ ਦਾ 18 ਫੀਸਦੀ ਬਕਾਏ ਡੀਏ ਸਬੰਧੀ ਸੂਬੇ ਦੇ ਗਵਰਨਰ ਨੂੰ ਮੰਗ ਪੱਤਰ ਦਿੱਤਾ ਗਿਆ। ਮੰਗ ਪੱਤਰ ਰਾਹੀਂ ਮੰਗ ਕੀਤੀ ਗਈ ਕਿ ਨੌਜਵਾਨਾਂ ਨੂੰ ਤੁਰੰਤ ਰੁਜ਼ਗਾਰ ਦਿੱਤਾ ਜਾਵੇ, ਲਟਕਦੇ ਕੇਸਾਂ ਦੇ ਪੀੜਤਾਂ ਨੂੰ ਇਨਸਾਫ ਦਿੱਤਾ ਜਾਵੇ ਅਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਦਾ ਡੀਏ ਤੁਰੰਤ ਜਾਰੀ ਕੀਤਾ ਜਾਏ। ਆਗੂਆਂ ਨੇ ਕਿਹਾ ਭਗਵੰਤ ਮਾਨ ਸਰਕਾਰ ਕਰੋੜਾਂ ਰੁਪੈ ਇਸਤਿਹਾਰਾਂ 'ਤੇ ਖਰਚ ਕੇ ਵਾਹ ਵਾਹ ਖੱਟਣ 'ਤੇ ਲੱਗੀ ਹੋਈ ਹੈ, ਜਦਕਿ ਜ਼ਮੀਨੀ ਹਕੀਕਤ ਪੰਜਾਬ ਦੀ ਹੋਰ ਬਦਹਾਲੀ ਹੈ। ਇਸ ਮੌਕੇ ਜ਼ੋਨ ਇੰਚਾਰਜ ਨਿਰਮਲ ਸਿੰਘ ਸਾਇਆਂ, ਭੁਪਿੰਦਰ ਸਿੰਘ ਜੋੜਾ, ਹਲਕਾ ਸਾਹਨੇਵਾਲ ਦੇ ਇੰਚਾਰਜ ਰਿਟਾ ਬੈਂਕ ਮੈਨਜਰ ਜਗਤਾਰ ਸਿੰਘ ਭਾਮੀਆਂ, ਹਰਜਿੰਦਰ ਸਿੰਘ ਸੁਜਾਤਵਾਲ, ਬਿੱਟੂ ਸ਼ੇਰਪੁਰ, ਵੀਰ ਸਿੰਘ ਸੰਗੋਵਾਲ, ਇੰਦਰੇਸ਼ ਕੁਮਾਰ, ਰਾਮਲੋਕ ਕੁਲੀਏਵਾਲ, ਪਰਮਹੰਸ, ਦੇਵ ਸਿੰਘ, ਸ਼ਿਵਦਾਸ, ਮਨਿੰਦਰ ਸਿੰਘ ਅਤੇ ਗੁਰਜੀਤ ਸਿੰਘ ਮੰਗਲੀ ਆਦਿ ਹਾਜ਼ਰ ਸਨ।

ਮਨੀ ਭਗਤ ਬਣੇ ਬ੍ਰਾਹਮਣ ਭਲਾਈ ਬੋਰਡ ਦੇ ਜ਼ਿਲ੍ਹਾ ਚੇਅਰਮੈਨ

ਲੁਧਿਆਣਾ, 12 ਜੂਨ (ਰਵਿੰਦਰ ਸਿੰਘ ਨਿੱਝਰ): ਪੰਜਾਬ ਸਰਕਾਰ ਨੇ ਸਥਾਨਕ ਵਾਰਡ ਨੰਬਰ 41 ਦੇ ਸੇਵਾਦਾਰ ਮਨੀ ਭਗਤ ਨੂੰ ਬ੍ਰਾਹਮਣ ਭਲਾਈ ਬੋਰਡ ਪੰਜਾਬ ਸਰਕਾਰ ਦੀ ਜ਼ਿਲ੍ਹਾ ਇਕਾਈ ਦੇ ਚੇਅਰਮੈਨ ਨਿਯੁਕਤ ਕੀਤਾ ਹੈ। ਆਪਣੀ ਇਸ ਨਿਯੁਕਤੀ ਤੇ ਖੁਸ਼ੀ ਪ੍ਰਗਟ ਕਰਦਿਆਂ ਮਨੀ ਭਗਤ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ, ਆਮ ਆਦਮੀ ਪਾਰਟੀ ਦੇ ਪੰਜਾਬ ਇੰਚਾਰਜ ਮਨੀਸ਼ ਸਿਸੋਦੀਆ, ਪੰਜਾਬ ਪ੍ਰਧਾਨ ਅਮਨ ਅਰੋੜਾ, ਵਿਧਾਇਕ ਕੁਲਵੰਤ ਸਿੰਘ ਸਿੱਧੂ ਅਤੇ ਬ੍ਰਾਹਮਣ ਭਲਾਈ ਬੋਰਡ ਪੰਜਾਬ ਸਰਕਾਰ ਦੇ ਚੇਅਰਮੈਨ ਪੰਕਜ ਸ਼ਾਰਦਾ ਦਾ ਧੰਨਵਾਦ ਕੀਤਾ ਹੈ। ਇਸ ਮੌਕੇ 'ਤੇ ਮੇਅਰ ਇੰਦਰਜੀਤ ਕੌਰ, ਵਾਰਡ ਨੰਬਰ 41 ਦੀ ਕੌਂਸਲਰ ਮਮਤਾ ਰਾਣੀ, ਸਾਬਕਾ ਕੌਂਸਲਰ ਕੁਲਦੀਪ ਸਿੰਘ ਬਿੱਟਾ, ਕੌਂਸਲਰ ਸੋਹਣ ਸਿੰਘ ਗੋਗਾ, ਕੌਂਸਲਰ ਯੁਵਰਾਜ ਸਿੱਧੂ, ਬਲਾਕ ਪ੍ਰਧਾਨ ਦਲੀਪ ਕੁਮਾਰ, ਸਰਤਾਜ ਸਿੱਧੂ, ਜਗਦੇਵ ਸਿੰਘ ਧੁੰਨਾ, ਜਤਿੰਦਰ ਸਿੰਘ ਪਨੇਸਰ, ਸੁਰੇਸ਼ ਸੋਨੂ ਅਤੇ ਅਮਨ ਭੱਟੀ ਨੇ ਮਨੀ ਭਗਤ ਨੂੰ ਵਧਾਈ ਦਿੱਤੀ ਹੈ।

ਬਾਲ ਭਲਾਈ ਕੌਂਸਲ ਨੂੰ ਮੁੜ ਸੁਰਜੀਤ ਕਰਨ ਲਈ ਹੋਈ ਮੀਟਿੰਗ

ਲੁਧਿਆਣਾ, 12 ਜੂਨ (ਵਿਸ਼ਾਲ ਸ਼ਰਮਾ) : ਜ਼ਿਲ੍ਹਾ ਬਾਲ ਭਲਾਈ ਬੁਨਿਆਦੀ ਢਾਂਚੇ ਅਤੇ ਸ਼ਾਸਨ ਨੂੰ ਵਧਾਉਣ ਲਈ ਇੱਕ ਮਹੱਤਵਪੂਰਨ ਕਦਮ ਵਜੋਂ ਬਾਲ ਭਲਾਈ ਕੌਂਸਲ (ਸੀਡਬਲਯੂਸੀ) ਦੀ ਇੱਕ ਮਹੱਤਵਪੂਰਨ ਮੀਟਿੰਗ ਸਤਲੁਜ ਕਲੱਬ ਲੁਧਿਆਣਾ ਵਿਖੇ ਪਾਇਲ ਗੋਇਲ, ਸਹਾਇਕ ਕਮਿਸ਼ਨਰ (ਜਨਰਲ), ਲੁਧਿਆਣਾ ਦੀ ਪ੍ਰਧਾਨਗੀ ਹੇਠ ਕੌਂਸਲ ਨੂੰ ਰਣਨੀਤਕ ਤੌਰ 'ਤੇ ਸਰਗਰਮ ਅਤੇ ਪੁਨਰ ਸੁਰਜੀਤ ਕਰਨ ਲਈ ਆਯੋਜਿਤ ਕੀਤੀ ਗਈ। ਮੀਟਿੰਗ ਵਿੱਚ ਨਵਨੀਤ ਜੋਸ਼ੀ (ਸਕੱਤਰ, ਜ਼ਿਲ੍ਹਾ ਰੈੱਡ ਕਰਾਸ ਸੋਸਾਇਟੀ), ਮੈਡੀਕਲ ਅਫਸਰ ਡਾ. ਅਮਨਦੀਪ ਕੌਰ ਅਤੇ ਡਾ. ਗੁਰਪ੍ਰੀਤ ਸਿੰਘ, ਆਊਟਰੀਚ ਵਰਕਰ ਰਿਤੂ ਸੂਦ, ਪ੍ਰਿੰਸੀਪਲ ਹਰਨੀਤ ਸਿੰਘ ਭਾਟੀਆ ਸਮੇਤ ਪ੍ਰਮੁੱਖ ਜ਼ਿਲ੍ਹਾ ਸ਼ਖਸੀਅਤਾਂ ਦੀ ਸਰਗਰਮ ਭਾਗੀਦਾਰੀ ਦੇਖਣ ਨੂੰ ਮਿਲੀ ਜਿਸ ਵਿੱਚ ਪ੍ਰਮੁੱਖ ਕਮੇਟੀ ਮੈਂਬਰ ਪੱਪੂ ਅਵਿਨਾਸ਼, ਪੂਨਮ ਬਿੰਦਰਾ, ਪਰਵੀਨ ਨਾਰੰਗ, ਸਪਨਾ ਮਿੱਤਲ, ਸੁਖਮਿੰਦਰ ਸਿੰਘ ਕੈਰੋਂ ਅਤੇ ਕਿਰਨਜੀਤ ਕੌਰ ਗਿੱਲ ਸ਼ਾਮਲ ਸਨ। ਚੇਅਰਪਰਸਨ ਨੇ ਜ਼ੋਰ ਦੇ ਕੇ ਕਿਹਾ ਕਿ ਸੀਡਬਲਯੂਸੀ ਨੂੰ ਸਮਾਂ-ਸੀਮਾਵਾਂ ਅਤੇ ਮਾਪਣਯੋਗ ਨਤੀਜਿਆਂ ਦੁਆਰਾ ਸੰਚਾਲਿਤ ਇੱਕ ਸਰਗਰਮ, ਉੱਚ-ਕਾਰਜਸ਼ੀਲ ਸੰਗਠਨਾਤਮਕ ਸੰਸਥਾ ਵਿੱਚ ਤਬਦੀਲ ਹੋਣਾ ਚਾਹੀਦਾ ਹੈ। ਨਿਰੰਤਰ ਗਤੀ ਨੂੰ ਯਕੀਨੀ ਬਣਾਉਣ ਲਈ, ਕੌਂਸਲ ਨੇ ਚੱਲ ਰਹੀਆਂ ਪਹਿਲਕਦਮੀਆਂ ਦੀ ਸਮੀਖਿਆ ਕਰਨ ਅਤੇ ਪ੍ਰਸ਼ਾਸਕੀ ਰੁਕਾਵਟਾਂ ਨੂੰ ਹੱਲ ਕਰਨ ਲਈ ਹਰ ਮਹੀਨੇ ਇੱਕ ਵਾਰ ਰਸਮੀ ਤੌਰ 'ਤੇ ਮੀਟਿੰਗ ਕਰਨ ਦਾ ਆਦੇਸ਼ ਸਥਾਪਤ ਕੀਤਾ। ਇਸ ਤੋਂ ਇਲਾਵਾ, ਵਿੱਤੀ ਪ੍ਰਬੰਧਨ, ਆਡਿਟਿੰਗ ਅਤੇ ਕਾਰਪੋਰੇਟ ਪਾਲਣਾ ਨੂੰ ਸੁਚਾਰੂ ਬਣਾਉਣ ਲਈ ਪੂਨਮ ਬਿੰਦਰਾ ਨੂੰ ਅਧਿਕਾਰਤ ਤੌਰ 'ਤੇ ਖਜ਼ਾਨਚੀ ਨਿਯੁਕਤ ਕੀਤਾ ਗਿਆ ਅਤੇ ਕੌਂਸਲ ਨੇ ਸ਼ੁਰੂਆਤੀ ਕਾਰਜਾਂ ਨੂੰ ਸ਼ੁਰੂ ਕਰਨ ਅਤੇ ਆਉਣ ਵਾਲੇ ਪ੍ਰੋਜੈਕਟਾਂ ਦਾ ਸਮਰਥਨ ਕਰਨ ਲਈ 10 ਲੱਖ ਇਕੱਠੇ ਕਰਨ ਦਾ ਤੁਰੰਤ ਟੀਚਾ ਰੱਖਿਆ ਸੀ। ਮਜ਼ਬੂਤ ਪ੍ਰਸ਼ਾਸਕੀ ਅਤੇ ਰਾਜ-ਪੱਧਰੀ ਸਮਰਥਨ ਪ੍ਰਾਪਤ ਕਰਨ ਲਈ ਕੌਂਸਲ ਨੇ 2 ਵਿਸਤ੍ਰਿਤ ਪ੍ਰੋਜੈਕਟ ਰਿਪੋਰਟਾਂ (ਡੀਪੀਆਰ) ਵਾਲੀ ਇੱਕ ਰਸਮੀ ਫਾਈਲ ਯੋਗ ਡਿਪਟੀ ਕਮਿਸ਼ਨਰ ਲੁਧਿਆਣਾ ਨੂੰ ਸੌਂਪਣ ਲਈ ਇੱਕ ਰਣਨੀਤਕ ਕਾਰਜ ਯੋਜਨਾ ਅਪਣਾਈ। ਡੀਸੀ ਦੀ ਸਮੀਖਿਆ ਤੋਂ ਬਾਅਦ ਸੀਡਬਲਯੂਸੀ ਇਨ੍ਹਾਂ ਪ੍ਰਮੁੱਖ ਪਹਿਲਕਦਮੀਆਂ ਨੂੰ ਪੰਜਾਬ ਦੇ ਮੁੱਖ ਮੰਤਰੀ ਜੋ ਕਿ ਰਾਜ ਬਾਲ ਭਲਾਈ ਕੌਂਸਲ ਦੇ ਉਪ-ਪ੍ਰਧਾਨ ਵਜੋਂ ਕੰਮ ਕਰਦੇ ਹਨ ਨੂੰ ਰਾਜ-ਪੱਧਰੀ ਸਹਾਇਤਾ ਅਤੇ ਬਜਟ ਵੰਡ ਨੂੰ ਸੁਰੱਖਿਅਤ ਕਰਨ ਲਈ ਪੇਸ਼ ਕਰੇਗਾ। ਤੁਰੰਤ ਲਾਗੂ ਕਰਨ ਦੇ ਯਤਨਾਂ ਨੂੰ ਦੋ ਵੱਖ-ਵੱਖ ਪ੍ਰੋਜੈਕਟ ਸ਼੍ਰੇਣੀਆਂ ਵਿੱਚ ਵੰਡਿਆ ਗਿਆ ਹੈ। ਸ਼੍ਰੇਣੀ ਏ ਲਈ ਜਿਸ ਵਿੱਚ ਪ੍ਰੋਜੈਕਟ ਸਪੇਸ ਸ਼ਾਮਲ ਹੈ ਬੁਨਿਆਦੀ ਢਾਂਚੇ, ਲੌਜਿਸਟਿਕਸ ਅਤੇ ਸਮਾਂ-ਸੀਮਾਵਾਂ ਨੂੰ ਅੰਤਿਮ ਰੂਪ ਦੇਣ ਲਈ ਗਲਾਡਾ ਦੇ ਵਧੀਕ ਮੁੱਖ ਪ੍ਰਸ਼ਾਸਕ (ਏਸੀਏ) ਨਾਲ ਤੁਰੰਤ ਇੱਕ ਸਮਰਪਿਤ ਤਾਲਮੇਲ ਮੀਟਿੰਗ ਕੀਤੀ ਜਾਵੇਗੀ। ਸ਼੍ਰੇਣੀ ਬੀ ਲਈ ਜੋ ਏਸੀਜ਼ ਅਰਲੀ ਇੰਟਰਵੈਂਸ਼ਨ ਸੈਂਟਰ ਨੂੰ ਕਵਰ ਕਰਦੀ ਹੈ ਸੀਡਬਲਯੂਸੀ ਤੋਂ ਇੱਕ ਵਿਸ਼ੇਸ਼ ਕਾਰਜਸ਼ੀਲ ਉਪ-ਕਮੇਟੀ ਬਣਾਈ ਗਈ ਹੈ ਜੋ ਵਿਸ਼ੇਸ਼ ਤੌਰ 'ਤੇ ਸੰਚਾਲਨ

ਹਲਕੇ ਵਿੱਚ ਬਦਲਾਅ ਦੀ ਲਹਿਰ, ਕ੍ਰਿਸ਼ਨ ਸਿੰਘ ਭਾਗੀਵਾਂਦਰ ਦੇ ਹੱਕ ਵਿੱਚ ਇਕੱਠੇ ਹੋਣ ਲੱਗੇ ਪੁਰਾਣੇ ਕਾਂਗਰਸੀ ਆਗੂ

ਤਲਵੰਡੀ ਸਾਬੋ 12 ਜੂਨ (ਰਾਮ ਜਿੰਦਲ ਜਗਾ) ਹਲਕੇ ਦੀ ਸਿਆਸਤ ਵਿੱਚ ਇੱਕ ਨਵਾਂ ਮੋੜ ਆਉਂਦਾ ਨਜ਼ਰ ਆ ਰਿਹਾ ਹੈ। 2027 ਦੀਆਂ ਚੋਣਾਂ ਭਾਵੇਂ ਹਾਲੇ ਦੂਰ ਹਨ, ਪਰ ਜ਼ਮੀਨ ਤੇ ਬਣ ਰਹੇ ਮਾਹੌਲ ਨੇ ਸਿਆਸੀ ਸਮੀਕਰਨਾਂ ਨੂੰ ਹੁਣ ਤੋਂ ਹੀ ਹਿਲਾਉਣਾ ਸ਼ੁਰੂ ਕਰ ਦਿੱਤਾ ਹੈ। ਪੁਰਾਣੇ ਕਾਂਗਰਸੀ ਆਗੂ, ਵਫ਼ਾਦਾਰ ਵਰਕਰ ਅਤੇ ਵੱਡੀ ਗਿਣਤੀ ਵਿੱਚ ਨੌਜਵਾਨ ਸਥਾਨਕ ਚਿਹਰੇ ਕ੍ਰਿਸ਼ਨ ਸਿੰਘ ਭਾਗੀਵਾਂਦਰ ਦੇ ਹੱਕ ਵਿੱਚ ਡਟ ਕੇ ਖੜ੍ਹਦੇ ਨਜ਼ਰ ਆ ਰਹੇ ਹਨ।ਹਲਕੇ ਦੇ ਪਿੰਡਾਂ, ਗਲੀਆਂ ਅਤੇ ਚੌਰਾਹਿਆਂ ਵਿੱਚ ਇੱਕੋ ਗੱਲ ਦੀ ਚਰਚਾ ਹੈ—ਹਲ ਕੇ ਦਾ ਪੁੱਤ ਹੀ ਹਲਕੇ ਦੀ ਅਗਵਾਈ ਕਰੇਗਾ। ਲੋਕਾਂ ਦਾ ਕਹਿਣਾ ਹੈ ਕਿ ਜਿਹੜਾ ਆਗੂ ਹਰ ਸੁੱਖ-ਦੁੱਖ ਵਿੱਚ ਲੋਕਾਂ ਦੇ ਨਾਲ ਖੜ੍ਹਿਆ, ਅੱਜ ਲੋਕ ਵੀ ਉਸ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਹਨ।ਰਾਜਨੀਤਿਕ ਹਲਕਿਆਂ ਵਿੱਚ ਇਹ ਚਰਚਾ ਜ਼ੋਰਾਂ ਤੇ ਹੈ ਕਿ ਪੁਰਾਣੇ ਕਾਂਗਰਸੀ ਵਰਕਰਾਂ ਅਤੇ ਸੀਨੀਅਰ ਆਗੂਆਂ ਦਾ ਵੱਡਾ ਹਿੱਸਾ ਹੁਣ ਖੁੱਲ੍ਹ ਕੇ ਕ੍ਰਿਸ਼ਨ ਸਿੰਘ ਭਾਗੀਵਾਂਦਰ ਦੇ ਹੱਕ ਵਿੱਚ ਆਵਾਜ਼ ਬੁਲੰਦ ਕਰ ਰਿਹਾ ਹੈ। ਲੋਕਾਂ ਦਾ ਮੰਨਣਾ ਹੈ ਕਿ ਹਲਕੇ ਨੂੰ ਕਿਸੇ ਬਾਹਰੀ ਨਹੀਂ, ਸਗੋਂ ਆਪਣੇ ਵਿਚੋਂ ਨਿਕਲੇ ਜ਼ਮੀਨੀ ਆਗੂ ਦੀ ਲੋੜ ਹੈ।ਹਰ ਲੰਘਦੇ ਦਿਨ ਨਾਲ ਕ੍ਰਿਸ਼ਨ ਸਿੰਘ ਭਾਗੀਵਾਂਦਰ ਨੂੰ ਮਿਲ ਰਹੇ ਸਮਰਥਨ ਨੇ ਸਿਆਸੀ ਵਿਰੋਧੀਆਂ ਦੀ ਚਿੰਤਾ ਵੀ ਵਧਾ ਦਿੱਤੀ ਹੈ। ਪਿੰਡਾਂ ਦੀਆਂ ਸੱਥਾਂ ਤੋਂ ਲੈ ਕੇ ਸ਼ਹਿਰਾਂ ਦੀਆਂ ਬੈਠਕਾਂ ਤੱਕ ਇੱਕੋ ਨਾਮ ਦੀ ਚਰਚਾ ਹੋ ਰਹੀ ਹੈ। ਲੋਕਾਂ ਦਾ ਕਹਿਣਾ ਹੈ ਕਿ ਹੁਣ ਉਹ ਉਸ ਆਗੂ ਨੂੰ ਅੱਗੇ ਲਿਆਉਣਾ ਚਾਹੁੰਦੇ ਹਨ ਜਿਸ ਨੇ ਸਾਲਾਂ ਤੱਕ ਲੋਕਾਂ ਦੇ ਹੱਕਾਂ ਲਈ ਸੰਘਰਸ਼ ਕੀਤਾ ਹੈ।ਸਿਆਸੀ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਇਹ ਮਾਹੌਲ ਇਸੇ ਤਰ੍ਹਾਂ ਬਣਿਆ ਰਿਹਾ ਤਾਂ 2027 ਵਿੱਚ ਹਲਕੇ ਦੀ ਸਿਆਸਤ ਵਿੱਚ ਵੱਡਾ ਉਲਟਫੇਰ ਦੇਖਣ ਨੂੰ ਮਿਲ ਸਕਦਾ ਹੈ। ਜਨਤਾ ਦਾ ਰੁਝਾਨ ਸਾਫ਼ ਸੰਕੇਤ ਦੇ ਰਿਹਾ ਹੈ ਕਿ ਇਸ ਵਾਰ ਲੋਕ ਆਪਣੀ ਆਵਾਜ਼ ਨੂੰ ਹੀ ਆਪਣਾ ਨੁਮਾਇੰਦਾ ਬਣਾਉਣ ਦੇ ਮੂਡ ਵਿੱਚ ਹਨ। ਇਸ ਮੌਕੇ ਰਣਵੀਰ ਸਿੰਘ ਸ਼ੇਖਪੁਰਾ ਉਪ ਪ੍ਰਧਾਨ ਜਿਲਾ ਬਠਿੰਡਾ ਦਿਹਾਤੀ ਰਾਮ ਸਿੰਘ ਲੇਲੇ ਵਾਲਾ ਜਗਦੇਵ ਸਿੰਘ ਜੱਜਲ ਸਾਬਕਾ ਸਰਪੰਚ ਦਿਲਪ੍ਰੀਤ ਸਿੰਘ ਸਾਬਕਾ ਬਲਾਕ ਪ੍ਰਧਾਨ ਜਗਰਾਮਤੀਰਥ ਜਗਤਾਰ ਸਿੰਘ ਮੈਨੂੰਆਣਾ ਸਾਬਕਾ ਚੇਅਰਮੈਨ ਦਰਸ਼ਨ ਸਿੰਘ ਤਲਵੰਡੀ ਸਾਹਿਬ ਗੁਰਪ੍ਰੀਤ ਸਿੰਘ ਲਹਿਰੀ ਗੁਰਤੇਜ ਸਿੰਘ ਬੱਬੂ ਰਾਮ ਭਾਗੀ ਬਾਂਦਰ ਮਨਪ੍ਰੀਤ ਸਿੰਘ ਤਲਵੰਡੀ ਸਾਬੋ ਹਾਜਰ ਸਨ

ਪੰਜਾਬ ਰਾਜ ਵਪਾਰੀ ਕਮਿਸ਼ਨ ਵੱਲੋਂ ਵਪਾਰੀਆਂ ਨਾਲ ਮੀਟਿੰਗ

ਵਪਾਰੀਆਂ ਦੀ ਹਰ ਸਮੱਸਿਆ ਦਾ ਪਹਿਲ ਦੇ ਆਧਾਰ 'ਤੇ ਕੀਤਾ ਜਾ ਰਿਹਾ ਹੈ ਹੱਲ: ਚੇਅਰਮੈਨ ਪੁਸ਼ਪਿੰਦਰ ਸ਼ਰਮਾ

ਧੂਰੀ, 12 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ) :ਪੰਜਾਬ ਸਰਕਾਰ ਵੱਲੋਂ ਸੂਬੇ ਦੇ ਵਪਾਰੀਆਂ ਅਤੇ ਕਾਰੋਬਾਰੀਆਂ ਨੂੰ ਵਪਾਰ ਲਈ ਹੋਰ ਵਧੀਆ, ਪਾਰਦਰਸ਼ੀ ਅਤੇ ਸਾਜ਼ਗਾਰ ਮਾਹੌਲ ਪ੍ਰਦਾਨ ਕਰਨ ਦੇ ਮੰਤਵ ਨਾਲ ਬਣਾਏ ਗਏ ਪੰਜਾਬ ਰਾਜ ਵਾਪਰੀ ਕਮਿਸ਼ਨ ਦੀ ਹਲਕਾ ਧੂਰੀ ਇਕਾਈ ਵੱਲੋਂ ਅੱਜ ਸਥਾਨਕ ਬਾਰੂਮੱਲ ਧਰਮਸ਼ਾਲਾ ਵਿਖੇ ਵਪਾਰੀਆਂ ਨਾਲ ਮੀਟਿੰਗ ਕੀਤੀ ਗਈ। ਬੈਠਕ ਦੌਰਾਨ ਛੋਟੇ ਅਤੇ ਦਰਮਿਆਨੇ ਵਪਾਰੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕਰਦਿਆਂ ਆਪਣੇ ਕਾਰੋਬਾਰ ਨਾਲ ਸਬੰਧਿਤ ਮੁੱਦੇ ਅਤੇ ਮੁਸ਼ਕਲਾਂ ਕਮਿਸ਼ਨ ਸਾਹਮਣੇ ਰੱਖੀਆਂ।ਇਸ ਮੌਕੇ ਪੰਜਾਬ ਰਾਜ ਵਪਾਰੀ ਕਮਿਸ਼ਨ ਧੂਰੀ ਦੇ ਚੇਅਰਮੈਨ ਪੁਸ਼ਪਿੰਦਰ ਸ਼ਰਮਾ ਨੇ ਵਪਾਰੀਆਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਦੀਆਂ ਸਮੱਸਿਆਵਾਂ ਨੂੰ ਗੰਭੀਰਤਾ ਨਾਲ ਸੁਣਿਆ ਅਤੇ ਭਰੋਸਾ ਦਿਵਾਇਆ ਕਿ ਵਪਾਰੀਆਂ ਵੱਲੋਂ ਉਠਾਏ ਗਏ ਹਰ ਜਾਇਜ਼ ਮੁੱਦੇ ਦਾ ਹੱਲ ਪਹਿਲ ਦੇ ਆਧਾਰ 'ਤੇ ਕਰਵਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵਪਾਰੀਆਂ ਨੂੰ ਬਿਨਾਂ ਕਿਸੇ ਰੁਕਾਵਟ ਆਪਣੇ ਕਾਰੋਬਾਰ ਨੂੰ ਅੱਗੇ ਵਧਾਉਣ ਲਈ ਅਨੁਕੂਲ ਮਾਹੌਲ ਮੁਹੱਈਆ ਕਰਵਾਉਣ ਲਈ ਲਗਾਤਾਰ ਯਤਨਸ਼ੀਲ ਹੈ। ਚੇਅਰਮੈਨ ਪੁਸ਼ਪਿੰਦਰ ਸ਼ਰਮਾ ਨੇ ਕਿਹਾ ਕਿ ਵਪਾਰੀ ਵਰਗ ਸੂਬੇ ਦੀ ਅਰਥਵਿਵਸਥਾ ਦੀ ਰੀੜ੍ਹ ਦੀ ਹੱਡੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਰਾਜ ਵਾਪਰੀ ਕਮਿਸ਼ਨ ਵਪਾਰੀਆਂ ਅਤੇ ਸਰਕਾਰ ਵਿਚਕਾਰ ਇੱਕ ਅਹਿਮ ਪੁਲ ਵਜੋਂ ਕੰਮ ਕਰ ਰਿਹਾ ਹੈ। ਬੈਠਕ ਦੌਰਾਨ ਵਪਾਰੀਆਂ ਨੇ ਆਪਣੀਆਂ ਵੱਖ-ਵੱਖ ਮੰਗਾਂ ਅਤੇ ਸੁਝਾਅ ਕਮਿਸ਼ਨ ਦੇ ਧਿਆਨ ਵਿੱਚ ਲਿਆਂਦੇ। ਚੇਅਰਮੈਨ ਨੇ ਭਰੋਸਾ ਦਿਵਾਇਆ ਕਿ ਸਾਰੇ ਸੁਝਾਵਾਂ ਨੂੰ ਸਕਾਰਾਤਮਕ ਤਰੀਕੇ ਨਾਲ ਵਿਚਾਰਿਆ ਜਾਵੇਗਾ ਅਤੇ ਸਬੰਧਤ ਵਿਭਾਗਾਂ ਨਾਲ ਤਾਲਮੇਲ ਕਰਕੇ ਉਨ੍ਹਾਂ ਦਾ ਯੋਗ ਹੱਲ ਕੱਢਣ ਲਈ ਲੋੜੀਂਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਸਿਹਤ ਟੀਮ ਵੱਲੋਂ ਪੀ.ਆਰ.ਟੀ.ਸੀ. ਵਰਕਸ਼ਾਪ 'ਚ ਸਰਵੇ

ਬਠਿੰਡਾ, 12 ਜੂਨ (ਦੀਪਕ ਸ਼ਰਮਾ) : ਬਰਸਾਤ ਅਤੇ ਗਰਮੀ ਦੇ ਮੌਸਮ ਦੌਰਾਨ ਡੇਂਗੂ ਤੇ ਮਲੇਰੀਆ ਦੇ ਸੰਭਾਵੀ ਖ਼ਤਰੇ ਨੂੰ ਦੇਖਦਿਆਂ ਸਿਹਤ ਵਿਭਾਗ ਬਠਿੰਡਾ ਵੱਲੋਂ ਅੱਜ ਹਰ ਸ਼ੁੱਕਰਵਾਰ ਡੇਂਗੂ ਤੇ ਵਾਰ ਮੁਹਿੰਮ ਤਹਿਤ ਸਥਾਨਕ ਪੀ.ਆਰ.ਟੀ.ਸੀ. ਵਰਕਸ਼ਾਪ ਅਤੇ ਬੱਸ ਸਟੈਂਡ ਵਿਖੇ ਵੱਡਾ ਚੈਕਿੰਗ ਤੇ ਜਾਗਰੂਕਤਾ ਸਰਵੇ ਕੀਤਾ ਗਿਆ। ਸਿਵਲ ਸਰਜਨ ਡਾ. ਤਪਿੰਦਰਜੋਤ ਦੇ ਦਿਸ਼ਾ-ਨਿਰਦੇਸ਼ਾਂ ਅਤੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਊਸ਼ਾ ਗੋਇਲ ਦੀ ਅਗਵਾਈ ਹੇਠ ਨਿਕਲੀ ਅਰਬਨ ਐਂਟੀ ਲਾਰਵਾ ਟੀਮ ਨੇ ਇਸ ਦੌਰਾਨ ਕਈ ਜਗ੍ਹਾ ਖੜ੍ਹੇ ਪਾਣੀ ਵਿੱਚੋਂ ਮੱਛਰਾਂ ਦਾ ਲਾਰਵਾ ਬਰਾਮਦ ਕੀਤਾ, ਜਿਸ ਨੂੰ ਮੌਕੇ ਤੇ ਹੀ ਤਕਨੀਕੀ ਤਰੀਕੇ ਨਾਲ ਨਸ਼ਟ ਕਰਵਾਇਆ ਗਿਆ। ਵਿਭਾਗ ਨੇ ਆਮ ਲੋਕਾਂ ਅਤੇ ਮੁਲਾਜ਼ਮਾਂ ਨੂੰ ਇਸ ਜਾਨਲੇਵਾ ਬੁਖਾਰ ਪ੍ਰਤੀ ਸੁਚੇਤ ਰਹਿਣ ਦੀ ਅਪੀਲ ਵੀ ਕੀਤੀ। ਇਸ ਮੌਕੇ ਸਿਹਤ ਅਧਿਕਾਰੀਆਂ ਨੇ ਦੱਸਿਆ ਕਿ ਵਰਕਸ਼ਾਪਾਂ ਵਿੱਚ ਅਕਸਰ ਪੁਰਾਣੇ ਟਾਇਰ ਖੁੱਲ੍ਹੇ ਵਿੱਚ ਪਏ ਰਹਿੰਦੇ ਹਨ, ਜਿਨ੍ਹਾਂ ਵਿੱਚ ਮੀਂਹ ਦਾ ਪਾਣੀ ਜਮ੍ਹਾਂ ਹੋਣ ਕਾਰਨ ਡੇਂਗੂ ਫੈਲਾਉਣ ਵਾਲੇ ਐਡੀਜ਼ ਮੱਛਰ ਦਾ ਲਾਰਵਾ ਸਭ ਤੋਂ ਤੇਜ਼ੀ ਨਾਲ ਪਲਦਾ ਹੈ। ਡਾ. ਊਸ਼ਾ ਗੋਇਲ ਨੇ ਸਮੂਹ ਸਰਕਾਰੀ ਦਫ਼ਤਰਾਂ ਅਤੇ ਜ਼ਿਲ੍ਹਾ ਵਾਸੀਆਂ ਨੂੰ ਹਦਾਇਤ ਕੀਤੀ ਕਿ ਉਹ ਹਰ ਸ਼ੁੱਕਰਵਾਰ ਨੂੰ ਲਾਜ਼ਮੀ ਤੌਰ ਤੇ ਡਰਾਈ ਡੇਅ ਵਜੋਂ ਮਨਾਉਣ ਅਤੇ ਕੂਲਰਾਂ, ਫਰਿੱਜਾਂ ਦੀਆਂ ਟਰੇਆਂ ਤੇ ਪੰਛੀਆਂ ਦੇ ਬਰਤਨਾਂ ਨੂੰ ਸਾਫ਼ ਰੱਖਣ। ਜਿੱਥੇ ਪਾਣੀ ਦੀ ਨਿਕਾਸੀ ਸੰਭਵ ਨਹੀਂ, ਉੱਥੇ ਕਾਲੇ ਤੇਲ ਦਾ ਛਿੜਕਾਅ ਕੀਤਾ ਜਾਵੇ। ਸਿਹਤ ਵਿਭਾਗ ਨੇ ਸਪੱਸ਼ਟ ਕੀਤਾ ਕਿ ਸਿਵਲ ਹਸਪਤਾਲ ਬਠਿੰਡਾ ਵਿਖੇ ਮਰੀਜ਼ਾਂ ਲਈ ਵਿਸ਼ੇਸ਼ ਡੇਂਗੂ ਵਾਰਡ ਬਣਾ ਦਿੱਤਾ ਗਿਆ ਹੈ ਅਤੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਇਸ ਦਾ ਟੈਸਟ ਤੇ ਇਲਾਜ ਬਿਲਕੁਲ ਮੁਫ਼ਤ ਹੈ। ਤੇਜ਼ ਬੁਖਾਰ, ਸਿਰ ਦਰਦ ਜਾਂ ਅੱਖਾਂ ਦੇ ਪਿੱਛੇ ਦਰਦ ਵਰਗੇ ਲੱਛਣ ਦਿਖਣ ਤੇ ਤੁਰੰਤ ਜਾਂਚ ਕਰਵਾਉਣ ਦੀ ਸਲਾਹ ਦਿੱਤੀ ਗਈ ਹੈ।

ਸੁਖਬੀਰ ਸਿੰਘ ਬਾਦਲ ਨੇ ਯੂਥ ਆਗੂ ਸ਼ੇਰਗੜ੍ਹ ਨੂੰ ਹਲਕਾ ਪ੍ਰਧਾਨ ਨਿਯੁਕਤ ਕਰਕੇ ਦਿੱਤਾ ਥਾਪੜਾ

ਲਹਿਰਾਗਾਗਾ 12 ਜੂਨ (ਗੁਰਦੀਪ ਸਿੰਘ) ਪਿਛਲੇ ਦਿਨੀਂ ਸ਼੍ਰੋਮਣੀ ਅਕਾਲੀ ਦਲ ਦੇ ਮੁੱਖ ਦਫਤਰ ਵਿਖੇ ਯੂਥ ਅਕਾਲੀ ਦਲ ਦੇ ਸੀਨੀਅਰ ਆਗੂਆਂ ਦੀ ਇੱਕ ਮੀਟਿੰਗ ਸਰਬਜੀਤ ਸਿੰਘ ਝਿੰਜਰ ਪ੍ਰਧਾਨ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਹੇਠ ਕੀਤੀ ਗਈ, ਜਿਸ ਵਿੱਚ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ, ਇਸ ਮੀਟਿੰਗ ਵਿੱਚ ਸਰਦਾਰ ਬਾਦਲ ਨੇ ਯੂਥ ਵਿੰਗ ਨੂੰ ਬੂਥ ਪੱਧਰ ਤੇ ਮਜਬੂਤ ਕਰਨ ਲਈ ਯੂਥ ਆਗੂਆਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਨੌਜਵਾਨਾਂ ਤੋਂ ਸੁਝਾਅ ਲਏ, ਉਨਾਂ ਪਾਰਟੀ ਵਿੱਚ ਸਖਤ ਮਿਹਨਤ ਕਰਨ ਵਾਲੇ ਆਗੂਆਂ ਨੂੰ ਹੱਲਾਸ਼ੇਰੀ ਦਿੰਦਿਆਂ ਕਿਹਾ ਕਿ ਤੁਸੀਂ ਡਟੇ ਰਹੋ ਆਉਣ ਵਾਲਾ ਸਮਾਂ ਸ਼੍ਰੋਮਣੀ ਅਕਾਲੀ ਦਲ ਦਾ ਹੀ ਆ ਰਿਹਾ ਹੈ। ਇਸ ਤੋਂ ਇਲਾਵਾ ਨਵੇਂ ਸਰਕਲ ਪ੍ਰਧਾਨਾਂ ਦੀ ਨਿਯੁੱਕਤੀ ਅਤੇ ਯੂਥ ਵਿੰਗ ਦੇ ਹਲਕਾ ਕੋਰ ਕਮੇਟੀ ਮੈਂਬਰ ਸਾਹਿਬਾਨ ਦੀ ਨਿਯੁੱਕਤੀ ਦੇ ਸੰਬੰਧ ਵਿੱਚ ਵਿਚਾਰ ਵਟਾਂਦਰਾ ਕੀਤਾ ਗਿਆ, ਬਾਦਲ ਨੇ ਹਲਕਾ ਲਹਿਰਾ ਤੋਂ ਧੜੱਲੇਦਾਰ ਨੌਜਵਾਨ ਆਗੂ ਗੁਰਵਿੰਦਰ ਸਿੰਘ ਸ਼ੇਰਗੜ੍ਹ ਦੀਆਂ ਪਾਰਟੀ ਪ੍ਰਤੀ ਤਨਦੇਹੀ ਨਾਲ ਕੀਤੀਆਂ ਸੇਵਾਵਾਂ ਨੂੰ ਦੇਖਦੇ ਹੋਏ ਉਨਾਂ ਨੂੰ ਯੂਥ ਵਿੰਗ ਸ਼੍ਰੋਮਣੀ ਅਕਾਲੀ ਦਲ ਦਾ ਹਲਕਾ ਪ੍ਰਧਾਨ ਨਿਯੁੱਕਤ ਕੀਤਾ ਅਤੇ ਯੂਥ ਆਗੂ ਸ਼ੇਰਗੜ ਦੇ ਮੋਢੇ ਤੇ ਹੱਥ ਰੱਖਦਿਆਂ ਥਾਪੜਾ ਦਿੱਤਾ, ਇੱਥੇ ਇਹ ਦੱਸਣ ਯੋਗ ਹੈ ਕਿ ਗੁਰਵਿੰਦਰ ਸਿੰਘ ਸ਼ੇਰਗੜ੍ਹ ਪਿਛਲੇ ਲੰਮੇ ਸਮੇਂ ਤੋਂ ਐਡਵੋਕੇਟ ਗਗਨਦੀਪ ਸਿੰਘ ਖੰਡੇਬਾਦ ਹਲਕਾ ਇੰਚਾਰਜ ਲਹਿਰਾ ਨਾਲ ਮੋਢੇ ਨਾਲ ਮੋਢਾ ਜੋੜ ਕੇ ਹਲਕੇ ਵਿੱਚ ਪੂਰੀ ਸਰਗਰਮੀ ਨਾਲ ਵਿਚਰ ਰਹੇ ਹਨ ਅਤੇ ਨੌਜਵਾਨਾਂ ਨੂੰ ਲਾਮਬੰਦ ਕਰਨ ਲਈ ਦਿਨ ਰਾਤ ਸਖਤ ਮਿਹਨਤ ਕਰ ਰਹੇ ਹਨ,ਇਸ ਸਮੇਂ ਹਲਕਾ ਇੰਚਾਰਜ ਐਡਵੋਕੇਟ ਗਗਨਦੀਪ ਸਿੰਘ ਖੰਡੇਬਾਦ ਨੇ ਵੀ ਨਵ ਨਿਯੁਕਤ ਹਲਕਾ ਪ੍ਰਧਾਨ ਨੂੰ ਮੁਬਾਰਕਬਾਦ ਦਿੰਦੇ ਹੋਏ ਪਾਰਟੀ ਲਈ ਡੱਟ ਕੇ ਕੰਮ ਕਰ ਲਈ ਪ੍ਰੇਰਿਤ ਕੀਤਾ,ਆਪਣੀ ਨਿਯੁਕਤੀ ਸਬੰਧੀ ਹਲਕਾ ਲਹਿਰਾ ਦੇ ਪ੍ਰਧਾਨ ਗੁਰਵਿੰਦਰ ਸਿੰਘ ਸ਼ੇਰਗੜ੍ਹ ਨੇ ਗੱਲਬਾਤ ਕਰਦਿਆਂ ਕਿਹਾ ਕਿ ਪਾਰਟੀ ਹਾਈ ਕਮਾਨ ਨੇ ਮੇਰੇ ਉਪਰ ਭਰੋਸਾ ਕਰਕੇ ਜੋ ਜਿੰਮੇਵਾਰੀ ਮੈਨੂੰ ਸੌਂਪੀ ਹੈ ਉਹ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਦਾ ਯਤਨ ਕਰਾਂਗਾ,ਤੇ ਆਉਣ ਵਾਲੇ ਸਮੇਂ ਵਿੱਚ ਹਲਕਾ ਪੱਧਰ ਤੇ ਨੌਜਵਾਨਾਂ ਨੂੰ ਲਾਮਬੰਦ ਕਰਕੇ ਹਲਕਾ ਇੰਚਾਰਜ ਗਗਨਦੀਪ ਸਿੰਘ ਖੰਡੇਬਾਦ ਦੇ ਹੱਥ ਮਜਬੂਤ ਕਰਾਂਗਾ ਤਾਂ ਕਿ ਆਉਣ ਵਾਲੀਆਂ ਚੋਣਾਂ ਵਿੱਚ ਹਲਕਾ ਲਹਿਰਾ ਤੋਂ ਸ਼੍ਰੋਮਣੀ ਅਕਾਲੀ ਦਲ ਦਾ ਵਿਧਾਨ ਸਭਾ ਵਿੱਚ ਮੈਂਬਰ ਭੇਜ ਸਕੀਏ।

ਤੰਦਰੁਸਤੀ ਤੇ ਨਸ਼ਾ-ਮੁਕਤੀ ਲਈ ਸਾਈਕਲ ਰੈਲੀ 21 ਜੂਨ ਨੂੰ

ਬੁਢਲਾਡਾ, 12 ਜੂਨ (ਦਵਿੰਦਰ ਸਿੰਘ ਕੋਹਲੀ, ਜੀਵਨ ਕੁਮਾਰ) ਸੇਵਾ ਭਾਰਤੀ , ਬਰਾਂਚ ਬੁਢਲਾਡਾ ਵੱਲੋਂ ਲੋਕਾਂ ਨੂੰ ਤੰਦਰੁਸਤ ਜੀਵਨ ਸ਼ੈਲੀ ਅਪਣਾਉਣ ਅਤੇ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ 21 ਜੂਨ ਨੂੰ ਇੱਕ ਵਿਸ਼ਾਲ ਸਾਈਕਲ ਰੈਲੀ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਰੈਲੀ ਸਵੇਰੇ 6:00 ਵਜੇ ਰੇਲਵੇ ਸਟੇਸ਼ਨ, ਬੁਢਲਾਡਾ ਤੋਂ ਸ਼ੁਰੂ ਹੋ ਕੇ ਗੁਰੂ ਨਾਨਕ ਕਾਲਜ ਤੱਕ ਜਾਵੇਗੀ ਅਤੇ ਉੱਥੋਂ ਵਾਪਸ ਰੇਲਵੇ ਸਟੇਸ਼ਨ ਪਹੁੰਚੇਗੀ।ਸੰਸਥਾ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਰੈਲੀ ਦਾ ਮੁੱਖ ਮਕਸਦ ਨਸ਼ਾ-ਮੁਕਤ ਸਮਾਜ ਦਾ ਸੰਦੇਸ਼ ਫੈਲਾਉਣਾ, ਸਿਹਤ ਅਤੇ ਫਿਟਨੈੱਸ ਪ੍ਰਤੀ ਜਾਗਰੂਕਤਾ ਵਧਾਉਣਾ ਅਤੇ ਨੌਜਵਾਨਾਂ ਨੂੰ ਸਾਈਕਲਿੰਗ ਰਾਹੀਂ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਲਈ ਪ੍ਰੇਰਿਤ ਕਰਨਾ ਹੈ।ਪ੍ਰੋਜੈਕਟ ਚੇਅਰਮੈਨ ਐਡਵੋਕੇਟ ਰਮਨ ਗਰਗ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਸੇਵਾ ਭਾਰਤੀ ਸਮੇਂ-ਸਮੇਂ 'ਤੇ ਸਮਾਜ ਭਲਾਈ, ਸਿਹਤ ਜਾਗਰੂਕਤਾ ਅਤੇ ਸੇਵਾ ਨਾਲ ਜੁੜੇ ਅਨੇਕ ਉਪਰਾਲੇ ਕਰਦੀ ਆ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਸਾਈਕਲ ਰੈਲੀ ਸਬੰਧੀ ਸਾਰੇ ਫ਼ੈਸਲੇ ਸੰਸਥਾ ਦੀ ਇੱਕ ਮਹੱਤਵਪੂਰਨ ਜਨਰਲ ਮੀਟਿੰਗ ਵਿੱਚ ਸਰਬਸੰਮਤੀ ਨਾਲ ਲਏ ਗਏ ਰੈਲੀ ਵਿੱਚ ਭਾਗ ਲੈਣ ਵਾਲੇ ਸਾਰੇ ਭਾਗੀਦਾਰਾਂ ਨੂੰ ਟੀ-ਸ਼ਰਟ, ਭਾਗੀਦਾਰੀ ਸਰਟੀਫਿਕੇਟ ਅਤੇ ਰਿਫਰੈਸ਼ਮੈਂਟ ਦੀ ਸੁਵਿਧਾ ਵੀ ਪ੍ਰਦਾਨ ਕੀਤੀ ਜਾਵੇਗੀ।

ਰਘਵੀਰ ਸਿੰਘ ਮਲੂਕਾ ਤੇ ਗ੍ਰੰਥੀ ਮਨਪ੍ਰੀਤ ਸਿੰਘ ਖ਼ਾਲਸਾ ਦਾ ਸਨਮਾਨ

ਭਗਤਾ ਭਾਈ ਕਾ 12 ਜੂਨ (ਸਵਰਨ ਸਿੰਘ ਭਗਤਾ) ਪਿਛਲੇ ਦਿਨੀ ਭਗਤਾ ਭਾਈ ਇਲਾਕੇ ਦੀ ਉੱਘੀ ਸਾਹਿਤਕ ਸੰਸਥਾ ਸਾਹਿਤਕ ਮੰਚ ਭਗਤਾ ਵੱਲੋਂ ਪੰਜਵੇਂ ਪਾਤਸ਼ਾਹ ਸਾਹਿਬ ਸ਼੍ਰੀ ਗੁਰੂ ਅਰਜਨ ਦੇਵ ਜੀ ਸਮੂਚੀ ਵਿਚਾਰਧਾਰਾ ਅਤੇ ਗੁਰਮੁਖੀ ਲਿਪੀ ਨੂੰ ਦੇਣ ਬਾਰੇ ਭਾਵਪੂਰਵਕ ਸਮਾਗਮ ਕਰਵਾਇਆ ਗਿਆ। ਸਮਾਗਮ ਦਾ ਆਗਾਜ਼ ਮੰਚ ਦੇ ਸਰਪ੍ਰਸਤ ਨਛੱਤਰ ਸਿੰਘ ਸਿੱਧੂ ਦੇ ਸ਼ਬਦ ਗਾਇਨ ਨਾਲ ਹੋਇਆ। ਮੁੱਖ ਵਿਚਾਰਵਾਨ ਭਾਈ ਮਨਪ੍ਰੀਤ ਸਿੰਘ ਨੇ ਸ਼੍ਰੀ ਗੁਰੂ ਅਰਜਨ ਜੀ ਦੀ ਵਿਚਾਰਧਾਰਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਉੱਤੇ ਖੋਜ ਭਰਪੂਰ ਆਪਣੇ ਵਿਚ

ਹਾੜ੍ਹੀ ਸੀਜ਼ਨ ਲਈ ਖਾਦਾਂ ਦਾ ਪੂਰਾ ਸਟਾਕ ਉਪਲੱਬਧ, ਕਿਸਾਨ ਘਬਰਾਉਣ ਨਾ : ਡਾ. ਸੁਖਪਾਲ ਸਿੰਘ ਗਿੱਲ

ਬਰਨਾਲਾ, 12 ਜੂਨ (ਬਘੇਲ ਸਿੰਘ ਧਾਲੀਵਾਲ) : ਹਾੜ੍ਹੀ ਸੀਜ਼ਨ ਦੌਰਾਨ ਕਿਸਾਨਾਂ ਨੂੰ ਖਾਦਾਂ ਦੀ ਨਿਰਵਿਘਨ ਸਪਲਾਈ ਯਕੀਨੀ ਬਣਾਉਣ ਲਈ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਪੂਰੇ ਪ੍ਰਬੰਧ ਕੀਤੇ ਗਏ ਹਨ।ਇਹ ਜਾਣਕਾਰੀ ਦਿੰਦਿਆਂ ਮੁੱਖ ਖੇਤੀਬਾੜੀ ਅਫ਼ਸਰ ਡਾ. ਸੁਖਪਾਲ ਸਿੰਘ ਗਿੱਲ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਸਰਕਾਰੀ ਸਹਿਕਾਰੀ ਸਭਾਵਾਂ ਅਤੇ ਪ੍ਰਾਈਵੇਟ ਖਾਦ ਵਿਕਰੇਤਾਵਾਂ ਕੋਲ ਲੋੜੀਂਦਾ ਖਾਦ ਸਟਾਕ ਉਪਲੱਬਧ ਹੈ, ਇਸ ਲਈ ਕਿਸੇ ਵੀ ਕਿਸਾਨ ਨੂੰ ਘਬਰਾਉਣ ਜਾਂ ਬੇਲੋੜੀ ਖਾਦ ਇਕੱਠੀ ਕਰਨ ਦੀ ਲੋੜ ਨਹੀਂ ਹੈ।ਉਨ੍ਹਾਂ ਭਰੋਸਾ ਦਿਵਾਇਆ ਕਿ ਮੰਗ ਅਨੁਸਾਰ ਖਾਦਾਂ ਦੀ ਉਪਲੱਬਧਤਾ ਯਕੀਨੀ ਬਣਾਈ ਜਾ ਰਹੀ ਹੈ ਅਤੇ ਕਿਸੇ ਵੀ ਤਰ੍ਹਾਂ ਦੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਡਾ. ਗਿੱਲ ਨੇ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਸਰਕਾਰੀ ਅਤੇ ਪ੍ਰਾਈਵੇਟ ਖਾਦ ਵਿਕਰੇਤਾਵਾਂ ਕੋਲ ਖਾਦਾਂ ਦਾ ਢੁਕਵਾਂ ਸਟਾਕ ਮੌਜੂਦ ਹੈ, ਇਸ ਲਈ ਸਿਰਫ਼ ਆਪਣੀ ਲੋੜ ਅਨੁਸਾਰ ਹੀ ਖਾਦ ਦੀ ਖਰੀਦ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪ੍ਰਾਈਵੇਟ ਡੀਲਰ ਤੋਂ ਖਾਦ ਖਰੀਦਦੇ ਸਮੇਂ ਪੱਕਾ ਬਿੱਲ ਜ਼ਰੂਰ ਲਿਆ ਜਾਵੇ।ਜੇਕਰ ਕਿਸੇ ਕਿਸਾਨ ਨੂੰ ਖਾਦ ਖਰੀਦਣ ਸਮੇਂ ਕੋਈ ਮੁਸ਼ਕਿਲ ਪੇਸ਼ ਆਉਂਦੀ ਹੈ, ਕੋਈ ਵਿਕਰੇਤਾ ਨਿਰਧਾਰਿਤ ਰੇਟ ਤੋਂ ਵੱਧ ਕੀਮਤ ਵਸੂਲਦਾ ਹੈ ਜਾਂ ਖਾਦ ਨਾਲ ਹੋਰ ਸਮਾਨ ਜਬਰਦਸਤੀ ਖਰੀਦਣ ਲਈ ਮਜਬੂਰ ਕਰਦਾ ਹੈ ਤਾਂ ਇਸ ਦੀ ਸੂਚਨਾ ਤੁਰੰਤ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ ਨੂੰ ਦਿੱਤੀ ਜਾਵੇ, ਤਾਂ ਜੋ ਤੁਰੰਤ ਬਣਦੀ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਸਕੇ।ਉਨ੍ਹਾਂ ਇਹ ਵੀ ਸਪੱਸ਼ਟ ਕੀਤਾ ਕਿ ਜਿਨ੍ਹਾਂ ਕਿਸਾਨਾਂ ਨੇ ਆਪਣੀ 'ਕਿਸਾਨ ਆਈ.ਡੀ.' (94) ਬਣਵਾਈ ਹੋਈ ਹੈ, ਉਨ੍ਹਾਂ ਨੂੰ ਪਹਿਲ ਦੇ ਅਧਾਰ 'ਤੇ ਖਾਦ ਮੁਹੱਈਆ ਕਰਵਾਈ ਜਾਵੇਗੀ। ਇਸ ਲਈ ਕਿਸਾਨ ਆਪਣੇ ਨਜ਼ਦੀਕੀ ਖੇਤੀਬਾੜੀ ਦਫ਼ਤਰ ਜਾਂ ਫਿਰ ਸੀ ਐਚ ਸੀ ਸੈਂਟਰ ਵਿੱਚ ਜਾ ਕੇ ਆਪਣੀ ਫਾਰਮਰ ਆਈ ਡੀ ਬਣਵਾਉਣ।

ਪ੍ਰਧਾਨ ਮਨੀਸ਼ ਗਰਗ ਨੇ ਬਰਨਾਲਾ ਦੇ ਮੇਅਰ ਹਸਨਪ੍ਰੀਤ ਭਾਰਤਵਾਜ ਨੂੰ ਦਿੱਤੀ ਵਧਾਈ

ਭਦੌੜ, 12 ਜੂਨ (ਸੁਖਵਿੰਦਰ ਪਲਾਹ) : ਨਗਰ ਕੌਂਸਲ ਭਦੌੜ ਦੇ ਸਾਬਕਾ ਪ੍ਰਧਾਨ ਮਨੀਸ਼ ਕੁਮਾਰ ਗਰਗ ਨੇ ਉਚੇਚੇ ਤੌਰ 'ਤੇ ਬਰਨਾਲਾ ਪਹੁੰਚ ਕੇ ਨਗਰ ਨਿਗਮ ਬਰਨਾਲਾ ਦੇ ਨਵ-ਨਿਯੁਕਤ ਅਤੇ ਪਹਿਲੇ ਮੇਅਰ ਹਸਨਪ੍ਰੀਤ ਭਾਰਤਵਾਜ ਨੂੰ ਉਹਨਾਂ ਦੀ ਇਤਿਹਾਸਕ ਪ੍ਰਾਪਤੀ 'ਤੇ ਫੁੱਲਾਂ ਦਾ ਗੁਲਦਸਤਾ ਭੇਟ ਕਰਕੇ ਮੁਬਾਰਕਬਾਦ ਦਿੱਤੀ। ਇਸ ਮੁਲਾਕਾਤ ਦੌਰਾਨ ਮਨੀਸ਼ ਕੁਮਾਰ ਗਰਗ ਨੇ ਭਾਰਤਵਾਜ ਨੂੰ ਨਵੀਂ ਜ਼ਿੰਮੇਵਾਰੀ ਸਾਂਭਣ 'ਤੇ ਸ਼ੁਭਕਾਮਨਾਵਾਂ ਦਿੰਦਿਆਂ ਉਮੀਦ ਜਤਾਈ ਕਿ ਉਨ੍ਹਾਂ ਦੀ ਅਗਵਾਈ ਹੇਠ ਬਰਨਾਲਾ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਇੱਕ ਨਵੀਂ ਗਤੀ ਅਤੇ ਉੱਚਾਈ ਮਿਲੇਗੀ। ਉਨ੍ਹਾਂ ਕਿਹਾ ਕਿ ਬਰਨਾਲਾ ਨਗਰ ਨਿਗਮ ਦੇ ਪਹਿਲੇ ਮੇਅਰ ਵਜੋਂ ਹਸਨਪ੍ਰੀਤ ਭਾਰਤਵਾਜ ਦੀ ਨਿਯੁਕਤੀ ਸ਼ਹਿਰ ਵਾਸਤੇ ਬੇਹੱਦ ਮਾਣ ਵਾਲੀ ਗੱਲ ਹੈ ਅਤੇ ਉਨ੍ਹਾਂ ਦੀ ਸੂਝਬੂਝ ਸਦਕਾ ਬਰਨਾਲਾ ਸ਼ਹਿਰ ਦੀਆਂ ਸਾਰੀਆਂ ਜਨਤਕ ਸਮੱਸਿਆਵਾਂ ਦਾ ਸੁਚੱਜਾ ਹੱਲ ਹੋਵੇਗਾ। ਮੇਅਰ ਹਸਨਪ੍ਰੀਤ ਭਾਰਦਵਾਜ ਨੇ ਵੀ ਇਸ ਸੁਨੇਹੇ ਅਤੇ ਸਨਮਾਨ ਲਈ ਮਨੀਸ਼ ਗਰਗ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਸ਼ਹਿਰ ਵਾਸੀਆਂ ਦੀਆਂ ਉਮੀਦਾਂ 'ਤੇ ਪੂਰਾ ਉਤਰਨ ਦਾ ਭਰੋਸਾ ਦਿੱਤਾ। ਇਸ ਮੌਕੇ ਦੋਵਾਂ ਆਗੂਆਂ ਵਿਚਾਲੇ ਇਲਾਕੇ ਦੇ ਵਿਕਾਸ ਨੂੰ ਲੈ ਕੇ ਕਈ ਅਹਿਮ ਅਤੇ ਸਕਾਰਾਤਮਕ ਗੱਲਾਂ ਵੀ ਸਾਂਝੀਆਂ ਕੀਤੀਆਂ ਗਈਆਂ।

ਤਰਸੇਮ ਭੱਠਲ ਮਾਮਲੇ 'ਚ ਕਾਰਵਾਈ ਦੀ ਮੰਗ ਡੀ.ਸੀ. ਤੇ ਐੱਸ.ਐੱਸ.ਪੀ. ਨੂੰ ਮਿਲੇਗਾ ਵਫ਼ਦ

ਬਰਨਾਲਾ, 12 ਜੂਨ (ਬਘੇਲ ਸਿੰਘ ਧਾਲੀਵਾਲ) : ਮੁਲਾਜ਼ਮ ਡਿਫੈਂਸ ਕਮੇਟੀ ਬਰਨਾਲਾ ਦੇ ਸੱਦੇ 'ਤੇ ਅੱਜ ਬਰਨਾਲਾ ਜ਼ਿਲ੍ਹੇ ਦੀਆਂ ਸਮੂਹ ਮੁਲਾਜ਼ਮ, ਪੈਨਸ਼ਨਰਜ, ਕਿਸਾਨ, ਮਜ਼ਦੂਰ ਅਤੇ ਜਨਤਕ ਜਮਹੂਰੀ ਜੱਥੇਬੰਦੀਆਂ ਦੀ ਮੀਟਿੰਗ ਸਥਾਨਕ ਡੀ ਸੀ ਕੰਪਲੈਕਸ ਦੇ ਪਾਰਕ ਵਿੱਚ ਕੀਤੀ ਗਈ। ਮੀਟਿੰਗ ਵਿੱਚ ਸੰਬੋਧਨ ਕਰਦਿਆਂ ਮੁਲਾਜ਼ਮ ਆਗੂ ਕਰਮਜੀਤ ਬੀਹਲਾ, ਰਾਜੀਵ ਕੁਮਾਰ, ਰਵਿੰਦਰ ਸ਼ਰਮਾ, ਨਿਰਮਲਜੀਤ ਸਿੰਘ, ਸੇਵਾ ਮੁਕਤ ਆਗੂ ਕੌਰ ਸਿੰਘ, ਹਾਕਮ ਸਿੰਘ ਨੂਰ, ਮੋਹਣ ਸਿੰਘ ਛੰਨਾਂ ਨੇ ਕਿਹਾ ਕਿ ਬੀਤੀ 9 ਜੂਨ 2026 ਨੂੰ ਪੁਲਿਸ ਪ੍ਰਸ਼ਾਸਨ ਵੱਲੋਂ ਸੇਵਾ ਕੇਂਦਰ ਬਰਨਾਲਾ ਦੇ ਮੁਲਾਜ਼ਮਾਂ ਨੂੰ ਧਰਨੇ ਵਿੱਚੋਂ ਚੁੱਕਣ ਸਮੇਂ ਤਰਸੇਮ ਭੱਠਲ ਸੂਬਾ ਜਨਰਲ ਸਕੱਤਰ ਪੰਜਾਬ ਸਟੇਟ ਮਨਿਸਟਰੀਅਲ ਸਰਵਿਸ ਯੂਨੀਅਨ ਨਾਲ ਲਖਵਿੰਦਰ ਸਿੰਘ ਐਸਐਚਓ ਬਰਨਾਲਾ ਵੱਲੋਂ ਦੁਰਵਿਹਾਰ ਕੀਤਾ ਗਿਆ ਅਤੇ ਗੈਰ ਮਿਆਰੀ ਭਾਸ਼ਾ ਦੀ ਵਰਤੋਂ ਕੀਤੀ ਗਈ।ਜਿਸ ਨਾਲ ਇੱਕ ਜੱਥੇਬੰਦਕ ਆਗੂ ਦੀ ਸ਼ਖਸ਼ੀਅਤ ਨੂੰ ਠੇਸ ਲੱਗੀ ਹੈ। ਇਸ ਮੀਟਿੰਗ ਵਿੱਚ ਮੁਲਾਜ਼ਮ ਡਿਫੈਂਸ ਕਮੇਟੀ ਦੇ ਪ੍ਰਮੁੱਖ ਆਗੂ ਦਰਸ਼ਨ ਚੀਮਾ, ਹਰਿੰਦਰ ਮੌਲੀਆਂ, ਅਨਿਲ ਕੁਮਾਰ, ਤਜਿੰਦਰ ਤੇਜੀ, ਸੁਖਜੀਤ ਸਿੰਘ, ਬੀ ਕੇ ਯੂ ਉਗਰਾਹਾਂ ਦੇ ਚਮਕੌਰ ਸਿੰਘ ਨੈਣੇਵਾਲ, ਕਮਲਜੀਤ ਕੌਰ, ਬੀ.ਕੇ.ਯੂ. ਡਕੌਂਦਾ ਦੇ ਬਾਬੂ ਸਿੰਘ ਖੁੱਡੀਕਲਾਂ, ਕਰਾਂਤੀਕਾਰੀ ਕਿਸਾਨ ਯੂਨੀਅਨ ਦੇ ਮਨਜੀਤ ਰਾਜ, ਕਰਾਂਤੀਕਾਰੀ ਕਿਸਾਨ ਯੂਨੀਅਨ ਮਹਿਮਾ ਸਿੰਘ ਧਨੌਲਾ, ਮੋਹਣ ਸਿੰਘ ਰੂੜੇਕੇ, ਬੀ ਕੇ ਯੂ ਲੱਖੋਵਾਲ ਦੇ ਕੈਪਟਨ ਹਰਦੀਪ ਸਿੰਘ, ਮਜ਼ਦੂਰ ਮੁਕਤੀ ਮੋਰਚਾ ਦੇ ਗੁਰਪ੍ਰੀਤ ਰੂੜੇਕੇ, ਜਮਹੂਰੀ ਅਧਿਕਾਰ ਸਭਾ ਦੇ ਡਾ.ਸੋਹਣ ਸਿੰਘ ਮਾਝੀ, ਇਨਕਲਾਬੀ ਕੇਂਦਰ ਦੇ ਸੁਖਵਿੰਦਰ ਠੀਕਰੀਵਾਲਾ, ਤੀਰਥ ਦਾਸ, ਮੋਹਣ ਸਿੰਘ, ਅਮਰਜੀਤ ਸਿੰਘ, ਬਲਵੰਤ ਸਿੰਘ ਕਿਹਾ ਕਿ ਲਖਵਿੰਦਰ ਸਿੰਘ ਐਸ ਐਚ ਓ ਬਰਨਾਲਾ ਨੇ ਸਾਥੀ ਤਰਸੇਮ ਭੱਠਲ ਨਾਲ ਦੁਰਵਿਵਹਾਰ ਕੀਤਾ ਹੈ, ਧੱਕੇ ਮਾਰੇ ਹਨ, ਅੱਪਸ਼ਬਦ ਬੋਲੇ ਹਨ ਅਤੇ ਗਿਰਫਤਾਰ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਜਦਕਿ ਇਹ ਧਰਨਾ ਸੇਵਾ ਕੇਂਦਰ ਦੇ ਮੁਲਾਜ਼ਮਾਂ ਵੱਲੋਂ ਆਪਣੀਆਂ ਮੰਗਾਂ ਦੇ ਸਬੰਧ ਵਿੱਚ ਲਗਾਇਆ ਗਿਆ ਸੀ, ਜਿਸ ਵਿੱਚ ਸਾਥੀ ਤਰਸੇਮ ਭੱਠਲ ਸਿਰਫ ਜਥੇਬੰਦਕ ਤੌਰ 'ਤੇ ਉਹਨਾਂ ਨਾਲ ਹੋ ਰਹੇ ਜਬਰ ਦਾ ਵਿਰੋਧ ਕਰਨ ਲਈ ਗਏ ਸਨ । ਇਸ ਲਈ ਸਮੂਹ ਆਗੂਆਂ ਵੱਲੋਂ ਇਹ ਮਤਾ ਪਾਸ ਕੀਤਾ ਗਿਆ ਕਿ ਜਲਦੀ ਹੀ ਮੁਲਾਜ਼ਮ ਡਿਫੈਂਸ ਕਮੇਟੀ ਦੇ ਮੈਂਬਰ ਇੱਕ ਵਫਦ ਦੇ ਰੂਪ ਵਿੱਚ ਡਿਪਟੀ ਕਮਿਸ਼ਨਰ ਬਰਨਾਲਾ ਅਤੇ ਐਸਐਸਪੀ ਬਰਨਾਲਾ ਨੂੰ ਮਿਲ ਮੌਕੇ ਦੇ ਪੁਲਿਸ ਅਧਿਕਾਰੀ ਤੋਂ ਗਲਤੀ ਦਾ ਅਹਿਸਾਸ ਕਰਵਾਉਣ ਦਾ ਅਲਟੀਮੇਟਮ ਦਿੱਤਾ ਜਾਵੇਗਾ ਅਤੇ ਜੇਕਰ ਸਾਥੀ ਭੱਠਲ ਦਾ ਸਨਮਾਨ ਬਹਾਲ ਕਰਨ ਦੇ ਲਈ ਜਿਲ੍ਹਾ ਪ੍ਰਸ਼ਾਸਨ ਵੱਲੋਂ ਕੋਈ ਉਚਿਤ ਕਦਮ ਨਹੀਂ ਉਠਾਏ ਜਾਂਦੇ ਤਾਂ ਜਥੇਬੰਦੀ ਵੱਲੋਂ ਸਖ਼ਤ ਐਕਸ਼ਨ ਲਏ ਜਾਣਗੇ।

ਜੂਨ '੮੪ ਦੇ ਸ਼ਹੀਦਾਂ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਠੰਢੇ-ਮਿੱਠੇ ਜਲ ਦੀ ਛਬੀਲ ਲਗਾਈ

ਮਹਿਲ ਕਲਾਂ, 12 ਜੂਨ (ਬਘੇਲ ਸਿੰਘ ਧਾਲੀਵਾਲ) : ਜੂਨ 1984 ਦੇ ਸ਼ਹੀਦਾਂ ਅਤੇ ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਹਰ ਸਾਲ ਦੀ ਤਰਾਂ ਨੈਸਲੇ ਡੇਅਰੀ ਮੋਗਾ (ਹਰਦਾਸਪੁਰਾ) ਦੇ ਮਾਲਕ ਸ, ਬਲਜੀਤ ਸਿੰਘ ਮੀਤਾ ਦਿਓਲ ਨੇ ਨਗਰ ਦੇ ਸਹਿਯੋਗ ਨਾਲ ਸ਼ਹੀਦਾਂ ਨੂੰ ਸਮਰਪਿਤ ਠੰਢੇ ਮਿੱਠੇ ਜਲ ਦੀ ਛਬੀਲ ਲਗਾਈ, ਇਸ ਮੌਕੇ ਜਲ ਜ਼ੀਰੇ ਵਾਲਾ ਪਾਣੀ ਸਿੱਖ ਸੰਗਤਾਂ ਨੂੰ ਪਿਲਾਇਆ ਗਿਆ।ਨਗਰ ਦੇ ਨੌਜਵਾਨਾਂ ਨੇ ਆਈਆਂ ਸਿੱਖ ਸੰਗਤਾਂ ਦੀ ਖੂਬ ਸੇਵਾ ਕੀਤੀ।ਬਲਜੀਤ ਸਿੰਘ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿੱਥੇ ਸਾਡਾ ਮਕਸਦ ਤੱਪਦੀ ਗਰਮੀ ਦੌਰਾਨ ਲੋਕਾਂ ਨੂੰ ਠੰਢਾ ਮਿੱਠਾ ਜਲ ਛਕਾ ਕੇ ਰਾਹਤ ਪਹੁੰਚਾਉਣਾ ਹੈ ਉੱਥੇ ਨੌਜਵਾਨ ਪੀੜ੍ਹੀ ਨੂੰ ਜੂਨ ਚੁਰਾਸੀ ਦੇ ਸਮੂਹ ਸ਼ਹੀਦਾਂ ਅਤੇ ਧੰਨ ਗੁਰੂ ਅਰਜਨ ਸਾਹਿਬ ਜੀ ਮਹਾਰਾਜ ਦੀ ਕੀਤੀ ਕੁਰਬਾਨੀ ਨੂੰ ਯਾਦ ਕਰਨਾ ਵੀ ਹੈ ਤਾਂ ਕਿ ਆਉਣ ਵਾਲੀਆਂ ਪੀੜ੍ਹੀਆਂ ਸਮੂਹ ਸ਼ਹੀਦਾਂ ਤੋਂ ਪ੍ਰੇਰਨਾ ਲੈਕੇ ਮਨੁੱਖਤਾ ਦੇ ਭਲੇ ਹਿੱਤ ਸੇਵਾਵਾਂ ਨਿਭਾਉਣ ਲਈ ਤਤਪਰ ਰਹਿਣ। ਉਨ੍ਹਾਂ ਕਿਹਾ ਕਿ ਬੜੇ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਪਦਾਰਥਵਾਦ ਦੀ ਹਨੇਰੀ ਕਾਰਨ ਅੱਜ ਸਾਡੇ ਅੰਦਰ ਕੌਮੀ ਜਜ਼ਬਾ ਦਿਨੋ ਦਿਨ ਘੱਟਦਾ ਜਾ ਰਿਹਾ ਹੈ। ਇਸ ਜਜ਼ਬੇ ਨੂੰ ਬਰਕਰਾਰ ਰੱਖਣ ਲਈ ਸਾਨੂੰ ਆਪਣੇ ਸ਼ਹੀਦਾਂ ਦੇ ਸ਼ਹੀਦੀ ਦਿਹਾੜੇ, ਉਨ੍ਹਾਂ ਦੇ ਪਾਏ ਪੂਰਨਿਆਂ ਦੀ ਬਾਤ ਆਪਣੇ ਬੱਚਿਆਂ ਨੂੰ ਦ੍ਰਿੜ ਕਰਵਾਉਣੀ ਚਾਹੀਦੀ ਹੈ ਤਾਂ ਕਿ ਅਸੀਂ ਆਪਣੇ ਅਮੀਰ ਵਿਰਸੇ ਨੂੰ ਸਾਂਭ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰ ਸਕੀਏ।ਇਸ ਮੌਕੇ ਭਾਈ ਜਗਰਾਜ ਸਿੰਘ, ਭਾਈ ਹਰਪਾਲ ਸਿੰਘ, ਭਾਈ ਚੰਦਰ ਸਿੰਘ, ਭਾਈ ਨਿਰਮਲ ਸਿੰਘ, ਭਾਈ ਅਮਰੀਕ ਸਿੰਘ, ਭਾਈ ਸੁਖਚੈਨ ਸਿੰਘ, ਭਾਈ ਮਨਜੀਤ ਸਿੰਘ ਆਦਿ ਆਗੂ ਹਾਜ਼ਰ ਸਨ।

31 ਜੁਲਾਈ ਤੱਕ ਪਦਮ ਪੁਰਸਕਾਰ-2027 ਲਈ ਨਾਮਜ਼ਦਗੀਆਂ ਭੇਜੀਆਂ ਜਾਣ : ਡੀ.ਸੀ.

ਬਰਨਾਲਾ, 12 ਜੂਨ (ਬਘੇਲ ਸਿੰਘ ਧਾਲੀਵਾਲ): ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਆਈ ਏ ਐੱਸ ਨੇ ਦੱਸਿਆ ਕਿ ਭਾਰਤ ਸਰਕਾਰ ਵੱਲੋਂ ਹਰ ਸਾਲ 'ਗਣਤੰਤਰ ਦਿਵਸ' ਮੌਕੇ ਐਲਾਨ ਕੀਤੇ ਜਾਣ ਲਈ ਪਦਮ ਪੁਰਸਕਾਰਾਂ ਲਈ ਨਾਮਜ਼ਦਗੀਆਂ ਦੀ ਮੰਗ ਕੀਤੀ ਗਈ ਹੈ।ਪਦਮ ਪੁਰਸਕਾਰ-2027 ਲਈ ਨਾਮਜ਼ਦਗੀਆਂ/ਸਿਫ਼ਾਰਸ਼ਾਂ 15 ਮਾਰਚ 2026 ਤੋਂ ਸ਼ੁਰੂ ਹੋ ਚੁੱਕੀਆਂ ਹਨ।ਪਦਮ ਪੁਰਸਕਾਰਾਂ ਲਈ ਨਾਮਜ਼ਦਗੀਆਂ ਭੇਜਣ ਦੀ ਆਖਰੀ ਤਾਰੀਖ 31 ਜੁਲਾਈ 2026 ਹੈ।ਨਾਮਜ਼ਦਗੀਆਂ ਅਤੇ ਸਿਫ਼ਾਰਸ਼ਾਂ ਸਿਰਫ਼ ਆਨਲਾਈਨ ਰਾਸ਼ਟਰੀ ਪੁਰਸਕਾਰ ਪੋਰਟਲ 'ਤੇ ਪ੍ਰਾਪਤ ਕੀਤੀਆਂ ਜਾਣਗੀਆਂ।ਪਦਮ ਪੁਰਸਕਾਰ, ਜਿਨ੍ਹਾਂ ਵਿੱਚ ਪਦਮ ਵਿਭੂਸ਼ਣ, ਪਦਮ ਭੂਸ਼ਣ ਅਤੇ ਪਦਮ ਸ਼੍ਰੀ ਸ਼ਾਮਲ ਹਨ, ਦੇਸ਼ ਦੇ ਸਭ ਤੋਂ ਉੱਚੇ ਨਾਗਰਿਕ ਸਨਮਾਨਾਂ ਵਿੱਚੋਂ ਇੱਕ ਹਨ।ਸਾਲ 1954 ਵਿੱਚ ਸ਼ੁਰੂ ਕੀਤੇ ਗਏ ਇਹ ਪੁਰਸਕਾਰ ਹਰ ਸਾਲ ਗਣਤੰਤਰ ਦਿਵਸ ਦੇ ਮੌਕੇ 'ਤੇ ਐਲਾਨੇ ਜਾਂਦੇ ਹਨ।ਉਹਨਾਂ ਦੱਸਿਆ ਕਿ ਨਾਮਜ਼ਦਗੀਆਂ/ਸਿਫ਼ਾਰਸ਼ਾਂ ਵਿੱਚ ਪੋਰਟਲ 'ਤੇ ਉਪਲੱਬਧ ਨਿਰਧਾਰਤ ਫਾਰਮੈਟ ਅਨੁਸਾਰ ਸਾਰੀ ਲੋੜੀਂਦੀ ਜਾਣਕਾਰੀ ਦੇਣੀ ਹੋਵੇਗੀ। ਇਸ ਵਿੱਚ ਵੱਧ ਤੋਂ ਵੱਧ 800 ਸ਼ਬਦਾਂ ਦਾ ਇੱਕ ਵਰਣਨਾਤਮਕ ਹਵਾਲਾ ਵੀ ਸ਼ਾਮਲ ਹੋਣਾ ਚਾਹੀਦਾ ਹੈ, ਜਿਸ ਵਿੱਚ ਸਿਫ਼ਾਰਸ਼ ਕੀਤੇ ਗਏ ਵਿਅਕਤੀ ਦੀਆਂ ਵਿਸ਼ੇਸ਼ ਅਤੇ ਅਸਾਧਾਰਣ ਪ੍ਰਾਪਤੀਆਂ ਜਾਂ ਸੇਵਾਵਾਂ ਦਾ ਸਪੱਸ਼ਟ ਵੇਰਵਾ ਹੋਵੇ।ਇਸ ਸਬੰਧੀ ਹੋਰ ਜਾਣਕਾਰੀ ਗ੍ਰਹਿ ਮੰਤਰਾਲੇ ਦੀ ਵੈੱਬਸਾਈਟ ਦੇ "Awards and Medals" ਭਾਗ ਅਤੇ ਪਦਮ ਪੁਰਸਕਾਰ ਪੋਰਟਲ 'ਤੇ ਉਪਲੱਬਧ ਹੈ।

ਅਧਿਆਪਕਾਂ ਦੀਆਂ ਜਾਇਜ਼ ਮੰਗਾਂ ਨੂੰ ਪਹਿਲ ਦੇ ਆਧਾਰ 'ਤੇ ਮੰਨੇ ਪੰਜਾਬ ਸਰਕਾਰ : ਓਂਕਾਰ ਸਿੱਧੂ

ਧੂਰੀ, 12 ਜੂਨ (ਰਾਜੇਸ਼ਵਰ ਪਿੰਟੂ, ਅਮਨ ਗਰਗ) : ਸਾਬਕਾ ਓ.ਐੱਸ.ਡੀ. ਅਤੇ ਭਾਰਤੀ ਜਨਤਾ ਪਾਰਟੀ ਦੇ ਹਲਕਾ ਧੂਰੀ ਤੋਂ ਸੀਨੀਅਰ ਆਗੂ ਪ੍ਰੋਫੈਸਰ ਓਂਕਾਰ ਸਿੰਘ ਸਿੱਧੂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਹੈ ਕਿ ਧੂਰੀ ਵਿਖੇ ਮੋਬਾਈਲ ਟਾਵਰ 'ਤੇ ਚੜ੍ਹ ਕੇ ਆਪਣੇ ਹੱਕਾਂ ਦੀ ਲੜਾਈ ਲੜ ਰਹੇ 2994 ਈ.ਟੀ.ਟੀ. ਅਧਿਆਪਕ ਯੂਨੀਅਨ ਦੀਆਂ ਮੰਗਾਂ ਨੂੰ ਬਿਨਾਂ ਕਿਸੇ ਦੇਰੀ ਦੇ ਤੁਰੰਤ ਪ੍ਰਵਾਨ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਅਧਿਆਪਕਾਂ ਨੂੰ ਆਪਣੀਆਂ ਮੰਗਾਂ ਮਨਵਾਉਣ ਲਈ ਜਾਨ ਜੋਖ਼ਮ ਵਿੱਚ ਪਾ ਕੇ ਟਾਵਰਾਂ 'ਤੇ ਚੜ੍ਹਨ ਲਈ ਮਜਬੂਰ ਹੋਣਾ ਪੈ ਰਿਹਾ ਹੈ, ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ।

ਪ੍ਰੋਫੈਸਰ ਸਿੱਧੂ ਨੇ ਕਿਹਾ ਕਿ ਅਧਿਆਪਕ ਵਰਗ ਸਮਾਜ ਦਾ ਦਰਪਣ ਅਤੇ ਸਿੱਖਿਆ ਪ੍ਰਣਾਲੀ ਦੀ ਰੀੜ੍ਹ ਦੀ ਹੱਡੀ ਹੈ। ਦੇਸ਼ ਦੇ ਭਵਿੱਖ ਦਾ ਨਿਰਮਾਣ ਕਰਨ ਵਾਲੇ ਅਧਿਆਪਕਾਂ ਨੂੰ ਜੇਕਰ ਸੜਕਾਂ 'ਤੇ ਰੁਲਣਾ ਪਵੇ, ਤਾਂ ਇਹ ਕਿਸੇ ਵੀ ਸਰਕਾਰ ਲਈ ਚੰਗੀ ਗੱਲ ਨਹੀਂ ਹੈ। ਉਨ੍ਹਾਂ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਇਨ੍ਹਾਂ ਈ.ਟੀ.ਟੀ. ਅਧਿਆਪਕਾਂ ਨਾਲ ਇਨਸਾਫ਼ ਕਰਦਿਆਂ ਉਨ੍ਹਾਂ ਦੀਆਂ ਮੰਗਾਂ ਨੂੰ ਤੁਰੰਤ ਮਨਜ਼ੂਰ ਕੀਤਾ ਜਾਵੇ ਤਾਂ ਜੋ ਅਧਿਆਪਕ ਅਤੇ ਉਨ੍ਹਾਂ ਦੇ ਪਰਿਵਾਰ ਮਾਨਸਿਕ ਪ੍ਰੇਸ਼ਾਨੀ ਤੋਂ ਮੁਕਤ ਹੋ ਸਕਣ।

ਉਨ੍ਹਾਂ ਅੱਗੇ ਕਿਹਾ ਕਿ ਅਧਿਆਪਕਾਂ ਦੀਆਂ ਇਹ ਮੰਗਾਂ ਬਿਲਕੁਲ ਜਾਇਜ਼ ਹਨ ਅਤੇ ਇਨ੍ਹਾਂ ਦਾ ਹੱਲ ਕਰਨਾ ਸਮੇਂ ਦੀ ਮੁੱਖ ਲੋੜ ਹੈ। ਸਰਕਾਰ ਨੂੰ ਇਸ ਮਾਮਲੇ ਦੀ ਗੰਭੀਰਤਾ ਨੂੰ ਸਮਝਦੇ ਹੋਏ ਤੁਰੰਤ ਦਖਲ ਦੇਣਾ ਚਾਹੀਦਾ ਹੈ। ਜੇਕਰ ਸਰਕਾਰ ਸਮੇਂ ਸਿਰ ਸਾਰਥਕ ਕਦਮ ਨਹੀਂ ਚੁੱਕ

ਪਟਿਆਲਾ-ਆਸ/ਪਾਸ

ਲਾਹੌਰੀ ਗੇਟ ਤੋਂ ਹਨੂੰਮਾਨ ਮੰਦਰ ਤੱਕ ਨਾਲੇ ਦੀ ਸਫਾਈ ਮੁਹਿੰਮ ਤੇਜ਼

➢ਮੇਅਰ ਕੁੰਦਨ ਗੋਗੀਆ ਦੀ ਰਹਿਨੁਮਾਈ ਹੇਠ 35 ਤੋਂ ਵੱਧ ਕਰਮਚਾਰੀਆਂ ਦੀ ਟੀਮ ਜੁਟੀ, ਬਰਸਾਤਾਂ ਤੋਂ ਪਹਿਲਾਂ ਕੀਤੇ ਜਾ ਰਹੇ ਵਿਸ਼ੇਸ਼ ਪ੍ਰਬੰਧ

ਪਟਿਆਲਾ, 12 ਜੂਨ (ਰੁਪਾਣਾ) : ਸ਼ਹਿਰ ਨੂੰ ਬਰਸਾਤਾਂ ਦੇ ਮੌਸਮ ਦੌਰਾਨ ਪਾਣੀ ਦੇ ਸਹੀ ਵਹਾਅ ਅਤੇ ਗੰਦਗੀ ਦੀ ਸਮੱਸਿਆ ਤੋਂ ਬਚਾਉਣ ਲਈ ਨਗਰ ਨਿਗਮ ਵੱਲੋਂ ਨਾਲਿਆਂ ਦੀ ਸਫਾਈ ਦਾ ਕੰਮ ਜ਼ੋਰ-ਸ਼ੋਰ ਨਾਲ ਕੀਤਾ ਜਾ ਰਿਹਾ ਹੈ। ਇਸੇ ਕੜੀ ਤਹਿਤ ਪੂਜਾ ਸਵੀਟ ਲਾਹੌਰੀ ਗੇਟ ਤੋਂ ਲੈ ਕੇ ਹਨੂਮਾਨ ਮੰਦਰ ਤੱਕ ਜਾਂਦੇ ਮੁੱਖ ਨਾਲੇ ਦੀ ਵਿਸ਼ੇਸ਼ ਸਫਾਈ ਮੁਹਿੰਮ ਮੇਅਰ ਕੁੰਦਨ ਗੋਗੀਆ ਦੀ ਰਹਿਨੁਮਾਈ ਹੇਠ ਸ਼ੁਰੂ ਕਰ ਦਿੱਤੀ ਗਈ ਹੈ। ਮੇਅਰ ਕੁੰਦਨ ਗੋਗੀਆ ਨੇ ਦੱਸਿਆ ਕਿ ਮਾਨਸੂਨ ਸੀਜ਼ਨ ਨੂੰ ਧਿਆਨ ਵਿੱਚ ਰੱਖਦਿਆਂ ਨਗਰ ਨਿਗਮ ਵੱਲੋਂ ਪਹਿਲਾਂ ਹੀ ਯੋਜਨਾਬੱਧ ਢੰਗ ਨਾਲ ਸਫਾਈ ਕਾਰਜ ਸ਼ੁਰੂ ਕਰ ਦਿੱਤੇ ਗਏ ਹਨ। ਉਨ੍ਹਾਂ ਕਿਹਾ ਕਿ ਸ਼ਹਿਰ ਵਿੱਚ ਕਿਸੇ ਵੀ ਥਾਂ ਤੇ ਪਾਣੀ ਦੀ ਨਿਕਾਸੀ ਸੁਚਾਰੂ ਢੰਗ ਨਾਲ ਹੋ ਸਕੇ, ਇਸ ਲਈ 35 ਤੋਂ ਵੱਧ ਕਰਮਚਾਰੀਆਂ ਦੀ ਵਿਸ਼ੇਸ਼ ਟੀਮ ਤਾਇਨਾਤ ਕੀਤੀ ਗਈ ਹੈ। ਇਹ ਟੀਮ ਲਗਾਤਾਰ ਵੱਖ-ਵੱਖ ਖੇਤਰਾਂ ਵਿੱਚ ਨਾਲਿਆਂ, ਸੀਵਰੇਜ਼ ਲਾਈਨਾਂ ਅਤੇ ਪਾਣੀ ਦੇ ਨਿਕਾਸ ਲਈ ਸਫਾਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਹਰ ਸਾਲ ਮਾਨਸੂਨ ਦੇ ਆਗਮਨ ਤੋਂ ਪਹਿਲਾਂ ਇਸ ਤਰ੍ਹਾਂ ਦੇ ਨਾਲਿਆਂ ਦੀ ਤਿੰਨ ਤੋਂ ਚਾਰ ਵਾਰ ਸਫਾਈ ਕਰਵਾਈ ਜਾਂਦੀ ਹੈ, ਤਾਂ ਜੋ ਮੀਂਹ ਦੇ ਦਿਨਾਂ ਵਿੱਚ ਨਾਲਿਆਂ ਦੇ ਜਾਮ ਹੋਣ, ਪਾਣੀ ਖੜ੍ਹਾ ਹੋਣ ਜਾਂ ਹੋਰ ਕਿਸੇ ਕਿਸਮ ਦੀ ਸਮੱਸਿਆ ਪੈਦਾ ਨਾ ਹੋਵੇ। ਸਮੇਂ ਸਿਰ ਕੀਤੀ ਜਾ ਰਹੀ ਇਹ ਕਾਰਵਾਈ ਨਾ ਸਿਰਫ਼ ਲੋਕਾਂ ਨੂੰ ਰਾਹਤ ਦੇਵੇਗੀ, ਸਗੋਂ ਸ਼ਹਿਰ ਦੀ ਸਫਾਈ ਅਤੇ ਸੁੰਦਰਤਾ ਨੂੰ ਵੀ ਬਰਕਰਾਰ ਰੱਖੇਗੀ।ਸਫਾਈ ਮੁਹਿੰਮ ਦੌਰਾਨ ਕਰਮਚਾਰੀਆਂ ਵੱਲੋਂ ਨਾਲੇ ਵਿੱਚ ਜਮ੍ਹਾਂ ਹੋਈ ਗਾਦ, ਪਲਾਸਟਿਕ, ਕੂੜਾ-ਕਰਕਟ ਅਤੇ ਹੋਰ ਰੁਕਾਵਟਾਂ ਨੂੰ ਹਟਾਇਆ ਗਿਆ, ਜਿਸ ਨਾਲ ਪਾਣੀ ਦੀ ਨਿਕਾਸੀ ਸੁਚਾਰੂ ਬਣੇਗੀ। ਨਗਰ ਨਿਗਮ ਅਧਿਕਾਰੀਆਂ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਉਹ ਕੂੜਾ-ਕਰਕਟ ਨਾਲਿਆਂ ਵਿੱਚ ਨਾ ਸੁੱਟਣ ਅਤੇ ਸ਼ਹਿਰ ਨੂੰ ਸਾਫ਼-ਸੁਥਰਾ ਰੱਖਣ ਵਿੱਚ ਪ੍ਰਸ਼ਾਸਨ ਦਾ ਸਹਿਯੋਗ ਕਰਨ।ਇਸ ਮੌਕੇ ਮੇਅਰ ਕੁੰਦਨ ਗੋਗੀਆ ਤੋਂ ਇਲਾਵਾ ਇੰਸਪੈਕਟਰ ਇੰਦਰਜੀਤ ਸਿੰਘ, ਸਫਾਈ ਦਰੋਗਾ ਸੁਰਿੰਦਰ ਕੁਮਾਰ ਅਤੇ ਹੋਰ ਨਗਰ ਨਿਗਮ ਕਰਮਚਾਰੀ ਵੀ ਮੌਜੂਦ ਰਹੇ। ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਬਰਸਾਤਾਂ ਤੋਂ ਪਹਿਲਾਂ ਸ਼ਹਿਰ ਦੇ ਸਾਰੇ ਮੁੱਖ ਨਾਲਿਆਂ ਅਤੇ ਡਰੇਨਾਂ ਦੀ ਸਫਾਈ ਮੁਕੰਮਲ ਕਰ ਲਈ ਜਾਵੇਗੀ ਤਾਂ ਜੋ ਨਾਗਰਿਕਾਂ ਨੂੰ ਕਿਸੇ ਵੀ ਤਰ੍ਹਾਂ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਪਟਿਆਲਾ ਦੇ ਪੀਲੀਆ ਪ੍ਰਭਾਵਿਤ ਖੇਤਰ 'ਚ ਪੂਰੀ ਟੀਮ ਅਤੇ ਵਿਧਾਇਕ ਕੋਹਲੀ ਨਾਲ ਪਹੁੰਚੇ ਸਿਹਤ ਮੰਤਰੀ ਡਾ . ਬਲਬੀਰ ਸਿੰਘ

ਡੋਗਰਾ ਮੁਹੱਲੇ 'ਚ ਘਰ-ਘਰ ਸਰਵੇ ਅਤੇ ਮੈਡੀਕਲ ਕੈਂਪ ਜਾਰੀ, ਸਿਹਤ ਮੰਤਰੀ ਨੇ ਕੀਤੀ ਸਮੀਖਿਆ

ਪਟਿਆਲਾ, 12 ਜੂਨ (ਰੁਪਾਣਾ/ਅਮਰਜੀਤ) :ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਦੇ ਡੋਗਰਾ ਮੁਹੱਲਾ, ਸਰਹੰਦੀ ਗੇਟ ਵਿਖੇ ਪੀਲੀਆ (ਹੈਪਾਟਾਈਟਿਸ-ਏ) ਦੇ ਮਾਮਲਿਆਂ ਦੀ ਸੂਚਨਾ ਮਿਲਣ ਉਪਰੰਤ ਖੁਦ ਸਮੁੱਚੀ ਟੀਮ ਸਮੇਤ ਪ੍ਰਭਾਵਿਤ ਖੇਤਰ ਦਾ ਦੌਰਾ ਕਰਕੇ ਗੰਦੇ ਪਾਣੀ ਨਾਲ ਬੀਮਾਰ ਹੋਏ ਲੋਕਾਂ ਦੀ ਸਥਿਤੀ ਦਾ ਜਾਇਜ਼ਾ ਲਿਆ ਅਤੇ ਮੁਹੱਲਾ ਨਿਵਾਸੀਆਂ ਨਾਲ ਮੁਲਾਕਾਤ ਕੀਤੀ। ਇਸ ਮੌਕੇ ਉਨ੍ਹਾਂ ਦੇ ਨਾਲ ਪਟਿਆਲਾ ਸ਼ਹਿਰੀ ਦੇ ਵਿਧਾਇਕ ਅਜੀਤਪਾਲ ਸਿੰਘ ਕੋਹਲੀ, ਮੇਅਰ ਕੁੰਦਨ ਗੋਗੀਆ, ਨਗਰ ਨਿਗਮ ਕਮਿਸ਼ਨਰ ਪਰਮਜੀਤ ਸਿੰਘ , ਵਧੀਕ ਡਿਪਟੀ ਕਮਿਸ਼ਨਰ ਨਵਗੀਤ ਕੌਰ ਸੇਖੋਂ, ਜੁਆਇੰਟ ਕਮਿਸ਼ਨਰ ਮਨਦੀਪ ਰਾਣਾ, ਕਾਰਜਕਾਰੀ ਸਿਵਲ ਸਰਜਨ ਡਾ. ਕੁਸ਼ਲਦੀਪ ਕੌਰ ਅਤੇ ਨਗਰ ਨਿਗਮ ਤੇ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਵੀ ਮੌਜੂਦ ਸਨ। ਡਾ. ਬਲਬੀਰ ਸਿੰਘ ਨੇ ਦੱਸਿਆ ਕਿ ਹੁਣ ਤੱਕ ਪੀਲੀਆ (ਹੈਪਾਟਾਈਟਿਸ-ਏ) ਦੇ 15 ਮਾਮਲਿਆਂ ਦੀ ਪੁਸ਼ਟੀ ਹੋਈ ਹੈ ਅਤੇ 5 ਮਰੀਜ਼ ਹਸਪਤਾਲ ਵਿੱਚ ਦਾਖਲ ਹਨ ਅਤੇ ਡਾਕਟਰਾਂ ਦੀ ਨਿਗਰਾਨੀ ਹੇਠ ਇਲਾਜ ਅਧੀਨ ਹਨ, ਜਦਕਿ ਬਾਕੀ ਮਰੀਜ਼ਾਂ ਦਾ ਘਰ ਵਿੱਚ ਹੀ ਇਲਾਜ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਸਿਹਤ ਵਿਭਾਗ ਵੱਲੋਂ ਸਾਰੇ ਮਰੀਜ਼ਾਂ ਦੀ ਲਗਾਤਾਰ ਨਿਗਰਾਨੀ ਕੀਤੀ ਜਾ ਰਹੀ ਹੈ ਅਤੇ ਸਥਿਤੀ ਪੂਰੀ ਤਰ੍ਹਾਂ ਕਾਬੂ ਹੇਠ ਹੈ। ਉਨ੍ਹਾਂ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਪੰਜਾਬ ਸਰਕਾਰ ਇਸ ਸਥਿਤੀ 'ਤੇ ਪੂਰੀ ਤਰ੍ਹਾਂ ਨਜ਼ਰ ਰੱਖ ਰਹੀ ਹੈ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਹਰ ਲੋੜੀਂਦੀ ਸਿਹਤ ਸਹੂਲਤ ਮੁਹੱਈਆ ਕਰਵਾਈ ਜਾ ਰਹੀ ਹੈ। ਸਿਹਤ ਮੰਤਰੀ ਨੇ ਦੱਸਿਆ ਕਿ ਸਿਹਤ ਵਿਭਾਗ ਵੱਲੋਂ ਪਰਸੋਂ ਸ਼ਾਮ ਤੋਂ ਹੀ ਪ੍ਰਭਾਵਿਤ ਖੇਤਰ ਵਿੱਚ ਮੈਡੀਕਲ ਕੈਂਪ ਸਥਾਪਿਤ ਕਰ ਦਿੱਤਾ ਗਿਆ ਸੀ। ਇਸ ਦੇ ਨਾਲ ਹੀ ਆਸ਼ਾ ਵਰਕਰਾਂ ਅਤੇ ਏ.ਐੱਨ.ਐੱਮ. ਟੀਮਾਂ ਰਾਹੀਂ ਘਰ-ਘਰ ਸਰਵੇ ਕਰਕੇ ਲੋਕਾਂ ਦੀ ਸਿਹਤ ਦੀ ਨਿਗਰਾਨੀ ਕੀਤੀ ਜਾ ਰਹੀ ਹੈ। ਘਰਾਂ-ਘਰਾਂ ਵਿੱਚ ਕਲੋਰੀਨ ਗੋਲੀਆਂ ਅਤੇ ਓ.ਆਰ.ਐੱਸ. ਪੈਕਟ ਵੰਡੇ ਜਾ ਰਹੇ ਹਨ, ਤਾਂ ਜੋ ਬਿਮਾਰੀ ਦੇ ਹੋਰ ਫੈਲਾਅ ਨੂੰ ਰੋਕਿਆ ਜਾ ਸਕੇ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਜੇਕਰ ਪਾਣੀ ਵਿੱਚ ਬਦਬੂ, ਰੰਗ ਵਿੱਚ ਤਬਦੀਲੀ ਜਾਂ ਕਿਸੇ ਤਰ੍ਹਾਂ ਦੀ ਗੜਬੜ ਮਹਿਸੂਸ ਹੋਵੇ ਤਾਂ ਤੁਰੰਤ ਸਿਹਤ ਵਿਭਾਗ ਜਾਂ ਸਥਾਨਕ ਪ੍ਰਸ਼ਾਸਨ ਨੂੰ ਸੂਚਿਤ ਕੀਤਾ ਜਾਵੇ, ਤਾਂ ਜੋ ਪਾਣੀ ਦੇ ਨਮੂਨਿਆਂ ਦੀ ਜਾਂਚ ਕਰਕੇ ਸਮੇਂ ਸਿਰ ਕਾਰਵਾਈ ਕੀਤੀ ਜਾ ਸਕੇ। ਉਨ੍ਹਾਂ ਇਹ ਵੀ ਅਪੀਲ ਕੀਤੀ ਕਿ ਗੈਰ-ਕਾਨੂੰਨੀ ਪਾਣੀ ਕਨੈਕਸ਼ਨ ਨਾ ਕਰਵਾਏ ਜਾਣ ਅਤੇ ਟੁੱਲੂ ਪੰਪਾਂ ਦੀ ਵਰਤੋਂ ਤੋਂ ਗੁਰੇਜ਼ ਕੀਤਾ ਜਾਵੇ । ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਲੋਕਾਂ ਦੀ ਸਿਹਤ ਅਤੇ ਭਲਾਈ ਲਈ ਪੂਰੀ ਤਨਦੇਹੀ ਨਾਲ ਕੰਮ ਕਰ ਰਹੀ ਹੈ।

ਕੈਮਿਸਟਾਂ ਦੀਆਂ ਛੁੱਟੀਆਂ 'ਚ ਵੀਂ ਨਹੀਂ ਹੋਵੇਗੀ ਦਵਾਈਆਂ ਦੀ ਕਮੀ, ਐਸੋਸੀਏਸ਼ਨ ਵੱਲੋਂ ਵਿਸ਼ੇਸ਼ ਵਿਵਸਥਾ

ਸਮਾਣਾ, 12 ਜੂਨ (ਵਿਜੇ ਕੁਮਾਰ) : ਆਮ ਜਨਤਾ ਨੂੰ ਗਰਮੀ ਦੇ ਮੌਸਮ ਵਿੱਚ ਵੀ ਦਵਾਈਆਂ ਦੀ ਨਿਰੰਤਰ ਉਪਲੱਬਧਤਾ ਯਕੀਨੀ ਬਣਾਉਣ ਦੇ ਉਦੇਸ਼ ਨਾਲ ਕੇਮਿਸਟ ਐਸੋਸੀਏਸ਼ਨ ਸਮਾਣਾ ਨੇ ਸ਼ਹਿਰ ਦੇ ਕੈਮਿਸਟਾਂ ਲਈ ਗਰਮੀ ਦੀਆਂ ਛੁੱਟੀਆਂ ਦਾ ਐਲਾਨ ਕਰਦੇ ਹੋਏ ਵਿਸ਼ੇਸ਼ ਪ੍ਰਬੰਧ ਕੀਤੇ ਹਨ। ਐਸੋਸੀਏਸ਼ਨ ਨੇ ਸਾਰੀਆਂ ਕੇਮਿਸਟ ਦੁਕਾਨਾਂ ਨੂੰ 2 ਗਰੁੱਪਾਂ ਵਿੱਚ ਵੰਡਿਆ ਹੈ, ਤਾਂ ਜੋ ਛੁੱਟੀਆਂ ਦੌਰਾਨ ਵੀ ਸ਼ਹਿਰ ਵਿੱਚ ਲੋੜੀਂਦੀ ਗਿਣਤੀ ਵਿੱਚ ਮੈਡੀਕਲ ਸਟੋਰ ਖੁੱਲ੍ਹੇ ਰਹਿਣ ਅਤੇ ਮਰੀਜ਼ਾਂ ਨੂੰ ਕਿਸੇ ਕਿਸਮ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।ਕੈਮਿਸਟ ਐਸੋਸੀਏਸ਼ਨ ਸਮਾਣਾ ਦੇ ਚੇਅਰਮੈਨ ਸੁਰਿੰਦਰ ਜੈਨ, ਪ੍ਰਧਾਨ ਅਸ਼ੋਕ ਗੋਇਲ, ਸੀਨੀਅਰ ਅਹੁਦੇਦਾਰ ਨਰਿੰਦਰ ਸਿੰਘ ਵਾਲੀਆ, ਜਨਰਲ ਸਕੱਤਰ ਮਨੋਜ ਗੁਲਾਟੀ, ਵਿੱਤ ਸਕੱਤਰ ਧਰਮਿੰਦਰ ਗੋਇਲ ਅਤੇ ਪ੍ਰੈਸ ਸਕੱਤਰ ਭੀਮ ਲੂਥਰਾ ਨੇ ਸਾਂਝੇ ਤੌਰ 'ਤੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਪਹਿਲੇ ਗਰੁੱਪ (ਸਮੂਹ) ਦੇ ਕੇਮਿਸਟ 12, 13 ਅਤੇ 14 ਜੂਨ ਨੂੰ ਗਰਮੀ ਦੀਆਂ ਛੁੱਟੀਆਂ 'ਤੇ ਰਹਿਣਗੇ, ਜਦਕਿ ਦੂਜੇ ਗਰੁੱਪ ਦੀਆਂ ਦੁਕਾਨਾਂ 19, 20 ਅਤੇ 21 ਜੂਨ 2026 ਨੂੰ ਬੰਦ ਰਹਿਣਗੀਆਂ। ਉਨ੍ਹਾਂ ਦੱਸਿਆ ਕਿ ਐਸੋਸੀਏਸ਼ਨ ਨੇ ਇਹ ਵਿਵਸਥਾ ਪੂਰੀ ਯੋਜਨਾਬੰਦੀ ਨਾਲ ਬਣਾਈ ਹੈ, ਜਿਸ ਤਹਿਤ ਰੋਟੇਸ਼ਨ ਦੇ ਆਧਾਰ 'ਤੇ ਸ਼ਹਿਰ ਦੀਆਂ ਲਗਭਗ 50 ਕੈਮਿਸਟ ਦੁਕਾਨਾਂ ਨਿਯਮਿਤ ਰੂਪ ਵਿੱਚ ਖੁੱਲ੍ਹੀਆਂ ਰਹਿਣਗੀਆਂ। ਇਸ ਨਾਲ ਮਰੀਜ਼ਾਂ ਅਤੇ ਆਮ ਨਾਗਰਿਕਾਂ ਨੂੰ ਲੋੜੀਂਦੀਆਂ ਦਵਾਈਆਂ ਆਸਾਨੀ ਨਾਲ ਮਿਲਦੀਆਂ ਰਹਿਣਗੀਆਂ ਅਤੇ ਕਿਸੇ ਵੀ ਤਰ੍ਹਾਂ ਦੀ ਪਰੇਸ਼ਾਨੀ ਨਹੀਂ ਹੋਵੇਗੀ। ਇਸ ਤੋਂ ਇਲਾਵਾ, ਸਰਕਾਰੀ ਸਿਵਲ ਹਸਪਤਾਲ ਸਮਾਣਾ ਦੇ ਸਾਹਮਣੇ ਸਥਿਤ ਕੈਮਿਸਟ ਦੁਕਾਨਾਂ ਨੂੰ ਵੀ 2 ਗਰੁੱਪਾਂ ਵਿੱਚ ਵੰਡ ਕੇ ਵਾਰੀ-ਵਾਰੀ ਚਲਾਇਆ ਜਾਵੇਗਾ, ਤਾਂ ਜੋ ਹਸਪਤਾਲ ਆਉਣ ਵਾਲੇ ਮਰੀਜ਼ਾਂ ਨੂੰ ਤੁਰੰਤ ਦਵਾਈਆਂ ਮਿਲ ਸਕਣ। ਕੈਮਿਸਟ ਐਸੋਸੀਏਸ਼ਨ ਸਮਾਣਾ ਨੇ ਸ਼ਹਿਰ ਵਾਸੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਇਹ ਵਿਵਸਥਾ ਦੁਕਾਨਦਾਰਾਂ ਨੂੰ ਛੁੱਟੀ ਦੇਣ ਦੇ ਨਾਲ-ਨਾਲ ਲੋਕ ਸੇਵਾ ਨੂੰ ਵੀ ਸੁਚਾਰੂ ਬਣਾਈ ਰੱਖਣ ਲਈ ਕੀਤੀ ਗਈ ਹੈ। ਉਨ੍ਹਾਂ ਲੋਕਾਂ ਨੂੰ ਸਹਿਯੋਗ ਦੀ ਅਪੀਲ ਕਰਦਿਆਂ ਕਿਹਾ ਕਿ ਨਿਰਧਾਰਤ ਛੁੱਟੀਆਂ ਦੌਰਾਨ ਘਬਰਾਉਣ ਦੀ ਲੋੜ ਨਹੀਂ ਹੈ, ਕਿਉਂਕਿ ਲੋੜੀਂਦੀਆਂ ਦਵਾਈਆਂ ਦੀ ਉਪਲਬਧਤਾ ਲਈ ਲੋੜੀਂਦੇ ਮੈਡੀਕਲ ਸਟੋਰ ਖੁੱਲ੍ਹੇ ਰਹਿਣਗੇ।

ਮਾਤਾ-ਪਿਤਾ ਦੀ ਸੇਵਾ ਸਭ ਤੋਂ ਉਤਮ : ਸਵਾਮੀ ਡਾ. ਰਾਮ ਤੀਰਥ

ਸਮਾਣਾ, 12 ਜੂਨ (ਵਿਜੇ ਕੁਮਾਰ) : ਸ਼ਿਵ ਮੰਦਿਰ ਸਤਿਸੰਗ ਭਵਨ 'ਚ ਸ਼ਾਮ

ਸਮਾਜ ਸੇਵਾ ਆਸ਼ਰਮ ਵੱਲੋਂ ਕਰਵਾਏ ਜਾ ਰਹੇ ਸ਼੍ਰੀ ਮਦਭਾਗਵਤ ਕਥਾ ਸਪਤਾਹ ਦੇ ਛੇਵੇਂ ਦਿਨ ਸਵਾਮੀ ਡਾ: ਰਾਮ ਤੀਰਥ ਜੀ ਨੇ ਮਾਤਾ-ਪਿਤਾ ਦੀ ਸੇਵਾ ਨੂੰ ਸਭ ਤੋਂ ਉਤਮ ਸੇਵਾ ਦੱਸਿਆ। ਉਨ੍ਹਾਂ ਕਿਹਾ ਕਿ ਅੱਜ ਦੇ ਸਮੇਂ ਵਿਚ ਕਿਸੇ ਕੋਲ ਇਨ੍ਹਾਂ ਸਮਾਂ ਨਹੀ ਕਿ ਉਹ ਮਾਤਾ ਪਿਤਾ ਦੀ ਸੇਵਾ ਕਰ ਸਕੇ, ਜਦੋਂਕਿ ਬਜੁਰਗਾਂ ਤੋਂ ਸਾਨੂੰ ਇਕ ਚੰਗੀ ਸੇਧ ਮਿਲਦੀ ਹੈ। ਇਸ ਮੌਕੇ ਮਾਰਕੀਟ ਕਮੇਟੀ ਦੇ ਸਾਬਕਾ ਚੇਅਰਮੈਨ ਪ੍ਰਦਮਨ ਸਿੰਘ ਵਿਰਕ, ਨਲਿਨੀ ਚੋਪੜਾ, ਸੁਰਿੰਦਰ ਬਾਂਸਲ ਬੀਜਾਵਾਲੇ, ਇਸ਼ੂ ਵਧਵਾ,ਸਤੀ ਮਾਤਾ ਮੰਦਿਰ ਦੀ ਮਹਿਲਾ ਸੰਕੀਰਤਨ ਮੰਡਲੀ ਪ੍ਰਧਾਨ ਸ਼ੁਸਮਾ ਗਰਗ, ਸੀਤਾ ਰਾਮ ਗੁਪਤਾ ਤੋਂ ਇਲਾਵਾ ਵੱਡੀ ਗਿਣਤੀ ਵਿਚ ਸੰਗਤਾਂ ਨੇ ਸ਼ਮੂਲੀਅਤ ਕਰਕੇ ਸਵਾਮੀ ਜੀ ਤੋਂ ਅਸ਼ੀਰਵਾਦ ਲਿਆ।

ਤੇਜ਼ ਝੱਖੜ ਦਾ ਕਹਿਰ

ਬਿਜਲੀ ਦੇ ਦਰਜ਼ਨਾਂ ਖੰਭੇ ਡਿੱਗੇ,ਆਇਲ ਮਿੱਲ ਦਾ ਸ਼ੈੱਡ ਉੱਡਣ ਨਾਲ ਲੱਖਾਂ ਦਾ ਨੁਕਸਾਨ

ਸਮਾਣਾ, 12 ਜੂਨ (ਵਿਜੇ ਕੁਮਾਰ) : ਬੀਤੀ ਵੀਰਵਾਰ ਰਾਤ ਨੂੰ ਆਏ ਤੇਜ਼ ਹਨੇਰੀ-ਤੂਫ਼ਾਨ (ਝੱਖੜ) ਕਾਰਨ ਖੇਤਾਂ ਵਿੱਚ ਖੜ੍ਹੇ ਬਿਜਲੀ ਦੇ ਦਰਜਨਾਂ ਖੰਭੇ ਜ਼ਮੀਨਦੋਜ਼ ਹੋ ਗਏ, ਜਦੋਂਕਿ ਕਾਹਨਗੜ੍ਹ ਰੋਡ 'ਤੇ ਸਥਿਤ ਇੱਕ ਆਇਲ ਮਿੱਲ ਫੈਕਟਰੀ ਦੇ ਸ਼ੈੱਡ ਡਿੱਗ ਗਏ ਅਤੇ ਉਸ ਦੀਆਂ ਸਟੀਲ ਦੀਆਂ ਚਾਦਰਾਂ ਉੱਡ ਗਈਆਂ। ਇਸ ਹਾਦਸੇ ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋਣ ਦਾ ਖਦਸ਼ਾ ਹੈ। ਬਿਜਲੀ ਬੋਰਡ ਦੇ ਐਕਸੀਅਨ ਕੰਵਰਦੀਪ ਸਿੰਘ ਨੇ ਦੱਸਿਆ ਕਿ ਭਵਾਨੀਗੜ੍ਹ ਰੋਡ 'ਤੇ ਪੈਂਦੇ ਪਿੰਡ ਗਾਜੇਵਾਸ ਦੇ ਨੇੜੇ ਖੇਤਾਂ ਵਿੱਚ ਖੜ੍ਹੇ ਬਿਜਲੀ ਦੇ ਕਰੀਬ 18 ਖੰਭੇ

ਡਿੱਗਣ ਅਤੇ ਕੇਬਲ ਤਾਰਾਂ ਟੁੱਟਣ ਕਾਰਨ ਲੱਖਾਂ ਰੁਪਏ ਦਾ ਨੁਕਸਾਨ ਹੋਇਆ ਹੈ। ਦੂਜੇ ਪਾਸੇ, ਕਾਹਨਗੜ੍ਹ ਰੋਡ 'ਤੇ ਸਥਿਤ ਆਇਲ ਮਿੱਲ ਦੇ ਮਾਲਕ ਕਮਲ ਗਰਗ ਨੇ ਦੱਸਿਆ ਕਿ ਰਾਤ ਵੇਲੇ ਆਏ ਭਿਆਨਕ ਤੂਫ਼ਾਨ ਕਾਰਨ ਫੈਕਟਰੀ ਵਿੱਚ ਲੱਗੇ ਭਾਰੀ-ਭਰਕਮ ਸ਼ੈੱਡ ਹੇਠਾਂ ਡਿੱਗ ਗਏ ਅਤੇ ਕਈ ਸਟੀਲ ਦੀਆਂ ਚਾਦਰਾਂ ਹਵਾ ਵਿੱਚ ਉੱਡ ਗਈਆਂ, ਜਿਸ ਨਾਲ ਉਨ੍ਹਾਂ ਦਾ ਲੱਖਾਂ ਰੁਪਏ ਦਾ ਭਾਰੀ ਨੁਕਸਾਨ ਹੋਇਆ ਹੈ।

ਨਾਭਾ ਹਲਕੇ ਦੇ ਪਿੰਡਾਂ ਨੂੰ ਮਿਲੀ ਨਵੀਂ ਸੌਗਾਤ

ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਹਰੀ ਝੰਡੀ ਦੇ ਕੇ ਨਵੇਂ ਰੂਟ ਲਈ ਬੱਸ ਨੂੰ ਕੀਤਾ ਰਵਾਨਾ

ਨਾਭਾ, 12 ਜੂਨ (ਬਲਜਿੰਦਰ ਮਾਨ) : ਨਾਭਾ ਹਲਕੇ ਦੇ ਕਈ ਪਿੰਡਾਂ ਦੇ ਲੋਕਾਂ ਦੀ ਲੰਬੇ ਸਮੇਂ ਤੋਂ ਚੱਲੀ ਆ ਰਹੀ ਬੱਸ ਸੇਵਾਵਾਂ ਦੇ ਰੂਟ ਦੀ ਮੰਗ ਨੂੰ ਪੂਰਾ ਕਰਦੇ ਹੋਏ ਪੰਜਾਬ ਸਰਕਾਰ ਵੱਲੋਂ ਪਿੰਡ ਹੱਲਾ ਤੋਂ ਵਾਇਆ ਫਤਿਹਪੁਰ, ਕਾਲਸਨਾ, ਮੱਲੇਵਾਲ, ਅਗੌਲ, ਖੋਖ, ਕੋਟਲੀ, ਗੋਬਿੰਦਗੜ੍ਹ ਛੰਨਾਂ, ਭੋਜੋਮਾਜਰੀ ਅਤੇ ਅਲੌਹਰਾਂ ਖੁਰਦ ਤੋਂ ਨਾਭਾ ਸ਼ਹਿਰ ਤੱਕ ਨਵੇਂ ਬੱਸ ਰੂਟ ਦੀ ਸ਼ੁਰੂਆਤ ਕਰਦੇ ਹੋਏ ਹਲਕੇ ਦੇ ਨੌਜਵਾਨ ਆਗੂ ਅਤੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਜੱਸੀ ਸੋਹੀਆਂ ਵਾਲਾ ਨੇ ਅੱਜ ਪਿੰਡ ਗੋਬਿੰਦਗੜ੍ਹ ਛੰਨਾ ਤੋਂ ਬੱਸ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਇਸ ਮੌਕੇ ਉਪਰੋਕਤ ਪਿੰਡਾਂ ਦੇ ਲੋਕਾਂ ਵਲੋਂ ਚੇਅਰਮੈਨ ਜੱਸੀ ਸੋਹੀਆਂ ਵਾਲਾ ਅਤੇ ਸਰਕਾਰ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਗੱਲਬਾਤ ਕਰਦਿਆਂ ਚੇਅਰਮੈਨ ਜੱਸੀ

ਸੋਹੀਆਂ ਵਾਲਾ ਨੇ ਕਿਹਾ ਕਿ ਇਹ ਰੂਟ ਇਲਾਕੇ ਦੇ ਸੈਂਕੜੇ ਲੋਕਾਂ, ਵਿਦਿਆਰਥੀਆਂ, ਕਰਮਚਾਰੀਆਂ ਅਤੇ ਯਾਤਰੀਆਂ ਲਈ ਆਵਾਜਾਈ ਨੂੰ ਹੋਰ ਸੁਗਮ ਬਣਾਏਗਾ।

ਪਟਿਆਲਾ-ਆਸ/ਪਾਸ

152 ਹਾਈਵੇ ਨੇੜੇ ਖੜ੍ਹੇ ਪਾਣੀ ਨੇ ਲਈਆਂ ਡੇਢ ਦਰਜ਼ਨ ਦੁਧਾਰੂ ਮੱਝਾਂ ਦੀਆਂ ਜਾਨਾਂ

ਕੈਮੀਕਲ ਮਿਲੇ ਹੋਣ ਦਾ ਸ਼ੱਕ, ਪਸ਼ੂ ਪਾਲਕਾਂ ਦਾ ਲੱਖਾਂ ਦਾ ਨੁਕਸਾਨ

ਘਨੌਰ, 12 ਜੂਨ (ਰਾਜਿੰਦਰ ਸਿੰਘ ਕੰਬੋਜ): ਹਲਕਾ ਘਨੌਰ ਦੇ ਪਿੰਡ ਲੋਹਸਿੰਬਲੀ ਨੇੜੇ 152-ਡੀ ਹਾਈਵੇ 'ਤੇ ਉਸ ਸਮੇਂ ਸਨਸਨੀ ਫੈਲ ਗਈ ਜਦੋਂ ਸੜਕ ਕਿਨਾਰੇ ਖੜ੍ਹੇ ਪਾਣੀ ਨੂੰ ਪੀਣ ਤੋਂ ਬਾਅਦ ਡੇਢ ਦਰਜਨ ਦੇ ਕਰੀਬ ਦੁਧਾਰੂ ਮੱਝਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਘਟਨਾ ਨਾਲ ਪਸ਼ੂ ਪਾਲਕਾਂ ਅਤੇ ਇਲਾਕਾ ਵਾਸੀਆਂ ਵਿੱਚ ਭਾਰੀ ਚਿੰਤਾ ਅਤੇ ਰੋਸ ਪਾਇਆ ਜਾ ਰਿਹਾ ਹੈ।ਪ੍ਰਾਪਤ ਜਾਣਕਾਰੀ ਅਨੁਸਾਰ ਪਿੰਡ ਦੇ ਕੁਝ ਪਸ਼ੂਪਾਲਕ ਆਪਣੀਆਂ ਮੱਝਾਂ ਨੂੰ ਰੋਜਾਨਾ ਦੀ ਤਰਾਂ ਚਰਾਉਣ ਲਈ ਲੈ ਕੇ ਗਏ ਹੋਏ ਸਨ। ਇਸ ਦੌਰਾਨ ਮੱਝਾਂ ਨੇ 152-ਡੀ ਹਾਈਵੇ ਦੇ ਕਿਨਾਰੇ ਖੜ੍ਹੇ ਪਾਣੀ ਨੂੰ ਪੀ ਲਿਆ। ਪਾਣੀ ਪੀਣ ਤੋਂ ਕੁਝ ਸਮੇਂ ਬਾਅਦ ਹੀ ਮੱਝਾਂ ਦੀ ਹਾਲਤ ਵਿਗੜਣ ਲੱਗੀ ਅਤੇ ਉਹ ਇੱਕ-ਇੱਕ ਕਰਕੇ ਜ਼ਮੀਨ 'ਤੇ ਡਿੱਗਣ ਲੱਗੀਆਂ। ਦੇਖਦੇ

ਹੀ ਦੇਖਦੇ ਡੇਢ ਦਰਜਨ ਦੇ ਕਰੀਬ ਦੁਧਾਰੂ ਮੱਝਾਂ ਦੀ ਮੌਤ ਹੋ ਗਈ।ਸਥਾਨਕ ਲੋਕਾਂ ਅਤੇ ਪਸ਼ੂ ਪਾਲਕਾਂ ਦਾ ਸ਼ੱਕ ਹੈ ਕਿ ਹਾਈਵੇ ਦੇ ਨਾਲ ਖੜ੍ਹੇ ਪਾਣੀ ਵਿੱਚ ਕਿਸੇ ਤਰ੍ਹਾਂ ਦਾ ਕੈਮੀਕਲ ਜਾਂ ਜ਼ਹਿਰੀਲਾ ਪਦਾਰਥ ਮਿਲਿਆ ਹੋ ਸਕਦਾ ਹੈ, ਜਿਸ ਕਾਰਨ ਇਹ ਵੱਡਾ ਨੁਕਸਾਨ ਹੋਇਆ ਹੈ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਪਿੰਡ ਵਾਸੀਆਂ ਦੀ ਵੱਡੀ ਗਿਣਤੀ ਮੌਕੇ 'ਤੇ ਇਕੱਠੀ ਹੋ ਗਈ। ਮੱਝਾਂ ਦੀ ਅਚਾਨਕ ਮੌਤ ਨਾਲ ਪਸ਼ੂ ਪਾਲਕਾਂ ਨੂੰ ਲੱਖਾਂ ਰੁਪਏ ਦਾ ਆਰਥਿਕ ਨੁਕਸਾਨ ਹੋਇਆ ਹੈ। ਪਿੰਡ ਵਾਸੀਆਂ ਨੇ ਪ੍ਰਸ਼ਾਸਨ, ਪਸ਼ੂ ਪਾਲਣ ਵਿਭਾਗ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਤੋਂ ਮੰਗ ਕੀਤੀ ਹੈ ਕਿ ਖੜ੍ਹੇ ਪਾਣੀ ਦੇ ਨਮੂਨੇ ਲੈ ਕੇ ਤੁਰੰਤ ਜਾਂਚ ਕਰਵਾਈ ਜਾਵੇ ਅਤੇ ਮੱਝਾਂ ਦੀ ਮੌਤ ਦੇ ਅਸਲ ਕਾਰਨਾਂ ਦਾ ਪਤਾ ਲਗਾਇਆ ਜਾਵੇ। ਲੋਕਾਂ ਨੇ ਇਹ ਵੀ ਮੰਗ ਕੀਤੀ ਕਿ ਜੇਕਰ ਪਾਣੀ ਵਿੱਚ ਕਿਸੇ ਉਦਯੋਗਿਕ ਇਕਾਈ ਜਾਂ ਹੋਰ ਸਰੋਤ ਤੋਂ ਕੈਮੀਕਲ ਮਿਲੇ ਹੋਣ ਦੀ ਪੁਸ਼ਟੀ ਹੁੰਦੀ ਹੈ ਤਾਂ ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

ਤਪ ਅਸਥਾਨ ਰੋਹੀਸਰ ਸਾਹਿਬ ਵਿਖੇ ਗੁਰਮਿਤ ਸਮਾਗਮ 15 ਨੂੰ

ਨਾਭਾ, 12 ਜੂਨ (ਗੁਰਚਰਨ ਸਿੰਘ ਚੌਧਰੀਮਾਜਰਾ : ਰੋਹੀਸਰ ਤੇ ਗੁਰਦੁਆਰਾ ਸਾਹਿਬ ਸ੍ਰੀ ਗੁਰੂ ਗ੍ਰੰਥ ਮਾਲੋਵਾਲ ਤਪ ਅਸਥਾਨ ਸੰਤ ਸ੍ਰੀਮਾਨ ਕ੍ਰਿਪਾ ਸਿੰਘ ਜੀ ਦੀ ਯਾਦ ਵਿੱਚ 15ਜੂਨ ਨੂੰ ਹਰ ਸਾਲ ਦੀ ਤਰ੍ਹਾਂ ਮਨਾਇਆ ਜਾ ਰਿਹਾ ਹੈ। ਇਸ ਦੀ ਜਾਣਕਾਰੀ ਦਿੰਦਿਆਂ ਸੰਤ ਦਲਬਾਰਾ ਸਿੰਘ ਰੋਹੀਸਰ ਮਾਲਵਾਲ ਟਿੱਬੀ ਵਾਲਿਆਂ ਨੇ ਕਿਹਾ ਕਿ ਇਸ ਸਥਾਨ 'ਤੇ ਸੰਘਣੀ ਝਾੜੀ ਹੁੰਦੀ ਸੀ । ਸ੍ਰੀਮਾਨ ਸੰਤ ਕਿਰਪਾ ਸਿੰਘ ਜੀ ਨੇ ਇਸ ਝਾੜੀ ਵਿੱਚ ਬੈਠ ਕੇ ਬਹੁਤ ਸਮਾਂ ਤਪੱਸਿਆ ਕੀਤੀ। ਇਸ ਸਥਾਨ ਤੇ ਉਨ੍ਹਾਂ ਦੀ ਯਾਦ ਵਿੱਚ ਬਹੁਤ ਸੁੰਦਰ ਸਮਾਧ ਬਣੀ ਹੋਈ ਹੈ ਅਤੇ ਇਸ ਸਮੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਜ਼ੂਰੀ ਵਿੱਚ ਗੁਰਦੁਆਰਾ ਸਥਾਪਿਤ ਹੈ। ਸੰਤਾਂ ਦੇ ਸ਼ਰਧਾਲੂ ਜਿਨ੍ਹਾਂ ਦੀ ਸ਼ਰਧਾ ਪੂਰੀ ਹੁੰਦੀ ਹੈ, ਉਹ ਆਪਣੀ ਸ਼ਰਧਾ ਮੁਤਾਬਿਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ

ਅਖੰਡ ਪਾਠ ਕਰਵਾ ਕੇ ਭੋਗ ਪਾਉਂਦੇ ਹਨ ਅਤੇ ਇਸ ਸਥਾਨ 'ਤੇ ਲੜੀਵਾਰ ਅਖੰਡ ਪਾਠ ਹੁੰਦੇ ਹਨ। ਸੰਤ ਦਲਬਾਰਾ ਸਿੰਘ ਨੇ ਦੱਸਿਆ ਕਿ ਅਸੀਂ ਇਸ ਸਥਾਨ 'ਤੇ ਆਪਣੀ ਸੇਵਾ ਨਿਭਾ ਰਹੇ ਹਾਂ । ਹਰ ਸਾਲ ਉਨ੍ਹਾਂ ਦੀ ਯਾਦ ਵਿੱਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਖੰਡ ਪਾਠ ਕਰਵਾ ਕੇ ਭੋਗ ਪਾਏ ਜਾਂਦੇ ਹਨ। ਇਲਾਕੇ ਵਿੱਚੋਂ ਭਾਰੀ ਗਿਣਤੀ ਵਿੱਚ ਸੰਗਤਾਂ ਪਹੁੰਚ ਕੇ ਆਪਣੀ ਹਾਜ਼ਰੀ ਲਗਵਾਉਂਦੀਆਂ ਹਨ। ਇੰਟਰਨੈਸ਼ਨਲ ਚੈਰੀਟੇਬਲ ਰੂਹਾਨੀ ਮਿਸ਼ਨ ਦੇ ਮੁਖੀ ਸੰਤ ਦਲਬਾਰਾ ਸਿੰਘ ਨੇ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਵੱਡੇ ਹਾਲ ਦੀ ਸੇਵਾ ਚੱਲ ਰਹੀ । ਇਹ ਸੇਵਾ ਜਨਤਾ ਦੇ ਸਹਿਯੋਗ ਨਾਲ ਹੀ ਪੂਰੀ ਹੋਵੇਗੀ। ਸੰਗਤਾ ਲਈ ਮੈਡੀਕਲ ਕੈਂਪ ਵੀ ਲਾਇਆ ਜਾਵੇਗਾ ਅਤੇ ਗੁਰੂ ਕਾ ਲੰਗਰ ਸੰਗਤ ਲਈ ਅਤੁੱਟ ਵਰਤੇਗਾ।

ਪਹਿਲੀ ਵਾਰ ਪਾਣੀ ਛੱਡਦਿਆਂ ਹੀ ਟੁੱਟੀ ਨਹਿਰ, ਕਿਸਾਨਾਂ ਨੇ ਨਿਰਮਾਣ ਗੁਣਵੱਤਾ 'ਤੇ ਚੁੱਕੇ ਸਵਾਲ

ਸਮਾਣਾ, 12 ਜੂਨ (ਵਿਜੇ ਕੁਮਾਰ) : ਪਿੰਡ ਧਨੇਠਾ ਸ਼ਾਹਪੁਰ ਨੇੜੇ ਹਾਲ ਹੀ ਵਿੱਚ ਬਣੀ ਨਹਿਰ (ਖਾਲ) ਵਿੱਚ ਪਹਿਲੀ ਵਾਰ ਪਾਣੀ ਛੱਡਣ ਦੌਰਾਨ ਹੀ ਉਸ ਦਾ ਇੱਕ ਹਿੱਸਾ ਟੁੱਟ ਗਿਆ। ਇਸ ਘਟਨਾ ਤੋਂ ਬਾਅਦ ਕਿਸਾਨਾਂ ਨੇ ਨਿਰਮਾਣ ਕਾਰਜ ਦੀ ਗੁਣਵੱਤਾ 'ਤੇ ਸਵਾਲ ਚੁੱਕਦਿਆਂ ਠੇਕੇਦਾਰ ਅਤੇ ਸਬੰਧਤ ਵਿਭਾਗ ਖ਼ਿਲਾਫ਼ ਤਿੱਖਾ ਰੋਸ ਪ੍ਰਗਟਾਇਆ ਹੈ। ਕਿਸਾਨ ਨਿਰਮਲ ਸਿੰਘ ਪਿੰਡ ਸ਼ਾਹਪੁਰ ਅਤੇ ਕਿਸਾਨ ਯੂਨੀਅਨ ਦੇ ਪ੍ਰਧਾਨ ਗੁਰਵਿੰਦਰ ਸਿੰਘ ਨੇ ਦੱਸਿਆ ਕਿ ਨਹਿਰ ਵਿੱਚ ਕਰੀਬ ਡੇਢ ਫੁੱਟ ਪਾਣੀ ਛੱਡਿਆ ਗਿਆ ਸੀ, ਪਰ ਪਹਿਲੀ ਵਾਰ ਪਾਣੀ ਆਉਣ 'ਤੇ ਹੀ ਨਹਿਰ ਟੁੱਟ ਗਈ ਅਤੇ ਪਾਣੀ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਫੈਲ ਗਿਆ। ਇਸ ਕਾਰਨ ਕਿਸਾਨਾਂ ਦੀਆਂ ਜ਼ਮੀਨਾਂ ਅਤੇ ਹੋਰ ਜਾਇਦਾਦਾਂ ਦਾ ਨੁਕਸਾਨ ਹੋਇਆ ਹੈ। ਕਿਸਾਨਾਂ ਅਨੁਸਾਰ ਬਲਬੀਰ ਸਿੰਘ ਦੀ ਕੋਠੀ ਨੇੜੇ ਰੱਖਿਆ

ਸੀਮਿੰਟ ਵੀ ਪਾਣੀ ਕਾਰਨ ਖ਼ਰਾਬ ਹੋ ਗਿਆ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਨਿਰਮਾਣ ਕਾਰਜ ਦੌਰਾਨ ਉਨ੍ਹਾਂ ਨੂੰ ਭਰੋਸਾ ਦਿੱਤਾ ਗਿਆ ਸੀ ਕਿ ਨਹਿਰ ਵਿੱਚ ਉੱਚ ਗੁਣਵੱਤਾ ਵਾਲੀ ਸਮੱਗਰੀ ਦੀ ਵਰਤੋਂ ਕੀਤੀ ਜਾ ਰਹੀ ਹੈ, ਪਰ ਪਹਿਲੀ ਵਾਰ ਪਾਣੀ ਆਉਣ 'ਤੇ ਹੀ ਨਹਿਰ ਦਾ ਟੁੱਟ ਜਾਣਾ ਨਿਰਮਾਣ ਕਾਰਜ ਵਿੱਚ ਵੱਡੀਆਂ ਖਾਮੀਆਂ ਵੱਲ ਇਸ਼ਾਰਾ ਕਰਦਾ ਹੈ। ਕਿਸਾਨਾਂ ਨੇ ਖ਼ਦਸ਼ਾ ਪ੍ਰਗਟਾਇਆ ਕਿ ਜੇਕਰ ਨਹਿਰ ਦੀ ਦੁਬਾਰਾ ਮਜ਼ਬੂਤੀ ਨਾਲ ਮੁਰੰਮਤ ਨਾ ਕੀਤੀ ਗਈ ਤਾਂ ਭਵਿੱਖ ਵਿੱਚ ਫ਼ਸਲਾਂ ਦਾ ਵੀ ਭਾਰੀ ਨੁਕਸਾਨ ਹੋ ਸਕਦਾ ਹੈ। ਉਨ੍ਹਾਂ ਸਰਕਾਰ ਅਤੇ ਸਿੰਚਾਈ ਵਿਭਾਗ ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਈ ਜਾਵੇ, ਜ਼ਿੰਮੇਵਾਰ ਲੋਕਾਂ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ ਅਤੇ ਨਹਿਰ ਦਾ ਨਿਰਮਾਣ ਗੁਣਵੱਤਾ ਦੇ ਮਾਪਦੰਡਾਂ ਅਨੁਸਾਰ ਦੁਬਾਰਾ ਕਰਵਾਇਆ ਜਾਵੇ। ਕਿਸਾਨਾਂ ਨੇ ਕਿਹਾ ਕਿ ਜਿਸ ਨਹਿਰ ਨਾਲ ਖੇਤਾਂ ਨੂੰ ਸਿੰਚਾਈ ਦੀ ਸਹੂਲਤ ਮਿਲਣੀ ਸੀ, ਉਹੀ ਹੁਣ ਉਨ੍ਹਾਂ ਲਈ ਚਿੰਤਾ ਦਾ ਵਿਸ਼ਾ ਬਣ ਗਈ ਹੈ। ਉਨ੍ਹਾਂ ਪ੍ਰਸ਼ਾਸਨ ਤੋਂ ਜਲਦ ਤੋਂ ਜਲਦ ਇਸ ਸਮੱਸਿਆ ਦੇ ਹੱਲ ਦੀ ਮੰਗ ਕੀਤੀ ਹੈ।

ਨਸ਼ੇ ਦਾ ਸੇਵਨ ਕਰਨ 'ਤੇ ਮਾਮਲਾ ਦਰਜ

ਪਟਿਆਲਾ, 12 ਜੂਨ (ਵਿਨੋਦ ਸ਼ਰਮਾ) : ਥਾਣਾ ਲਾਹੌਰੀ ਗੇਟ ਪਟਿਆਲਾ ਪੁਲਿਸ ਨੇ ਕਥਿਤ ਦੋਸ਼ੀ ਮਹਿਲਾ ਮਨਿੰਦਰ ਕੌਰ ਵਾਸੀ ਪਿੰਡ ਥੂਹਾ ਥਾਣਾ ਸੰਭੂ ਹਾਲ ਵਾਸੀ ਸ਼ਗੁਣ ਵਿਹਾਰ ਰਿਸ਼ੀ ਕਲੋਨੀ ਪਟਿਆਲਾ ਵਿਰੁੱਧ ਮਾਮਲਾ ਦਰਜ ਕੀਤਾ ਹੈ। ਹੌਲਦਾਰ ਰਮਨਦੀਪ ਸਿੰਘ ਸਮੇਤ ਪੁਲਿਸ ਪਾਰਟੀ ਪੁੱਡਾ ਗਰਾਊਂਡ ਰਾਜਪੁਰਾ ਕਲੋਨੀ ਪਟਿਆਲਾ ਮੌਜੂਦ ਸੀ, ਜੋ ਕਥਿਤ ਦੋਸ਼ੀ ਨੂੰ ਸ਼ੱਕ ਦੇ ਅਧਾਰ ਪਰ ਰੋਕ ਕੇ ਚੈਕ ਕਰਨ ਪਰ ਉਸਦਾ ਨਸ਼ਾ ਕੀਤਾ ਜਾਪਦਾ ਪਾਇਆ ਗਿਆ।

ਵਾਰਡ ਨੰਬਰ 9 'ਚ ਮਾਵਾਂ-ਭੈਣਾਂ ਲਈ ਸਤਿਕਾਰ ਸਕੀਮ ਤਹਿਤ ਭਰੇ ਫਾਰਮ

ਨਾਭਾ, 12 ਜੂਨ (ਬਲਜਿੰਦਰ ਮਾਨ) : ਪੰਜਾਬ ਵਿੱਚ ਸਮਾਜ ਦੇ ਹਰ

ਵਰਗ ਨੂੰ ਬਿਨਾਂ ਕਿਸੇ ਭੇਦ ਭਾਵ ਦੇ ਅਨੇਕਾਂ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਜਿਸ ਕਾਰਨ ਪੰਜਾਬ ਦੇ ਲੋਕ ਸਰਕਾਰ ਦੀਆਂ ਲੋਕ ਭਲਾਈ ਨੀਤੀਆਂ ਤੋਂ ਪੂਰੀ ਤਰ੍ਹਾਂ ਖੁਸ਼ ਅਤੇ ਸੰਤੁਸ਼ਟ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਵਾਰਡ ਨੰ: 9 ਤੋਂ ਆਮ ਆਦਮੀ ਪਾਰਟੀ ਦੀ ਸੇਵਾਦਾਰ ਸੁਧਾ ਨੌਕਵਾਲ ਅਤੇ ਉਨ੍ਹਾਂ ਦੇ ਪਤੀ ਸਮਾਜ ਸੇਵੀ ਰਾਜ ਕੁਮਾਰ ਨੌਕਵਾਲ ਠੇਕੇਦਾਰ ਵੱਲੋਂ ਮਾਵਾਂ ਅਤੇ ਭੈਣਾਂ ਦਾ ਸਤਿਕਾਰ ਸਕੀਮ ਤਹਿਤ ਵਿਸ਼ੇਸ਼ ਤੌਰ 'ਤੇ ਫਾਰਮ ਭਰਨ ਮੌਕੇ ਕੀਤਾ ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਲੋਕਾਂ ਨਾਲ ਜੋ ਵੀ ਵਾਅਦੇ ਕੀਤੇ ਗਏ ਸਨ, ਉਨ੍ਹਾਂ ਨੂੰ ਇਕ-ਇਕ ਕਰਕੇ ਪੂਰਾ ਕੀਤਾ ਗਿਆ, ਜਿਸ ਕਾਰਨ ਪੰਜਾਬ ਦੇ ਲੋਕ 2027 ਵਿਚ ਮੁੜ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਉਤਾਵਲੇ ਹਨ।ਉਨ੍ਹਾਂ ਕਿਹਾ ਕਿ ਜੋ ਕੰਮ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਕੀਤਾ ਹੈ। ਉਹ ਪੰਜਾਬ ਦੀ ਇਤਿਹਾਸ ਵਿਚ ਕੋਈ ਵੀ ਸਰਕਾਰ ਨਹੀਂ ਕਰ ਸਕੇਗੀ। ਇਸ ਮੌਕੇ ਮੁਹੱਲਾ ਵਾਸੀ ਵੱਡੀ ਗਿਣਤੀ 'ਚ ਹਾਜ਼ਰ ਸਨ ।

ਝੱਖੜ ਤੇ ਮੀਂਹ ਨੇ ਮਚਾਈ ਤਬਾਹੀ, ਬਿਜਲੀ, ਇੰਟਰਨੈਟ ਸੇਵਾਵਾਂ ਠੱਪ, ਸਾਈਨ ਬੋਰਡ ਵੀ ਨੁਕਸਾਨੇ

ਘਨੌਰ, 12 ਜੂਨ (ਰਾਜਿੰਦਰ ਸਿੰਘ ਕੰਬੋਜ/ਮਦਨ ਲਾਲ) : ਬੀਤੀ ਰਾਤ ਆਏ ਤੇਜ਼ ਝੱਖੜ ਅਤੇ ਮੀਂਹ ਨੇ ਹਲਕਾ ਘਨੌਰ ਦੇ ਪਿੰਡ ਸਰਾਲਾ ਖੁਰਦ, ਘਨੌਰ, ਮਰਦਾਂਪੁਰ, ਲੋਹਸਿੰਬਲੀ ਅਤੇ ਦਰਜ਼ਨਾਂ ਹੋਰ ਪਿੰਡਾਂ ਵਿੱਚ ਭਾਰੀ ਤਬਾਹੀ ਮਚਾ ਦਿੱਤੀ। ਤੇਜ਼ ਹਵਾਵਾਂ ਕਾਰਨ ਬਿਜਲੀ ਦੇ ਦਰਜਨਾਂ ਖੰਭੇ ਡਿੱਗ ਗਏ, ਜਦਕਿ ਕਈ ਥਾਵਾਂ 'ਤੇ ਬਿਜਲੀ ਦੀਆਂ ਤਾਰਾਂ ਟੁੱਟ ਗਈਆਂ। ਇਸ ਕਾਰਨ ਪੂਰੇ ਇਲਾਕੇ ਵਿੱਚ ਬਿਜਲੀ ਸਪਲਾਈ ਅਤੇ ਇੰਟਰਨੈਟ ਸੇਵਾਵਾਂ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਗਈਆਂ ਹਨ।ਝੱਖੜ ਦੀ ਰਫ਼ਤਾਰ ਇੰਨੀ ਜ਼ਿਆਦਾ ਸੀ ਕਿ ਘਨੌਰ ਕਾਮੀ ਸੜਕ 'ਤੇ ਲੱਗਿਆ ਵੱਡਾ ਦਿਸ਼ਾ-ਸੂਚਕ (ਸਾਈਨ) ਬੋਰਡ ਵੀ ਆਪਣੀ ਜਗ੍ਹਾ ਤੋਂ ਉਖੜ ਕੇ ਇੱਕ ਪਾਸੇ ਝੁਕ ਗਿਆ। ਇਹ ਬੋਰਡ ਆਵਾਜਾਈ ਲਈ ਮਹੱਤਵਪੂਰਨ ਨਿਸ਼ਾਨੀ ਮੰਨਿਆ ਜਾਂਦਾ ਹੈ। ਇਸ ਦੇ ਨੁਕਸਾਨ ਹੋਣ ਨਾਲ ਸੜਕ ਸੁਰੱਖਿਆ ਨੂੰ ਵੀ ਖਤਰਾ ਪੈਦਾ ਹੋ ਗਿਆ ਹੈ। ਇਸ ਤੋਂ ਇਲਾਵਾ ਕਈ ਥਾਵਾਂ 'ਤੇ ਦਰੱਖਤ ਅਤੇ ਹੋਰ ਢਾਂਚੇ ਵੀ ਨੁਕਸਾਨੇ ਗਏ ਹਨ। ਬਿਜਲੀ ਦੇ ਖੰਭੇ ਡਿੱਗਣ ਕਾਰਨ ਬਿਜਲੀ ਸਪਲਾਈ ਪੂਰੀ ਤਰ੍ਹਾਂ ਠੱਪ ਹੋ ਗਈ, ਜਿਸ ਨਾਲ ਮੋਬਾਈਲ ਟਾਵਰਾਂ ਅਤੇ ਬ੍ਰਾਡਬੈਂਡ ਸੇਵਾਵਾਂ 'ਤੇ ਵੀ ਅਸਰ ਪਿਆ। ਇੰਟਰਨੈਟ ਬੰਦ ਹੋਣ ਕਾਰਨ ਬੈਂਕਾਂ, ਸੇਵਾ ਕੇਂਦਰਾਂ, ਸਰਕਾਰੀ ਦਫ਼ਤਰਾਂ ਅਤੇ ਹੋਰ ਵਪਾਰਕ ਅਦਾਰਿਆਂ ਦਾ ਕੰਮ ਪ੍ਰਭਾਵਿਤ ਹੋ ਗਿਆ ਹੈ। ਆਨਲਾਈਨ ਲੈਣ-ਦੇਣ, ਬੈਂਕਿੰਗ ਸੇਵਾਵਾਂ ਅਤੇ ਸਰਕਾਰੀ ਕੰਮਕਾਜ ਵਿੱਚ ਰੁਕਾਵਟ ਆਉਣ ਕਾਰਨ ਲੋਕਾਂ ਨੂੰ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਗਰਮੀ ਦੇ ਇਸ ਮੌਸਮ ਵਿੱਚ ਬਿਜਲੀ ਨਾ ਹੋਣ ਕਾਰਨ ਲੋਕਾਂ ਦੀਆਂ ਮੁਸ਼ਕਲਾਂ ਹੋਰ ਵੱਧ ਗਈਆਂ ਹਨ। ਪੀਣ ਵਾਲੇ ਪਾਣੀ ਦੀ ਸਪਲਾਈ ਵੀ ਪ੍ਰਭਾਵਿਤ ਹੋਈ ਹੈ ਕਿਉਂਕਿ ਵਾਟਰ ਵਰਕਸ ਅਤੇ ਮੋਟਰਾਂ ਬਿਜਲੀ 'ਤੇ ਨਿਰਭਰ ਹਨ। ਕਈ ਘਰਾਂ ਵਿੱਚ ਇਨਵਰਟਰ ਵੀ ਜਵਾਬ ਦੇ ਗਏ ਹਨ, ਜਿਸ ਕਾਰਨ ਲੋਕਾਂ ਨੂੰ ਹਨੇਰੇ ਅਤੇ ਗਰਮੀ ਵਿੱਚ ਸਮਾਂ ਬਿਤਾਉਣਾ ਪੈ ਰਿਹਾ ਹੈ।ਸਥਾਨਕ ਲੋਕਾਂ ਨੇ ਪ੍ਰਸ਼ਾਸਨ ਅਤੇ ਬਿਜਲੀ ਵਿਭਾਗ ਤੋਂ ਮੰਗ ਕੀਤੀ ਹੈ ਕਿ ਡਿੱਗੇ ਹੋਏ ਖੰਭਿਆਂ, ਟੁੱਟੀਆਂ ਤਾਰਾਂ ਅਤੇ ਨੁਕਸਾਨੇ ਗਏ ਸਾਈਨ ਬੋਰਡਾਂ ਦੀ ਮੁਰੰਮਤ ਜੰਗੀ ਪੱਧਰ 'ਤੇ ਕਰਵਾਈ ਜਾਵੇ ਤਾਂ ਜੋ ਆਮ ਜਨਜੀਵਨ ਮੁੜ ਪਟੜੀ 'ਤੇ ਆ ਸਕੇ।ਇਸ ਦੌਰਾਨ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਬਿਜਲੀ ਕਾਮੇ ਸਵੇਰ ਤੋਂ ਹੀ ਜੰਗੀ ਪੱਧਰ 'ਤੇ ਬਿਜਲੀ ਸਪਲਾਈ ਬਹਾਲ ਕਰਨ ਦੇ ਕੰਮ ਵਿੱਚ ਜੁਟੇ ਨਜ਼ਰ ਆਏ। ਕੜੱਕਦੀ ਧੁੱਪ ਅਤੇ ਗਰਮੀ ਦੇ ਬਾਵਜੂਦ ਕਾਮੇ ਡਿੱਗੇ ਹੋਏ ਖੰਭਿਆਂ ਨੂੰ ਖੜ੍ਹਾ ਕਰਨ, ਟੁੱਟੀਆਂ ਤਾਰਾਂ ਨੂੰ ਜੋੜਨ ਅਤੇ ਨੁਕਸਾਨੇ ਗਏ ਉਪਕਰਨਾਂ ਦੀ ਮੁਰੰਮਤ ਕਰਨ ਵਿੱਚ ਲੱਗੇ ਰਹੇ। ਸਥਾਨਕ ਲੋਕਾਂ ਨੇ ਵੀ ਬਿਜਲੀ ਮੁਲਾਜ਼ਮਾਂ ਦੀ ਮਿਹਨਤ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕਰਮਚਾਰੀ ਲਗਾਤਾਰ ਸੇਵਾਵਾਂ ਬਹਾਲ ਕਰਨ ਲਈ ਯਤਨਸ਼ੀਲ ਹਨ।

ਐਡਵਾਇਜ਼ਰੀ ਕਮੇਟੀ ਵੱਲੋਂ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਦੇ ਪੁਨਰਨਿਰਮਾਣ ਤੇ ਸੁੰਦਰੀਕਰਨ ਕਾਰਜਾਂ ਦਾ ਜਾਇਜ਼ਾ

➤ਸ਼ਰਧਾਲੂਆਂ ਲਈ ਮੰਦਰ ਦਾ ਅਧਿਆਤਮਕ ਮਾਹੌਲ ਹੋਰ ਵੀ ਬਣੇਗਾ ਸ਼ਾਨਦਾਰ: ਰੱਖੜਾ

ਪਟਿਆਲਾ, 12 ਜੂਨ (ਰੁਪਾਣਾ) : ਪਟਿਆਲਾ ਦੇ ਮਾਤਾ ਸ੍ਰੀ ਕਾਲੀ ਦੇਵੀ ਮੰਦਰ ਵਿਖੇ ਚੱਲ ਰਹੇ ਸੁੰਦਰੀਕਰਨ ਅਤੇ ਵਿਕਾਸ ਕਾਰਜਾਂ ਦਾ ਜਾਇਜ਼ਾ ਲੈਣ ਪੁੱਜੀ ਮੰਦਰ ਐਡਵਾਇਜਰੀ ਕਮੇਟੀ ਦੇ ਮੈਂਬਰਾਂ ਸੀਏ ਅਜੇ ਅਲੀਪੁਰੀਆ, ਸੰਜੇ ਸਿੰਗਲਾ ਤੇ ਡਾ. ਰਾਜ ਗੁਪਤਾ ਦੇ ਨਾਲ ਸਾਬਕਾ ਮੰਤਰੀ ਤੇ ਸੀਨੀਅਰ 'ਆਪ' ਆਗੂ ਸੁਰਜੀਤ ਸਿੰਘ ਰੱਖੜਾ, ਨਗਰ ਨਿਗਮ ਦੇ ਮੇਅਰ ਕੁੰਦਨ ਗੋਗੀਆ, ਪਟਿਆਲਾ ਦੀ ਧਾਰਮਿਕ ਅਨੀਸ਼ ਸ਼ਖ਼ਸੀਅਤ ਮੰਗਲਾ, ਸਤਨਾਮ ਹਸੀਜਾ, ਪਰਵੀਨ ਜਿੰਦਲ ਅਤੇ ਪ੍ਰਸ਼ਾਸਨਿਕ ਅਧਿਕਾਰੀ ਵੀ ਮੌਜੂਦ ਸਨ। ਮੰਦਰ ਦਾ ਵਿਸ਼ੇਸ਼ ਦੌਰਾ ਕਰਦਿਆਂ ਕਮੇਟੀ ਮੈਂਬਰਾਂ ਤੇ ਸੁਰਜੀਤ ਸਿੰਘ ਰੱਖੜਾ ਨੇ ਕਿ